ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 5 | 10 February 2021 to 16 February 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

### ਮਾਮਲਾ ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਦਾ

# ਦੀਪ ਸਿੱਧੂ ਗ੍ਰਿਫਤਾਰ, ਸੱਤ ਦਿਨਾ ਪੁਲੀਸ ਰਿਮਾਂਡ ‘ਤੇ ਭੇਜਿਆ

## ✪ ਅਸੀਂ ਆਪਣਾ ਹੰਕਾਰ ਤੇ ਆਪਸੀ ਗੁੱਸੇ ਗਿੱਲੇ ਛੱਡ ਕੇ ਇੱਕ ਹੋਈਏ, ਕਿਉਂਕਿ ਇਹ ਪੂਰੇ ਪੰਜਾਬ ਦਾ ਮਸਲਾ ਹੈ- ਦੀਪ ਸਿੱਧੂ ✪ ਅਕਾਲ ਤਖਤ ਦੇ ਜਥੇਦਾਰ ਸਿੱਖ ਨੌਜਵਾਨਾਂ ਦੇ ਹੱਕ ਵਿਚ ਡਟੇ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਦੀ ਤੀਸ ਹਜ਼ਾਰੀ ਅਦਾਲਤ ਨੇ ਬੀਤੇ ਮੰਗਲਵਾਰ ਨੂੰ ਗਣਤੰਤਰ ਦਿਹਾੜੇ ਮੌਕੇ ਦਿੱਲੀ ਵਿਚ ਕਿਸਾਨ ਪਰੇਡ ਦੌਰਾਨ ਵਾਪਰੀਆਂ ਘਟਨਾਵਾਂ ਦੇ ਮਾਮਲੇ ‘ਚ ਪੰਜਾਬੀ ਅਦਾਕਾਰ-ਕਾਰਜਕਰਤਾ ਦੀਪ ਸਿੱਧੂ ਨੂੰ ਸੱਤ ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਸਿੱਧੂ ਨੂੰ ਤੀਸ ਹਜਾਰੀ ਕੋਰਟ ਵਿੱਚ ਮੈਟਰੋਪੋਲੀਟਨ ਮੈਜਿਸਟਰੇਟ ਪ੍ਰਗਿਆ ਗੁਪਤਾ ਸਾਹਮਣੇ ਪੇਸ ਕੀਤਾ ਗਿਆ। ਪੁਲਿਸ ਨੇ ਦੀਪ ਸਿੱਧੂ ਲਈ 10 ਦਿਨਾਂ ਦੀ ਪੁਲੀਸ ਹਿਰਾਸਤ ਦੀ ਮੰਗ ਕੀਤੀ ਸੀ, ਜਿਸਦਾ ਸਿੱਧੂ ਦੇ ਵਕੀਲਾਂ ਨੇ ਵਿਰੋਧ ਕੀਤਾ ਸੀ। ਪੁਲਿਸ ਨੇ ਇਸ ਆਧਾਰ ‘ਤੇ ਉਸ ਦਾ ਰਿਮਾਂਡ ਮੰਗਿਆ ਕਿ ਮੁੰਬਈ, ਪੰਜਾਬ ਅਤੇ ਹਰਿਆਣਾ ਦੀਆਂ ਥਾਵਾਂ ਦਾ ਦੌਰਾ ਕਰਨਾ ਜਰੂਰੀ ਸੀ, ਕਿਉਂਕਿ ਫੋਨ ਕਾਲਾਂ ਇਥੋਂ ਆ ਰਹੀਆਂ ਸਨ। ਪੁਲਿਸ ਨੇ ਅਦਾਲਤ ਨੂੰ ਕਿਹਾ ਕਿ ਉਸ ਦੇ ਮੋਬਾਈਲ ਫੋਨ ਦੀ ਪੂਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਦੀਪ ਸਿੱਧੂ ਨਾਲ ਜੁੜੇ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾਣਾ ਹੈ। ਅਦਾਲਤ ਨੂੰ ਪੁਲੀਸ ਵਲੋਂ ਦਸਿਆ ਗਿਆ ਕਿ ਸਿੱਧੂ ਇਸ ਕੇਸ ਵਿੱਚ ਮੁੱਖ ਦੋਸੀ ਹੈ। ਪੁਲੀਸ ਨੇ ਸਿੱਖਾਂ ਦੇ ਰਵਾਇਤੀ ਸ਼ਸਤਰਾਂ ਨੂੰ ਹਥਿਆਰ ਬਣਾ ਕੇ ਅਦਾਲਤ ਨੂੰ ਦਖਾਉਂਦਿਆਂ ਵੀਡੀਓ ਪੇਸ਼ ਕਰਦਿਆਂ ਕਿਹਾ ਕਿ ਦੀਪ ਸਿੱਧੂ ਆਪਣੇ ਹਥਿਆਰ ਬੰਦ ਸਮਰਥਕਾਂ ਨਾਲ ਲਾਲ ਕਿਲ੍ਹੇ ਵਿਚ ਦਾਖਲ ਹੁੰਦਾ ਦਿਖਾਈ ਦੇ ਰਿਹਾ ਹੈ ਜਿਹਨਾਂ ਕੋਲ ਕੇਸਰੀ ਝੰਡੇ ਸਨ। ਉਹ ਉਨ੍ਹਾਂ ਰੈਂਪਾਂ ‘ਤੇ ਚੜ੍ਹ ਗਿਆ ਜਿੱਥੇ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਸੀ। ਪੁਲੀਸ ਨੇ ਅਦਾਲਤ ਵਿਚ ਦੋਸ਼ ਲਾਇਆ ਕਿ ਵੀਡੀਓ ਫਿਲਮਾਂ ਤੋਂ ਪਤਾ ਚਲਦਾ ਹੈ ਕਿ ਦੀਪ ਨੇ ਲਾਲ ਕਿਲ੍ਹੇ ਵਿਚ ਹਿੰਸਾ ਭੜਕਾਈ ਸੀ।

ਸਿੱਧੂ ਦੀ ਨੁਮਾਇੰਦਗੀ ਕਰ ਰਹੇ ਵਕੀਲ ਨੇ ਪੁਲਿਸ ਵੱਲੋਂ ਦਾਇਰ ਰਿਮਾਂਡ ਅਰਜੀਆਂ ਦਾ ਵਿਰੋਧ ਕਰਦਿਆਂ ਕਿਹਾ ਕਿ ਉਸ ਦਾ ਮੁਵੱਕਲ ਗਲਤ ਸਮੇਂ ਗਲਤ ਜਗ੍ਹਾ ‘ਤੇ ਸੀ। ਅਜਿਹਾ ਉਸਨੇ ਕੁਝ ਨਹੀਂ ਕੀਤਾ।

ਇਥੇ ਜਿਕਰਯੋਗ ਹੈ ਕਿ ਗਣਤੰਤਰ ਦਿਹਾੜੇ ਮੌਕੇ ਦਿੱਲੀ ਵਿੱਚ ਹੋਈ ਹਿੰਸਾ ਮਗਰੋਂ ਦੋ ਨਾਮ ਕਾਫੀ ਚਰਚਾ ਵਿੱਚ ਹਨ। ਇਹ ਨਾਮ ਹਨ ਦੀਪ ਸਿੱਧੂ ਤੇ ਲੱਖਾ ਸਿਧਾਣਾ। ਫਿਲਹਾਲ ਦਿੱਲੀ ਪੁਲਿਸ ਨੇ ਦੀਪ ਸਿੱਧੂ ਨੂੰ ਹਰਿਆਣਾ ਦੇ ਕਰਨਾਲ



**ਗ੍ਰਿਫਤਾਰੀ ਤੋਂ ਪਹਿਲਾਂ ਸਿਧੂ ਲਾਈਵ**

“ਅਸੀਂ ਆਪਣਾ ਹੰਕਾਰ ਤੇ ਆਪਸੀ ਗੁੱਸੇ ਗਿੱਲੇ ਛੱਡ ਕੇ ਇੱਕ ਹੋਈਏ ਕਿਉਂਕਿ ਇਹ ਪੂਰੇ ਪੰਜਾਬ ਦਾ ਮਸਲਾ ਹੈ। ਮੈਂ ਪੰਜਾਬ, ਹਰਿਆਣਾ, ਰਾਜਸਥਾਨ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰਾ ਸਾਥ ਦਿੱਤਾ ਹੈ। ਬਹੁਤ ਨੌਜਵਾਨਾਂ ਨੇ ਮਾਰਚ ਕੱਢੇ ਤੇ ਮੇਰੇ ਹੱਕ ਵਿੱਚ ਵੀ ਬੋਲਿਆ। ਮੈਂ ਸਭ ਦਾ ਧੰਨਵਾਦ ਕਰਦਾ ਹੈ।“ – **ਦੀਪ ਸਿੱਧੂ**

ਤੋਂ ਗ੍ਰਿਫਤਾਰ ਕੀਤਾ ਸੀ। ਚੇਤੇ ਰਹੇ ਕਿ ਦਿੱਲੀ ਪੁਲੀਸ ਨੇ ਸਿੱਧੂ ਤੇ 3 ਹੋਰਨਾਂ ਕਿਸਾਨਾਂ ਦੀ ਗ੍ਰਿਫਤਾਰੀ ਲਈ 1 ਲੱਖ ਰੁਪਏ ਦਾ ਇਨਾਮ ਐਲਾਨਿਆ ਸੀ। ਦੀਪ ਸਿੱਧੂ ਉੱਤੇ 26 ਜਨਵਰੀ ਨੂੰ ਦਿੱਲੀ ‘ਚ ਕਿਸਾਨਾਂ ਵੱਲੋਂ ਕੱਢੇ ਟਰੈਕਟਰ ਮਾਰਚ ਦੌਰਾਨ ਕਿਸਾਨਾਂ ਨੂੰ ਭੜਕਾਉਣ ਤੇ ਲਾਲ ਕਿਲੇ ਵਿਚ ਦਾਖਲ ਹੋ ਕੇ ਕੇਸਰੀ ਝੰਡਾ ਲਹਿਰਾਉਣ ਦਾ ਦੋਸ ਹੈ। ਇਥੇ ਜਿਕਰਯੋਗ ਹੈ ਕਿ 26 ਜਨਵਰੀ ਨੂੰ ਕਿਸਾਨਾਂ ਨੇ ਰੋਸ ਵਜੋਂ ਕੇਸਰੀ ਨਿਸ਼ਾਨ ਸਾਹਿਬ ਅਤੇ ਕਿਸਾਨ ਯੂਨੀਅਨ ਦਾ ਝੰਡਾ ਲਾਲ ਕਿਲੇ ਦੀ ਫਸੀਲ ‘ਤੇ ਚੜ੍ਹਾ ਦਿੱਤਾ ਸੀ। ਜਦੋਂ ਇਹ ਘਟਨਾਕ੍ਰਮ ਵਾਪਰ ਰਿਹਾ ਸੀ ਤਾਂ ਅਦਾਕਾਰ ਅਤੇ ਕਿਸਾਨ ਅੰਦੋਲਨ ਵਿੱਚ ਸਰਗਰਮ ਰਹੇ ਦੀਪ ਸਿੱਧੂ ਵੀ ਉੱਥੇ ਮੌਜੂਦ ਸਨ ਤੇ ਉਹਨਾਂ ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਨਾਅਰੇਬਾਜੀ ਵੀ ਕੀਤੀ, ਲੈਕਚਰ ਵੀ ਕੀਤਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਗ੍ਰਿਫਤਾਰੀ ਤੋਂ ਪਹਿਲਾਂ ਦੀਪ ਸਿੱਧੂ ਨੇ ਗੁਰਦੁਆਰੇ ਮੱਥਾ ਟੇਕਿਆ ਸੀ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਦੀਪ ਸਿੱਧੂ ਬਿਹਾਰ ਦੇ ਪੂਰਨੀਆ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਥੇ ਉਸਦਾ ਪਰਿਵਾਰ ਰਹਿੰਦਾ ਹੈ। ਕਿਹਾ ਜਾ ਰਿਹਾ ਹੈ ਕਿ ਪੁਲਿਸ ਦੇ ਵਿਸੇਸ ਸੈੱਲ ਨੇ ਬਿਹਾਰ, ਮੁੰਬਈ, ਰਾਂਚੀ, ਹਿਮਾਚਲ ਤੇ ਪੰਜਾਬ ਵਿੱਚ ਨਿਰੰਤਰ ਰੇਡ ਕੀਤੀ, ਉਸ ਤੋਂ ਬਾਅਦ ਦੀਪ ਨੂੰ ਪੁਲਿਸ ਗ੍ਰਿਫਤਾਰ ਕਰ ਸਕੀ।

ਪੁਲਿਸ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਪਤਾ ਲਗਾ ਕਿ 26 ਜਨਵਰੀ ਤੋਂ ਬਾਅਦ ਦੀਪ ਸਿੱਧੂ ਪੰਜਾਬ, ਯੂਪੀ, ਹਿਮਾਚਲ ਤੇ ਹਰਿਆਣਾ ਵਿੱਚ ਰੁਕਿਆ। ਦੀਪ ਨੇ ਪੁਲੀਸ ਨੂੰ ਦਸਿਆ ਕਿ ਉਹ ਆਪਣੇ ਦੋਸਤਾਂ ਦੇ ਮੋਬਾਈਲ ਫੋਨਾਂ ਤੋਂ ਵੀਡੀਓ ਅਪਲੋਡ ਕਰਦਾ ਸੀ।

ਦਿੱਲੀ ਪੁਲਿਸ ਦੇ ਸਪੈਸਲ ਸੈੱਲ ਦੇ ਡੀਸੀਪੀ ਸੰਜੀਵ ਯਾਦਵ ਨੇ ਦੱਸਿਆ, “26 ਜਨਵਰੀ ਵਾਲੇ ਦਿਨ ਲਾਲ ਕਿਲੇ ‘ਤੇ ਜੋ ਘਟਨਾ ਵਾਪਰੀ, ਉਸ ਮਾਮਲੇ ਵਿੱਚ ਦੀਪ ਸਿੱਧੂ ਵਾਂਟੇਡ ਸੀ। ਬੀਤੇ ਸੋਮਵਾਰ ਰਾਤ ਮਿਲੀ ਇੱਕ ਜਾਣਕਾਰੀ ਦੇ ਆਧਾਰ ‘ਤੇ 10.30 ਵਜੇ ਹਰਿਆਣਾ ਦੇ ਕਰਨਾਲ ਤੋਂ ਗਿਰਫਤਾਰ ਕੀਤਾ ਗਿਆ।“ ਦੀਪ ਪੁਲਿਸ ਮੁਤਾਬਕ ਇਹ ਪਤਾ ਲੱਗਿਆ ਹੈ ਕਿ ਦੀਪ ਸਿੱਧੂ ਦੀਆਂ ਸੋਸਲ ਪੋਸਟਾਂ ਅਮਰੀਕਾ ਤੋਂ ਪੈ ਰਹੀਆਂ ਸਨ।

**ਕੁਝ ਹੋਰ ਗ੍ਰਿਫਤਾਰੀਆਂ**

ਦੀਪ ਸਿਧੂ ਦੀ ਗ੍ਰਿਫਤਾਰੀ ਤੋਂ ਪਹਿਲਾਂ ਬੀਤੇ ਐਤਵਾਰ ਨੂੰ ਦਿੱਲੀ ਦੀਆਂ ਘਟਨਾਵਾਂ ਦੇ ਸਬੰਧ ‘ਚ ਇਕ ਹੋਰ ਕਿਸਾਨ ਸੁਖਦੇਵ ਸਿੰਘ ਨੂੰ ਹਰਿਆਣਾ ਦੇ ਕਰਨਾਲ ਤੋਂ ਗ੍ਰਿਫਤਾਰ ਕੀਤਾ ਸੀ। ਉਸ ‘ਤੇ 50,000 ਰੁਪਏ ਦਾ ਇਨਾਮ ਸੀ। ਬੀਤੇ ਮੰਗਲਵਾਰ ਦੇਰ ਰਾਤ ਦਿੱਲੀ ਪੁਲਿਸ ਨੇ ਹੁਸ਼ਿਆਰਪੁਰ ਤੋਂ ਇਕਬਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ ਜਿਹੜਾ ਇਸ ਮਾਮਲੇ ‘ਚ ਲੋੜੀਂਦਾ ਸੀ। ਇਕਬਾਲ ਸਿੰਘ ਦੇ ਸਿਰ ਉਪਰ ਦਿੱਲੀ ਪੁਲਿਸ ਨੇ 50 ਹਜਾਰ ਰੁਪਏ ਦਾ ਇਨਾਮ ਰੱਖਿਆ ਸੀ। ਪੁਲੀਸ ਨੇ ਇਹ ਵੀ ਕਹਾਣੀ ਨਾਲ ਜੋੜੀ ਹੈ ਕਿ ਫਲੈਗਪੋਸਟ ਉਪਰ ਚੜ੍ਹਨ ਵਾਲੇ ਤਰਨ ਤਾਰਨ ਦੇ ਨੌਜਵਾਨ ਜੁਗਰਾਜ ਸਿੰਘ ਨੂੰ ਉਚੇਚੇ ਤੌਰ ’ਤੇ ਲਾਲ ਕਿਲੇ ’ਤੇ ਲਿਆਂਦਾ ਗਿਆ ਸੀ। ਯਾਦ ਰਹੇ ਕਿ ਪਿਛਲੇ ਹਫਤੇ ਪੁਲਸ ਨੇ ਦੀਪ ਸਿੱਧੂ, ਜੁਗਰਾਜ ਸਿੰਘ, ਗੁਰਜੋਤ ਸਿੰਘ ਅਤੇ ਗੁਰਜੰਟ ਸਿੰਘ ਬਾਰੇ ਜਾਣਕਾਰੀ ਦੇਣ ਵਾਲਿਆਂ ਨੂੰ ਇੱਕ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ। ਪੁਲਸ ਨੇ ਜਜਬੀਰ ਸਿੰਘ, ਬੂਟਾ ਸਿੰਘ, ਸੁਖਦੇਵ ਸਿੰਘ ਅਤੇ ਇਕਬਾਲ ਸਿੰਘ ਬਾਰੇ ਜਾਣਕਾਰੀ ਦੇਣ ਵਾਲਿਆਂ ਨੂੰ 50,000 ਰੁਪਏ ਦਾ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਹੁਣ ਤੱਕ ਕੁਲ ਗ੍ਰਿਫਤਾਰੀਆਂ ਦੀ ਗਿਣਤੀ 127 ਤੱਕ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਪੁਲਸ ਨੇ ਦਿੱਲੀ ਹਿੰਸਾ ਦੇ ਮਾਮਲੇ ਵਿਚ ਤਿੰਨ ਵਿਅਕਤੀਆਂ ਦੀ ਪਛਾਣ ਹਰਪ੍ਰੀਤ ਸਿੰਘ (32), ਹਰਜੀਤ ਸਿੰਘ (48) ਅਤੇ ਧਰਮਿੰਦਰ ਸਿੰਘ (55) ਵਜੋਂ ਕੀਤੀ ਸੀ। ਸੀਸੀਟੀਵੀ ਫੁਟੇਜ ਅਤੇ ਮੋਬਾਈਲ ਰਿਕਾਰਡਿੰਗ ਦੇ ਅਧਾਰ ‘ਤੇ ਪੁਲਸ ਹੁਣ ਹਿੰਸਾ ਵਿਚ ਸਾਮਲ ਹੋਰ ਲੋਕਾਂ ਦਾ ਪਤਾ ਲਗਾ ਰਹੀ ਹੈ।

ਨੌਜਵਾਨਾਂ ਦੇ ਹੱਕ ਵਿਚ ਜਥੇਦਾਰ ਅਕਾਲ ਤਖਤ ਸਾਹਿਬ ਇੱਕ ਵਾਰ ਫੇਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਿੱਲੀ ਵਿੱਚ ਕਿਸਾਨ ਅੰਦੋਲਨ ਕਰਨ ਗਏ ਨੌਜਵਾਨਾਂ ਖਿਲਾਫ ਦਿੱਲੀ ਪੁਲਿਸ ਵੱਲੋਂ ਦਾਇਰ ਕੀਤੇ ਕੇਸ ਰੱਦ ਕੀਤੇ ਜਾਣੇ ਚਾਹੀਦੇ ਹਨ।

**ਬਾਕੀ ਸਫ਼ਾ 30 ’ਤੇ**

# ਅਮਰੀਕੀ ਕਾਂਗਰਸ ਦੇ ਇੰਡੀਆ ਕੌਕਸ ਨੇ ਕਿਸਾਨਾਂ ਦੇ ਹੱਕਾਂ ਦੀ ਬਹਾਲੀ ਲਈ ਭਾਰਤ ਸਰਕਾਰ ਨੂੰ ਕਿਹਾ



**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅਮਰੀਕਾ ਦੀ 117ਵੀਂ ਕਾਂਗਰਸ ਦੀ ਚੋਣ ਮਗਰੋਂ ਪਹਿਲੀ ਵਾਰ ਕਾਂਗਰਸ ਦੇ ਇੰਡੀਆ ਕੌਕਸ ਨੇ ਕਿਸਾਨ ਸੰਘਰਸ਼ ਦਾ ਮਸਲਾ ਵਿਚਾਰਿਆ ਹੈ। ਇੰਡੀਆ ਕੌਕਸ ਦੇ ਮੈਂਬਰਾਂ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਿੱਤਾ ਜਾਵੇ ਅਤੇ ਇੰਟਰਨੈਟ ‘ਤੇ ਰੋਕਾਂ ਨਾ ਲਾਈਆਂ ਜਾਣ। ਇਹਨਾਂ ਮੈਂਬਰਾਂ ਨੇ ਭਾਰਤ ਸਰਕਾਰ ਨੂੰ ਇਹ ਵੀ ਕਿਹਾ ਕਿ ਲੋਕਤੰਤਰ ਦੇ ਨਿਯਮਾਂ ਨੂੰ ਬਹਾਲ ਰੱਖਿਆ ਜਾਵੇ।

ਅਮਰੀਕੀ ਕਾਂਗਰਸ ਦੇ ਇੰਡੀਆ ਕੌਕਸ ਮੈਂਬਰ ਡੈਮੋਕਰੈਟ ਬਰੈਡ ਸ਼ੇਰਮਨ, ਰਿਪਬਲਿਕਨ ਸਟੀਵ ਚੈਬੋਟ ਅਤੇ ਰੋ ਖੰਨਾ ਨੇ ਇਹਨਾਂ ਮਸਲਿਆਂ ਸਬੰਧੀ ਅਮਰੀਕੀ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨਾਲ ਵੀ ਗੱਲਬਾਤ ਕੀਤੀ। ਇਸ ਬੈਠਕ ਵਿਚ ਜਿੱਥੇ ਭਾਰਤ ਤੇ ਅਮਰੀਕਾ ਨਾਲ ਜੁੜੇ ਹੋਰ ਕਈ ਮਸਲੇ ਵਿਚਾਰੇ ਗਏ ਉੱਥੇ ਕਿਸਾਨ ਸੰਘਰਸ਼ ਦੇ ਵੀ ਕਈ ਪਹਿਲੂਆਂ ‘ਤੇ ਗੱਲਬਾਤ ਹੋਈ।

ਸ਼ੇਰਮਨ ਨੇ ਕਿਹਾ, “ਮੈਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਲੋਕਤੰਤਰ ਦੇ ਨਿਯਮਾਂ ਨੂੰ ਬਹਾਲ ਰੱਖਿਆ ਜਾਵੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਿੱਤੇ ਜਾਵੇ ਤੇ ਉਹਨਾਂ ਦੇ ਇੰਟਰਨੈਟ ਵਰਤਣ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਨ ‘ਤੇ ਰੋਕਾਂ ਨਾ ਲਾਈਆਂ ਜਾਣ। ਭਾਰਤ ਦੇ ਸਾਰੇ ਮਿੱਤਰ ਇਹ ਆਸ ਕਰਦੇ ਹਨ ਕਿ ਦੋਵੇਂ ਧਿਰਾਂ ਕਿਸੇ ਸਮਝੌਤੇ ‘ਤੇ ਪਹੁੰਚ ਜਾਣਗੀਆਂ।“

ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਕਈ ਅਮਰੀਕੀ ਕਾਂਗਰਸਮੈਨਾਂ ਨੇ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਅਵਾਜ਼ ਚੁੱਕੀ ਹੈ।

# ਕਿਸਾਨਾਂ ਵੱਲੋਂ ‘ਰੇਲ ਰੋਕੋ’ ਸਮੇਤ ਹੋਰ ਨਵੇਂ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚਾ ਨੇ ਕਿਸਾਨ ਅੰਦੋਲਨ ਤੇਜ ਕਰਦਿਆਂ ਐਲਾਨ ਕੀਤਾ ਹੈ ਕਿ ਦੇਸ਼ ਵਿੱਚ 18 ਫਰਵਰੀ ਨੂੰ ਚਾਰ ਘੰਟੇ ਰੇਲ ਗੱਡੀਆਂ ਰੋਕੀਆਂ ਜਾਣਗੀਆਂ ਅਤੇ 12 ਫਰਵਰੀ ਤੋਂ ਰਾਜਸਥਾਨ ਦੇ ਟੋਲ ਪਲਾਜਿਆਂ ਨੂੰ ਆਮ ਲੋਕਾਂ ਲਈ ਫੀਸ ਮੁਕਤ ਕਰ ਦਿੱਤਾ ਜਾਵੇਗਾ।ਮੋਰਚੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਦੇਸ਼ ਭਰ ਵਿੱਚ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ‘ਰੇਲ ਰੋਕੋ’ ਅੰਦੋਲਨ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਕਿਸਾਨ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਪਿਛਲੇ ਦਿਨੀਂ ਕਿਸਾਨ ਮੋਰਚੇ ਵੱਲੋਂ ਤਿੰਨ ਘੰਟੇ ਦਾ ‘ਚੱਕਾਜਾਮ’ ਕੀਤਾ ਗਿਆ ਸੀ।

# ਪੰਥਕ ਇਕੱਠ

## ਮੋਰਚੇ ਦੀ ਫ਼ਤਿਹ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ



ਨੁਦੀਪ ਕੌਰ



ਰਣਜੀਤ ਸਿੰਘ



ਦੀਪ ਸਿੱਧੂ



ਕੈਲੇਫੋਰਨੀਆਂ ਦੀਆਂ ਪੰਥਕ ਜੱਥੇਬੰਦੀਆਂ ਅਤੇ ਗੁਰਦੁਆਰਾ ਸਾਹਿਬਾਨ ਨੇ ਸਿੱਖ ਸੰਗਤ ਨੂੰ

**ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ,**

**ਐਤਵਾਰ ( 14 ਫਰਵਰੀ ) ਸ਼ਾਮ 5 ਵਜੇ ਅਰਦਾਸ**

ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਪ੍ਰੋਗਰਾਮ ਵਿੱਚ ਕੈਲੇਫੋਰਨੀਆਂ ਦੀ ਰਾਜਨੀਤਕ ਹਸਤੀਆਂ, ਭਾਰਤ ਤੋਂ ਕਿਸਾਨ ਲੀਡਰ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕਰਣਗੇ। ਸਿੱਘੂ ਬਾਰਡਰ ਤੋਂ ਆਮ ਸੰਗਤਾਂ ਨਾਲ ਵੀ ਲਾਈਵ ਕੀਤਾ ਜਾਵੇਗਾ ਤੇ ਚੱਲ ਰਹੇ ਅੰਦੋਲਨ ਦੇ ਸਾਰੇ ਪਹਿਲੂਆਂ ਤੋਂ ਜਾਣੂ ਕਰਵਾਇਆ ਜਾਵੇਗਾ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

**(209)-513-0508, (510)299-7982, (209)456-0387, (510)206-6544**
**(209)-487-3699, (530)-218-1545**

# ਫਰਿਜਨੋ, ਕੈਲੀਫੋਰਨੀਆਂ ਦੇ ਮੇਅਰ ਜੈਰੀ ਡਾਇਰ, ਐਲਕ ਗਰੋਵ ਮੇਅਰ ਬੌਬੀ ਸਿੰਘ ਤੇ ਲੈਥਰੋਪ ਮੇਅਰ ਧਾਲੀਵਾਲ ਨੇ ਕਿਸਾਨਾਂ ਦੀ ਹਮਾਇਤ 'ਚ ਮਾਰਿਆ ਹਾਅ ਦਾ ਨਾਅਰਾ,

## ਫੁੱਟਬਾਲਰ ਸਕਸਟਰ ਵੱਲੋਂ ਕਿਸਾਨਾਂ ਨੂੰ 10 ਹਜ਼ਾਰ ਡਾਲਰ ਦੇਣ ਦਾ ਐਲਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਦਿੱਲੀ ਵਿੱਚ ਕਿਸਾਨੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਦਾ ਦਾਇਰਾ ਹੁਣ ਭਾਰਤੀ ਨਾ ਰਹਿ ਕੇ ਵਿਸ਼ਵ ਵਿਆਪੀ ਹੁੰਦਾ ਜਾ ਰਿਹਾ ਹੈ, ਵਿਦੇਸ਼ਾਂ ਵਿੱਚ ਜਿੱਥੇ ਪਹਿਲਾਂ ਸਿਰਫ਼ ਪੰਜਾਬੀਆਂ ਨੇ ਕਾਰ ਰੈਲੀਆਂ ਰਾਹੀਂ ਵਿਸ਼ਵ ਵਿੱਚ ਕਿਸਾਨ ਹਮਾਇਤੀ ਹੋਣ ਦਾ ਵਿਖਾਵਾ ਕੀਤਾ ਸੀ ਪਰ ਹੁਣ ਵੱਖ ਵੱਖ ਅਮਰੀਕਨ ਉੱਚ ਅਹੁਦੇਦਾਰਾਂ ਨੇ ਵੀ ਭਾਰਤ ਸਰਕਾਰ ਵੱਲੋਂ ਕਿਸਾਨਾਂ ਨਾਲ ਹੁੰਦੇ ਦੁਰਵਿਹਾਰ ਪ੍ਰਤੀ ਨਰਾਜ਼ਗੀ ਤੇ ਕਿਸਾਨਾਂ ਨਾਲ ਹਮਾਇਤ ਦਾ ਇਜ਼ਹਾਰ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਵੇਂ ਅਮਰੀਕਾ ਦੀ ਗਾਇਕਾ 'ਰਿਹਾਨਾ' ਦੇ ਟਵੀਟ ਤੋਂ ਬਾਅਦ ਤਾਂ ਜਿਵੇਂ ਹੌਲੀਵੁੱਡ ਤੇ ਬੌਲੀਵੁੱਡ ਵਿੱਚ ਭੁਚਾਲ ਆ ਗਿਆ ਹੋਵੇ। ਇਵੇਂ ਹੀ ਫਰਿਜਨੋਂ, ਕੈਲੀਫੋਰਨੀਆ ਦੇ ਮੇਅਰ ਜੈਰੀ ਡਾਇਰ ਨੇ ਵੀ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਨਾਲ ਖੜੇ ਹੋਣ ਦੀ ਗੱਲ ਆਖੀ ਹੈ ਆਪਣੇ ਵੀਡੀਓ ਸੁਨੇਹੇ ਵਿੱਚ ਮੇਅਰ ਜੈਰੀ ਡਾਇਰ ਨੇ ਕਿਹਾ 'ਜੋ ਤੁਸੀਂ ਅਨਿਆਂ ਦੇ ਖ਼ਿਲਾਫ਼ ਖੜੇ ਹੋ ਅਸੀਂ ਅਮਰੀਕਨ ਤੁਹਾਡੇ ਨਾਲ ਖੜੇ ਹਨ ਤੇ ਤੁਸੀਂ ਆਪਣੇ ਆਪ ਨੂੰ ਇਕੱਲੇ ਨਾਂ ਸਮਝੋ।' ਇਸੇ ਤਰਾਂ ਅਮਰੀਕਨ ਪ੍ਰਸਿੱਧ ਫੁੱਟਬਾਲ ਖਿਡਾਰੀ ਜੂ ਜੂ ਸਮਿਥ ਸਕਸਟਰ ਵੱਲੋਂ ਵੀ ਕਿਸਾਨ ਮੋਰਚੇ 'ਚ ਡਟੇ ਕਿਸਾਨਾਂ ਦੀਆਂ ਸਿਹਤ ਸਹੂਲਤਾਂ ਲਈ ਅਮਰੀਕਨ 10 ਹਜ਼ਾਰ ਡਾਲਰ ਦੇਣ ਦੀ ਗੱਲ ਆਖੀ ਹੈ। ਇੱਥੇ ਇਹ ਵੀ ਵਰਨਣਯੋਗ ਹੈ ਜਿਹੜੇ ਵੀ ਬਾਹਰਲੇ ਦੇਸ਼ਾਂ ਦੇ ਵਿਸ਼ੇਸ਼ ਸ਼ਖ਼ਸੀਅਤਾਂ ਦੇ ਬਿਆਨਾਂ ਦੀ ਫੇਸਬੁੱਕ ਜਾਂ ਟਵਿੱਟਰ ਤੇ ਭਾਰਤ ਦੇ ਅੰਦਰੂਨੀ ਮਸਲੇ ਦਾ ਡਰਾਮਾ ਕਰਕੇ ਵਿਰੋਧਤਾ ਕਰਦਾ ਹੈ ਉਸਦਾ ਨਾਲ ਹੀ ਜਵਾਬ ਦਿੱਤਾ ਜਾ ਰਿਹਾ ਹੈ ਵਿਸ਼ੇਸ਼ ਕਰਕੇ ਪ੍ਰਵਾਸੀਆਂ ਵੱਲੋਂ। ਫਰਿਜਨੋਂ ਦੇ ਮੇਅਰ ਤੋਂ ਪਹਿਲਾਂ ਐਲਕਗਰੋਵ ਦੀ ਪਹਿਲੀ ਵਾਰ ਬਣੀ ਸਿੱਖ ਔਰਤ ਮੇਅਰ ਬੌਬੀ ਸਿੰਘ ਵੀ ਕਿਸਾਨਾਂ ਦੇ ਪੱਖ ਭਾਰਤ ਸਰਕਾਰ ਦੇ ਅਮਰੀਕਾ ਸਥਿਤ ਅੰਬੈਸਡਰ ਨੂੰ ਲਿਖਤੀ ਰੂਪ 'ਚ ਬਿਆਨ ਤੇ ਦੇ ਚੁੱਕੇ ਹਨ ਤੇ ਅਕਸਰ ਫੇਸਬੁੱਕ ਤੇ ਟਵਿੱਟਰ ਤੇ ਕਿਸਾਨਾਂ ਦੀ ਹਮਾਇਤ 'ਤੇ ਹਨ। ਇਸੇ ਹੀ ਤਰਾਂ ਲੈਥਰੋਪ ਸ਼ਹਿਰ ਤੋਂ ਪੰਜਵੀਂ ਵਾਰ ਬਣੇ ਮੇਅਰ ਸੁਖਮਿੰਦਰ ਸਿੰਘ ਧਾਲੀਵਾਲ ਨੇ ਵੀ ਕਿਸਾਨਾਂ ਦੀ ਭਰਵੀਂ ਹਮਾਇਤ ਕੀਤੀ ਹੈ ਨਿੱਜੀ ਤੌਰ 'ਤੇ ਮਦਦ ਵੀ ਕਰ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਵੀ ਵੱਡੀ ਤਾਦਾਦ ਨਾਲ ਹੋਰ ਵੱਡੀਆਂ ਅਮਰੀਕਨ ਸ਼ਖ਼ਸੀਅਤਾਂ ਵੱਲੋਂ ਕਿਸਾਨਾਂ ਦੇ ਪੱਖ 'ਚ ਖੜਨ ਤੇ ਬਿਆਨ ਦੇਣ ਦਾ ਸਿਲਸਿਲਾ ਜਾਰੀ ਰਹਿਣ ਦੀ ਆਸ ਹੈ ਕਿਉਂਕਿ ਕਿਸਾਨ ਪੱਖੀ ਧਿਰਾਂ ਆਪਣੇ ਇਲਾਕੇ ਦੇ ਕਾਂਗਰਸਮੈਨਾਂ ਤੇ ਸੈਨਟਰਾਂ ਤੱਕ ਪਹੁੰਚ ਕਰਨ ਜਾ ਰਹੇ ਹਨ।



*ਮੇਅਰ ਜੈਰੀ ਡਾਇਰ, ਐਲਕ ਗਰੋਵ ਮੇਅਰ ਬੌਬੀ ਸਿੰਘ, ਲੈਥਰੋਪ ਮੇਅਰ ਧਾਲੀਵਾਲ ਤੇ ਫੁੱਟਬਾਲਰ ਸਕਸਟਰ*

# ਸਿਆਟਲ ਵਿਚ ਕਿਸਾਨ ਅੰਦੋਲਨਕਾਰੀਆਂ ਦੇ ਹੱਕ ਵਿਚ ਰੋਸ ਰੈਲੀ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਭਾਰਤ ਦੇ ਕਿਸਾਨਾਂ ਵਲੋਂ ਦਿੱਲੀ ਵਿਚ ਅੱਤ ਦੀ ਠੰਢ ਵਿਚ ਆਪਣੀਆਂ ਹੱਕਾਂ ਮੰਗਾਂ ਮਨਵਾਉਣ ਲਈ ਪਿਛਲੇ ਦੋ ਮਹੀਨੇ ਦੇ ਵੱਧ ਸਮੇਂ ਤੋਂ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਦੇ ਹੱਕ ਵਿਚ ਸਿਆਟਲ ਵਿਚ ਰੋਸ ਰੈਲੀ ਕੱਢ ਕੇ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਅਪੀਲ ਕੀਤੀ ਗਈ। ਸਿਆਟਲ ਦੇ ਕਿਸਾਨ ਹਿਤੈਸ਼ੀਆਂ, ਨੌਜਵਾਨਾਂ, ਬਜੁਰਗ ਮਰਦ ਅਤੇ ਔਰਤਾਂ ਨੇ ਫੈਡਰਲਵੇ ਤੋਂ ਵੱਡੇ ਕਾਫ਼ਲੇ ਨਾਲ ਆਈ-5 ਤੇ ਲੰਮੀ ਕਤਾਰ ਵਿਚ ਸਿਆਟਲ ਡਾਊਨ ਟਾਊਨ ਪਹੁੰਚ ਕੇ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਪੰਜਾਬੀ ਖ਼ਾਲਸਾ ਗੁਰਮਤਿ ਸਕੂਲ ਦੇ ਸੰਚਾਲਕ ਜਸਮੀਤ ਸਿੰਘ, ਹੀਰਾ ਸਿੰਘ ਭੁੱਲਰ, ਇੰਡੀਅਨ ਅਮਰੀਕਨ ਕੌਂਸਿਲ ਮੈਂਬਰ ਮੁਸਲਮ ਭਾਈ ਹਸਨ ਖਾਨ, ਹਿੰਦੂ ਹਿਊਮਨ ਰਾਈਟਸ ਵੱਲੋਂ ਗੰਜੂ ਮਾਰੀਨੀਲੂ, ਕਿੰਗ ਕਾਉਂਟੀ ਡਿਸਟ੍ਰਿਕ 5 ਦੀ ਸਵਾਥੀ ਗਰਗ, 35 ਲੈਜਿਸਲੇਟਿਨ ਸਟੇਟ ਦੇ ਨੁਮਾਇੰਦੇ ਡਰਸੀ ਹਫ਼ਮੇਨ, ਹੈਲਰੀ ਹੈਡਨ ਸਮੇਤ ਸਿਆਟਲ ਦੇ ਕਈ ਨੁਮਾਇੰਦਿਆਂ ਨੇ ਆਪਣੇ ਆਪਣੇ ਭਾਸ਼ਣ ਵਿਚ ਕਿਸਾਨਾਂ ਨੂੰ ਸਮਰਥਨ ਦਿੱਤਾ ਅਤੇ ਭਾਰਤ ਸਰਕਾਰ ਨੂੰ ਤਿੰਨੇ ਕਿਸਾਨ ਵਿਰੋਧੀ ਬਿੱਲ ਰੱਦ ਕਰਨ ਦੀ ਅਪੀਲ ਕੀਤੀ। ਸਟੇਜ ਦਾ ਸੰਚਾਲਨ ਨੌਜਵਾਨ ਹਰਜੋਤ ਸਿੰਘ ਤੇ ਰੁਪਿੰਦਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ। ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਅਤੇ ਸ਼ਾਂਤਮਈ ਮਾਹੌਲ ਵਿਚ ਰੋਸ ਰੈਲੀ ਕੱਢੀ ਗਈ। ਜਿੱਥੇ ਭਾਰਤੀ ਮੂਲ ਦੇ ਲੋਕਾਂ ਨੇ ਭਾਰਤ ਸਰਕਾਰ ਨੂੰ ਤਿੰਨੇ ਕਾਨੂੰਨ ਰੱਦ ਕਰਕੇ ਕਿਸਾਨਾਂ ਦੇ ਮਸਲੇ ਹੱਲ ਕਰਨ ਤੇ ਜ਼ੋਰ ਦਿੱਤਾ।



*ਸਿਆਟਲ ਵਿਚ ਕਿਸਾਨ ਹਿਤੈਸ਼ੀ ਨੌਜਵਾਨਾਂ, ਬਜ਼ੁਰਗਾਂ ਵਲੋਂ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਕੱਢੀ ਕਾਰ ਰੈਲੀ ਦੀਆਂ ਝਲਕੀਆਂ।*
*ਸਿਆਟਲ ਦਾ ਕਵੀਸ਼ਰ ਜਥਾ ਕਾਕਾ ਹਰਜੋਤ ਸਿੰਘ ਤੇ ਕਾਕਾ ਭਗੀਰਥ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਕਵੀਸ਼ਰੀ ਵਾਰਾਂ ਸੁਣਾ ਕੇ ਜੋਸ਼ ਭਰਦੇ ਸਮੇਂ।*
*ਸਿਆਟਲ ਦੇ ਡਾਊਨ ਟਾਊਨ ਵਿਚ ਕਿਸਾਨ ਅੰਦੋਲਨ ਨੂੰ ਸਮਰਥਨ ਦੇਂਦੇ ਹੋਏ ਵੱਖ ਵੱਖ ਬੁਲਾਰੇ।*

# ਨਿਊਯਾਰਕ ਦੇ ਨਰਸਿੰਗ ਹੋਮ ਵਿਚ 1 ਮਾਰਚ, 2020 ਤੋਂ 5 ਫਰਵਰੀ, 2021 ਤੱਕ 13197 ਮੌਤਾਂ ਹੋਈਆਂ

## ਨਕਲੀ ਐਨ 95 ਮਾਸਕਾਂ ਦਾ ਆਇਆ ਹੜ੍ਹ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੁਪਰੀਮ ਕੋਰਟ ਦੁਆਰਾ ਇਕ ਵਾਚਡੌਗ ਵੱਲੋਂ ਮੰਗੀ ਜਾਣਕਾਰੀ ਦੇਣ ਦੇ ਆਦੇਸ਼ ਤੋਂ ਬਾਅਦ ਨਿਊਯਾਰਕ ਦੇ ਸਟੇਟ ਸਿਹਤ ਵਿਭਾਗ ਨੇ ਲੰਘੇ ਦਿਨ ਰਾਜ ਦੇ ਨਰਸਿੰਗ ਹੋਮ ਵਿਚ ਕੋਵਿਡ-19 ਨਾਲ ਹੋਈਆਂ ਮੌਤਾਂ ਦੇ ਅੰਕੜੇ ਜਾਰੀ ਕੀਤੇ ਹਨ। ਸਿਹਤ ਵਿਭਾਗ ਦੀ ਵੈਬਸਾਈਟ ਉੱਪਰ ਰਾਜ ਦੇ ਨਰਸਿੰਗ ਹੋਮ ਵਿਚ 1 ਮਾਰਚ, 2020 ਤੋਂ 5 ਫਰਵਰੀ, 2021 ਤੱਕ ਕੋਵਿਡ-19 ਕਾਰਨ 13197 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਨ੍ਹਾਂ ਵਿਚ 4080 ਉਹ ਮੌਤਾਂ ਵੀ ਸ਼ਾਮਿਲ ਹਨ ਜੋ ਨਰਸਿੰਗ ਹੋਮ ਤੋਂ ਬਾਹਰ ਇਲਾਜ ਦੌਰਾਨ ਹੋਈਆਂ। ਇੱਥੇ ਜ਼ਿਕਰਯੋਗ ਹੈ ਕਿ ਇਕ ਹਫ਼ਤਾ ਪਹਿਲਾਂ ਰਾਜ ਦੇ ਅਟਾਰਨੀ ਜਨਰਲ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਨਰਸਿੰਗ ਹੋਮ ਵਿਚ ਕੋਵਿਡ ਮੌਤਾਂ 50% ਤੱਕ ਘਟਾ ਕੇ ਵਿਖਾਈਆਂ ਗਈਆਂ ਹਨ। ਇਸ ਨਵੇਂ ਅੰਕੜੇ ਅਨੁਸਾਰ ਬਰੋਨਕਸ ਦੇ ਇਕ ਨਰਸਿੰਗ ਹੋਮ ਵਿਚ ਮਾਰਚ 2020 ਤੋਂ ਬਾਅਦ ਕੇਵਲ 3 ਮੌਤਾਂ ਹੋਈਆਂ ਪਰੰਤੂ 18 ਮੌਤਾਂ ਨਰਸਿੰਗ ਹੋਮ ਤੋਂ ਬਾਹਰ ਇਲਾਜ ਦੌਰਾਨ ਹੋਈਆਂ। ਵਾਚਡੌਗ ਗਰੁੱਪ ਐਮਪਾਇਰ ਸੈਂਟਰ ਨੇ ਸਿਹਤ ਵਿਭਾਗ ਵਿਰੁੱਧ ਪਾਈ ਪਟੀਸ਼ਨ ਵਿਚ ਕਿਹਾ ਸੀ ਕਿ ਉਹ ਜਾਣਕਾਰੀ ਲੈਣ ਦੇ ਅਧਿਕਾਰ ਤਹਿਤ ਨਰਸਿੰਗ ਹੋਮ ਵਿਚ ਕੋਵਿਡ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਨਹੀਂ ਦੇ ਰਿਹਾ। ਇਸ 'ਤੇ ਅਦਾਲਤ ਨੇ ਰਾਜ ਦੇ ਸਿਹਤ ਵਿਭਾਗ ਨੂੰ ਉਚਿੱਤ ਅੰਕੜੇ ਦੇਣ ਲਈ 5 ਦਿਨਾਂ ਦਾ ਸਮਾਂ ਦਿੱਤਾ ਸੀ। ਨਕਲੀ ਐਨ 95 ਮਾਸਕਾਂ ਦਾ ਆਇਆ ਹੜ੍ਹ- ਅਮਰੀਕਾ ਵਿਚ ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਨਕਲੀ ਮਾਸਕਾਂ ਦਾ ਬਜ਼ਾਰਾਂ ਵਿਚ ਇਕ ਤਰਾਂ ਹੜ੍ਹ ਆ ਗਿਆ ਹੈ। ਪਿਛਲੇ ਸਾਲ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਨੇ 14.6 ਮਿਲੀਅਨ ਨਕਲੀ ਮਾਸਕ ਫੜੇ ਹਨ। ਐਨ 95 ਮਾਸਕ ਆਹਲਾ ਦਰਜੇ ਦੇ ਮੰਨੇ ਜਾਂਦੇ ਹਨ ਤੇ ਉਹ ਵਾਇਰਸ ਫੈਲਣ ਤੋਂ ਰੋਕਣ ਦੇ ਸਮਰੱਥ ਹਨ। ਇਹ ਮਾਸਕ ਸਾਹ ਲੈਣ ਨੂੰ ਵੀ ਆਸਾਨ ਬਣਾਉਂਦੇ ਹਨ ਪਰੰਤੂ ਨਕਲੀ ਮਾਸਕ ਸੁਰੱਖਿਆ ਮਾਪ ਦੰਡਾਂ ਉੱਪਰ ਖਰੇ ਨਹੀਂ ਉੱਤਰਦੇ। ਕੇ ਐਨ 95 ਮਾਸਕ ਨੂੰ ਲੋਕ ਐਨ-95 ਮਾਸਕ ਸਮਝਣ ਦੀ ਗ਼ਲਤੀ ਵੀ ਕਰ ਲੈਂਦੇ ਹਨ ਜਦ ਕਿ ਕੇ ਐਨ 95 ਮਾਸਕ ਚੀਨ ਦੇ ਮਾਪਦੰਡਾਂ ਉੱਪਰ ਖਰੇ ਉੱਤਰਦੇ ਹਨ। ਇਨ੍ਹਾਂ ਮਾਸਕਾਂ ਨੂੰ ਯੂ ਐਸ ਨੈਸ਼ਨਲ ਇੰਸਟੀਚਿਊਟ ਫਾਰ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਦੁਆਰਾ ਮਾਨਤਾ ਨਹੀਂ ਦਿੱਤੀ ਗਈ। ਰਾਸ਼ਟਰਪਤੀ ਜੋਅ ਬਾਇਡੇਨ ਪ੍ਰਸ਼ਾਸਨ ਵੱਲੋਂ ਕੋਰੋਨਾ ਦੇ ਫੈਲਾਅ ਨੂੰ ਰੋਕਣ ਲਈ ਮਾਸਕ ਪਹਿਨਣ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਨਕਲੀ ਮਾਸਕ ਦੇ ਚੱਲਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸੀ ਬੀ ਪੀ ਨਕਲੀ ਮਾਸਕ ਬਜ਼ਾਰ ਵਿਚ ਆਉਣ ਤੋਂ ਰੋਕਣ ਲਈ ਸਰਗਰਮ ਹੋ ਗਿਆ ਹੈ।




# 6 ਰਿਪਬਲੀਕਨ ਮੈਂਬਰਾਂ ਵੱਲੋਂ ਡੈਮੋਕ੍ਰੈਟਸ ਨਾਲ ਵੋਟਾਂ ਪਾਉਣ ਉਪਰੰਤ ਟਰੰਪ ਵਿਰੁੱਧ ਮਹਾਂਦੋਸ਼ ਮਾਮਲਾ ਸੰਵਿਧਾਨਕ ਤੌਰ 'ਤੇ ਜਾਇਜ਼ ਕਰਾਰ

## ਸੈਨੇਟ ਵਿਚ ਮੁੱਢਲੀ ਬਹਿਸ ਮੁਕੰਮਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੈਨੇਟ ਵਿਚ ਬਹੁਗਿਣਤੀ ਨਾਲ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਚਲਾਉਣ ਦਾ ਮਾਮਲਾ ਸੰਵਿਧਾਨਕ ਤੌਰ 'ਤੇ ਉਚਿੱਤ ਕਰਾਰ ਦੇ ਦਿੱਤਾ ਗਿਆ। ਮਹਾਂਦੋਸ਼ ਕਾਰਵਾਈ ਜਾਇਜ਼ ਕਰਾਰ ਦੇਣ ਦੇ ਹੱਕ ਵਿਚ 54 ਤੇ ਵਿਰੋਧ ਵਿਚ 44 ਵੋਟਾਂ ਪਈਆਂ। 6 ਰਿਪਬਲੀਕਨ ਮੈਂਬਰਾਂ ਨੇ ਵੀ ਟਰੰਪ ਦੇ ਵਿਰੁੱਧ ਵੋਟਾਂ ਪਾਈਆਂ ਤੇ ਉਨ੍ਹਾਂ ਨੇ ਡੈਮੋਕ੍ਰੈਟਸ ਦਾ ਸਾਥ ਦਿੱਤਾ। ਲੰਘੇ ਦਿਨ ਸੈਨੇਟ ਵਿਚ ਮਹਾਂਦੋਸ਼ ਸਬੰਧੀ ਮੁੱਢਲੀ ਬਹਿਸ ਮੁਕੰਮਲ ਹੋ ਗਈ ਤੇ ਹੁਣ ਗਵਾਹੀ ਭੁਗਤਣਗੀਆਂ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਨੇ ਕਿਹਾ ਕਿ ਸਮੁੱਚੀ ਬਹਿਸ ਤੇ ਵਿਚਾਰ ਵਟਾਂਦਰਾ ਗੈਰ ਸੰਵਿਧਾਨ ਹੈ ਤੇ ਮਹਾਂਦੋਸ਼ ਲਈ ਲੋੜੀਂਦੀ ਪ੍ਰਕ੍ਰਿਆ ਨਹੀਂ ਅਪਣਾਈ ਗਈ। ਟਰੰਪ ਦੇ ਵਕੀਲਾਂ ਡੇਵਿਡ ਸ਼ੋਨ ਤੇ ਬਰੂਸ ਕੈਸਟਰ ਨੇ ਦਲੀਲ ਦਿੱਤੀ ਕਿ ਅਹੁਦਾ ਛੱਡ ਗਏ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਮੁਕੱਦਮਾ ਚਲਾਉਣਾ ਕਾਨੂੰਨੀ ਤੌਰ 'ਤੇ ਅਣਉਚਿੱਤ ਹੈ।

ਉਨ੍ਹਾਂ ਕਿਹਾ ਕਿ ਹਮਲਾ ਖਤਰਨਾਕ ਸੀ ਪਰ ਇਸ ਲਈ ਟਰੰਪ ਜਿੰਮੇਵਾਰ ਨਹੀਂ ਹਨ। ਦੰਗਾਕਾਰੀਆਂ ਵਿਰੁੱਧ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਡੈਮੋਕ੍ਰੈਟਸ ਮੈਂਬਰਾਂ ਨੇ ਕਿਹਾ ਕਿ 6 ਜਨਵਰੀ ਨੂੰ ਟਰੰਪ ਵੱਲੋਂ ਆਪਣੇ ਭਾਸ਼ਣ ਵਿਚ ਆਪਣੇ ਸਮਰਥਕਾਂ ਨੂੰ ਹਿੰਸਾ ਲਈ ਉਕਸਾਇਆ ਗਿਆ ਸੀ ਜਿਸ ਤੋਂ ਬਾਅਦ ਉਹ ਹਮਲਾਵਰ ਹੋ ਗਏ ਤੇ ਕੈਪੀਟਲ ਹਿੱਲ ਉਪਰ ਹਮਲਾ ਕਰ ਦਿੱਤਾ। ਬਹੁਤ ਸਾਰੇ ਮੈਂਬਰਾਂ ਨੇ ਕਿਹਾ ਕਿ ਸੈਨੇਟ ਮੁਕੱਦਮਾ ਚਲਾਉਣ ਲਈ ਪਾਬੰਦ ਹੈ ਕਿਉਂਕਿ ਅਹੁਦਾ ਛੱਡਣ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਨੂੰ ਪ੍ਰਤੀਨਿੱਧ ਸਦਨ ਨੇ ਮਹਾਂਦੋਸ਼ੀ ਕਰਾਰ ਦੇ ਦਿੱਤਾ ਸੀ। ਸੈਨੇਟ ਦੇ ਬਹੁਗਿਣਤੀ ਮੈਂਬਰਾਂ ਨੇ ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਮਹਾਂਦੋਸ਼ ਚਲਾਉਣ ਦੀ ਵਕਾਲਤ ਕੀਤੀ।

# ਵਿਸ਼ਵ ਵਿਚ ਉੱਭਰ ਰਹੀਆਂ ਤਾਨਾਸ਼ਾਹੀ ਰੁਚੀਆਂ ਨੂੰ ਰੋਕਣਾ ਪਵੇਗਾ-ਜੋਅ ਬਾਇਡੇਨ

## ✪ ਸਾਊਦੀ ਅਰਬ ਦੀ ਯਮਨ ਵਿਰੁੱਧ ਹਮਲਾਵਰ ਕਾਰਵਾਈ ਦਾ ਸਮਰਥਨ ਨਹੀਂ ਕਰੇਗਾ ਅਮਰੀਕਾ

## ✪ ਵਿਦੇਸ਼ ਨੀਤੀ ਵਿਚ ਕਈ ਤਬਦੀਲੀਆਂ ਦਾ ਐਲਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਦੀ ਵਿਦੇਸ਼ ਨੀਤੀ ਸਬੰਧੀ ‘ਡਿਪਲੋਮੇਸੀ ਮੁੜ ਕੇਂਦਰ ਬਿੰਦੂ’ ਬਣ ਗਈ ਹੈ। ਉਨ੍ਹਾਂ ਨੇ ਸਾਊਦੀ ਅਰਬ ਦੀ ਯਮਨ ਵਿਚ ਹਮਲਾਵਰ ਕਾਰਵਾਈ ਦਾ ਸਮਰਥਨ ਬੰਦ ਕਰਨ ਦਾ ਐਲਾਨ ਕੀਤਾ। ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਵਿਦੇਸ਼ ਨੀਤੀ ਸਬੰਧੀ ਆਪਣੇ ਪਹਿਲੇ ਭਾਸ਼ਣ ਵਿਚ ਬਾਇਡੇਨ ਨੇ ਸਾਊਦੀ ਅਰਬ ਦਾ ਸਮਰਥਨ ਨਾ ਕਰਨ ਸਮੇਤ ਹੋਰ ਅਨੇਕਾਂ ਤਬਦੀਲੀਆਂ ਕਰਨ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਜਰਮਨੀ ਤੋਂ ਦਸਤਿਆਂ ਦੀ ਮੁੜ ਤਾਇਨਾਤੀ ਬੰਦ ਹੋਵੇਗੀ, ਸ਼ਰਨਾਰਥੀਆਂ ਦੇ ਅਮਰੀਕਾ ਵਿਚ ਆਉਣ ਦੀ ਸੀਮਾ ਵਧਾਈ ਜਾਵੇਗੀ ਤੇ ਵਿਸ਼ਵ ਭਰ ਵਿਚ ਲੈਸਬੀਅਨ/ਗੇਅ ਦੇ ਅਧਿਕਾਰਾਂ ਦਾ ਸਮਰਥਨ ਕੀਤਾ ਜਾਵੇਗਾ। ਕਦਰਾਂ-ਕੀਮਤਾਂ ਅਧਾਰਿਤ ਗੱਲਬਾਤ ਉੱਪਰ ਜ਼ੋਰ ਦਿੰਦਿਆਂ ਬਾਇਡੇਨ ਨੇ ਵਧ ਰਹੀਆਂ ਤਾਨਾਸ਼ਾਹੀ ਰੁਚੀਆਂ ਦਾ ਮੁਕਾਬਲਾ ਕਰਨ ਸਮੇਤ ਵਿਸ਼ਵ ਵਿਆਪੀ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਾਰੇ ਮਸਲੇ ਵੱਖ ਵੱਖ ਦੇਸ਼ਾਂ ਵੱਲੋਂ ਮਿਲ-ਜੁਲਕੇ ਕੰਮ ਕਰਨ ਨਾਲ ਹੀ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਅਮਰੀਕਾ ਦੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਅਧਾਰਤ ਕੂਟਨੀਤੀ ਸ਼ੁਰੂ ਕਰਨੀ ਪਵੇਗੀ। ਉਨ੍ਹਾਂ ਨੇ ਆਜ਼ਾਦੀ, ਅਵਸਰਾਂ, ਅਧਿਕਾਰਾਂ ਦੀ ਬਹਾਲੀ, ਕਾਨੂੰਨ ਦਾ ਮਾਣ ਸਨਮਾਨ ਕਰਨ ਤੇ ਹਰ ਇਕ ਵਿਅਕਤੀ ਨੂੰ ਇੱਜ਼ਤ ਮਾਣ ਨਾਲ ਪੇਸ਼ ਆਉਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਅਸੀਂ ਇਕੱਲੇ ਨਹੀਂ ਕਰ ਸਕਦੇ। ਇਸ ਵਾਸਤੇ ਸਮੂਹਿਕ ਯਤਨ ਕਰਨੇ ਪੈਣਗੇ। ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਨ੍ਹਾਂ ਕਦਰਾਂ ਕੀਮਤਾਂ ਨੂੰ ਪੈਦਾ ਕੀਤੇ ਖ਼ਤਰੇ ਨੂੰ ਮੰਨਦਿਆਂ ਕਿਹਾ ਕਿ ਹਾਲ ਹੀ ਦੇ ਸਾਲਾਂ ਵਿਚ ਬਹੁਤ ਸਾਰੀਆਂ ਕਦਰਾਂ ਕੀਮਤਾਂ ਬੇਹੱਦ ਦਬਾਅ ਵਿਚ ਆਈਆਂ ਹਨ। ਇੱਥੋਂ ਤੱਕ ਕਿ ਪਿਛਲੇ ਹਫ਼ਤਿਆਂ ਦੌਰਾਨ ਇਨ੍ਹਾਂ ਨੂੰ ਹਾਸ਼ੀਏ ਉੱਪਰ ਲੈ ਆਂਦਾ ਗਿਆ ਪਰੰਤੂ ਅਮਰੀਕੀ ਇਸ ਸਥਿਤੀ ਵਿਚੋਂ ਉੱਭਰ ਰਹੇ ਹਨ। ਉਨ੍ਹਾਂ ਕਿਹਾ ਅੱਜ ਲੋਕਤੰਤਰ ਦੀ ਰਾਖੀ ਲਈ ਵਿਸ਼ਵ ਨੂੰ ਇੱਕਜੁੱਟ ਹੋਣ ਦੀ ਲੋੜ ਹੈ ਕਿਉਂਕਿ ਇਹ ਲੜਾਈ ਅਸੀਂ ਆਪਣੇ ਲਈ ਲੜਨੀ ਹੈ।

# ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਦੀਪ ਸਿੱਧੂ ਸਮੇਤ ਇਨਾਮੀ ਘੋਸ਼ਿਤ ਕੀਤੇ ਨੌਜਵਾਨਾਂ ਦਾ ਡਟ ਕੇ ਸਮਰਥਨ

## ‘ਕੌਮੀ ਭਾਵਨਾਵਾਂ ਦੀ ਤਰਜਮਾਨੀ ਤੇ ਕਾਰਵਾਈ ਕਰਨ ਵਾਲੇ ਇਨਾਂ ਨੌਜਵਾਨਾਂ ਤੇ ਕੌਮ ਨੂੰ ਮਾਣ ਰਹੇਗਾ’

**ਲੰਡਨ/ਏ.ਟੀ.ਨਿਊਜ਼:** ਭਾਰਤ ਦੇ ਅਖੌਤੀ ਗਣਤੰਤਰ ਦਿਵਸ ਤੇ ਦਿੱਲੀ ਸਥਿਤ ਲਾਲ ਕਿਲੇ ਤੇ ਖ਼ਾਲਸਾਈ ਨਿਸ਼ਾਨ ਸਾਹਿਬ ਲਹਿਰਾਉਣ ਵਾਲਿਆਂ ਦਾ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਡਟ ਕੇ ਸਮਰਥਨ ਕੀਤਾ ਗਿਆ। ਭਾਰਤ ਦੀ ਹਿੰਦੂਤਵੀ ਮੁਤੱਸਵੀ ਸਰਕਾਰ, ਪੁਲਿਸ, ਹਿੰਦੂਤਵੀ ਫ਼ਿਰਕਾਪ੍ਰਸਤ ਮੀਡੀਆ ਅਤੇ ਏਜੰਸੀਆਂ ਵੱਲੋਂ ਦੀਪ ਸਿੱਧੂ ਸਮੇਤ ਖ਼ਾਲਸਾਈ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਦੇ ਦੋਸ਼ ਵਿੱਚ ਨਾਮਜ਼ਦ ਸਿੱਖ ਨੌਜਵਾਨਾਂ ਦੇ ਇਨਾਮ ਘੋਸ਼ਿਤ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਸਿੱਖ ਦੁਸ਼ਮਣ ਲਾਬੀ ਨੂੰ ਲਲਕਾਰਦਿਆਂ ਆਖਿਆ ਗਿਆ ਕਿ ਤੁਹਾਡੇ ਅਜਿਹੇ ਹੱਥਕੰਡੇ ਕੌਮੀ ਅਜ਼ਾਦੀ ਪਸੰਦ ਸੋਚ ਨੂੰ ਝੁਕਾ ਨਹੀਂ ਸਕਦੇ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਦੀਪ ਸਿੱਧੂ, ਜੁਗਰਾਜ ਸਿੰਘ, ਗੁਰਜੋਤ ਸਿੰਘ, ਗੁਰਜੰਟ ਸਿੰਘ,



ਜਸਬੀਰ ਸਿੰਘ, ਸੁਖਦੇਵ ਸਿੰਘ, ਬੂਟਾ ਸਿੰਘ ਅਤੇ ਇਕਬਾਲ ਸਿੰਘ ਨੂੰ ਕੌਮ ਦੇ ਯੋਧੇ ਕਰਾਰ ਦਿੱਤਾ ਗਿਆ। ਇਨਾਂ ਸਿੱਖ ਨੌਜਵਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਜਿਨਾਂ ਨੇ ਖ਼ਾਲਸੇ ਦੀ ਅਜ਼ਾਦ ਹੋਂਦ ਦੇ ਪ੍ਰਗਟਾਵੇ ਦੇ ਪ੍ਰਤੀਕ ਨਿਸ਼ਾਨ ਸਾਹਿਬ ਲਾਲ ਕਿਲੇ ਤੇ ਲਹਿਰਾ ਕੇ ਪੂਰੀ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਕਰਦੀ। ਜ਼ਿਕਰਯੋਗ ਹੈ ਕਿ 37 ਸਾਲ ਪਹਿਲਾਂ ਭਾਰਤੀ ਫ਼ੌਜ ਨੇ ਜੂਨ 1984 ਵੇਲੇ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਭਾਰਤੀ ਫ਼ੌਜ ਨੇ ਅੱਤ ਮਾਰੂ ਹਥਿਆਰਾਂ ਦੀ ਵਰਤੋਂ ਕੀਤੀ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠ ਭਾਰਤੀ ਫ਼ੌਜ ਨਾਲ ਜੂਝਣ ਵਾਲਿਆਂ ਦੀ ਗਿਣਤੀ ਕੇਵਲ ਦੋ ਸੌ ਦੇ ਕਰੀਬ ਸੀ ਜਦਕਿ ਭਾਰਤੀ ਫ਼ੌਜ ਦੀ ਗਿਣਤੀ ਇੱਕ ਲੱਖ ਤੋਂ ਜ਼ਿਆਦਾ ਸੀ। ਭਾਰਤੀ ਫ਼ੌਜ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ ਕਾਬਜ਼ ਹੋਣ ਮਗਰੋਂ ਉੱਥੇ ਜਿੱਤ ਦਾ ਨਿਸ਼ਾਨ ਤਿਰੰਗਾ ਲਗਾਇਆ ਗਿਆ ਸੀ। ਦੂਜੇ ਪਾਸੇ ਕੁੱਝ ਸਿੱਖ ਨੌਜਵਾਨਾਂ ਨੇ ਹਥਿਆਰਾਂ ਬਗੈਰ ਹੀ ਲਾਲ ਕਿਲੇ ਤੇ ਖ਼ਾਲਸਾਈ ਨਿਸ਼ਾਨ ਸਾਹਿਬ ਲਹਿਰਾ ਦਿੱਤੇ ਜੋ ਕਿ ਹਿੰਦੂਤਵੀ ਹਾਕਮਾਂ ਦੇ ਮੂੰਹ ਤੇ ਵੱਡੀ ਚਪੇੜ ਦੀ ਨਿਆਈਂ ਹੈ। ਇਹ ਕਾਰਵਾਈ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਦੀ ਹਿੰਦੂਤਵੀ ਕੇਂਦਰ ਜਾਂ ਪ੍ਰਾਂਤਕ ਸਰਕਾਰਾਂ ਅਜਿਹੇ ਕੋਝੇ ਹੱਥਕੰਡੇ ਵਰਤ ਕੇ ਕੌਮੀ ਅਜ਼ਾਦੀ ਦੀ ਲਹਿਰ ਨੂੰ ਦਬਾ ਨਹੀਂ ਸਕਦੀ।

# ਮਹਾਂਦੋਸ਼ ਸੁਣਵਾਈ ਦੌਰਾਨ ਪੇਸ਼ ਨਹੀਂ ਹੋਵਾਂਗਾ-ਡੋਨਾਲਡ ਟਰੰਪ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਸੈਨੇਟ ਦੀ ਮਹਾਂਦੋਸ਼ ਸੁਣਵਾਈ ਦੌਰਾਨ ਪੇਸ਼ ਨਹੀਂ ਹੋਵੇਗਾ। ਟਰੰਪ ਨੇ ਇਹ ਬਿਆਨ ਡੈਮੋਕ੍ਰੈਟਿਕ ਵਕੀਲਾਂ ਦੀ ਉਸ ਬੇਨਤੀ ਦੇ ਸੰਦਰਭ ਵਿਚ ਦਿੱਤਾ ਹੈ ਜਿਸ ਵਿਚ ਸੰਵਿਧਾਨ ਦੀ ਚੁੱਕੀ ਗਈ ਸਹੁੰ ਤਹਿਤ ਸਾਬਕਾ ਰਾਸ਼ਟਰਪਤੀ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਗਿਆ ਸੀ। ਸਾਬਕਾ ਸੰਵਿਧਾਨਕ ਲਾਅ ਪ੍ਰੋਫੈਸਰ ਜੈਮੀ ਰਸਕਿਨ ਜੋ ਡੈਮੋਕ੍ਰੈਟਸ ਦੇ ਕੇਸ ਦੀ ਅਗਵਾਈ ਕਰ ਰਹੇ ਹਨ, ਨੇ ਟਰੰਪ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਸੀ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ ਮਹਾਂਦੋਸ਼ ਧਾਰਾ ਸਬੰਧੀ ਉਨ੍ਹਾਂ ਵੱਲੋਂ ਦਿੱਤਾ ਗਿਆ ਜਵਾਬ ਨਾ ਕਾਫ਼ੀ ਹੈ। ਇਸ ਵਿਚ ਬਹੁਤ ਸਾਰੇ ਤੱਥਾਂ ਅਧਾਰਿਤ ਦੋਸ਼ਾਂ ਨੂੰ ਨਕਾਰਿਆ ਗਿਆ ਹੈ। ਇਸ ਲਈ ਡੈਮੋਕ੍ਰੈਟਸ ਦੀ ਬੇਨਤੀ ਹੈ ਕਿ ਉਹ ਅਗਲੇ ਸੋਮਵਾਰ ਤੋਂ ਪਹਿਲਾਂ ਜਿੰਨੀ ਛੇਤੀ ਸੰਭਵ ਹੋ ਸਕੇ ਸੁਣਵਾਈ ਦੌਰਾਨ ਹਾਜ਼ਰ ਹੋਣ। ਰਸਕਿਨ ਨੇ ਹੋਰ ਕਿਹਾ ਸੀ ਕਿ ਜੇਕਰ ਤੁਸੀਂ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੰਦੇ ਹੋ ਤਾਂ ਸਾਡੇ ਕੋਲ ਮਹਾਦੋਸ਼ ਮੁਕੱਦਮਾ ਸ਼ੁਰੂ ਕਰਨ ਸਮੇਤ ਸਾਰੇ ਅਧਿਕਾਰ ਰਾਖਵੇਂ ਹੋਣਗੇ। ਇਸ ਪੱਤਰ ਵਿਚ 6 ਜਨਵਰੀ, 2021 ਦੀ ਕੈਪੀਟਲ ਹਿੱਲ ਵਿਖੇ ਵਾਪਰੀ ਘਟਨਾ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਤੁਹਾਡੇ ਇਨਕਾਰ ਦੇ ਸਿੱਟੇ ਮਾੜੇ ਨਿਕਲ ਸਕਦੇ ਹਨ ਜੋ ਤੁਹਾਨੂੰ ਪ੍ਰਭਾਵਿਤ ਕਰਨਗੇ। ਟਰੰਪ ਦੇ ਵਕੀਲਾਂ ਬਰੂਸ ਕੈਸਟਰ ਜੂਨੀਅਰ ਤੇ ਡੇਵਿਡ ਸ਼ੋਇਨ ਨੇ ਇਸ ਦੇ ਜਵਾਬ ਵਿਚ ਰਸਕਿਨ ਨੂੰ ਲਿਖੇ ਪੱਤਰ ਵਿਚ ਦਲੀਲ ਦਿੱਤੀ ਹੈ ਕਿ ਸਾਬਕਾ ਰਾਸ਼ਟਰਪਤੀ ਦੀ ਗਵਾਹੀ ਲੈਣ ਦੀ ਕੋਸ਼ਿਸ਼ ਤੋਂ ਪਤਾ ਲੱਗਦਾ ਹੈ ਕਿ ਡੈਮੋਕਰੈਟਸ ਸਾਬਕਾ ਰਾਸ਼ਟਰਪਤੀ ਵਿਰੁੱਧ ਦੋਸ਼ ਸਾਬਤ ਨਹੀਂ ਕਰ ਸਕਦੇ ਜੋ ਕਿ ਹੁਣ ਇਕ ਆਮ ਸ਼ਹਿਰੀ ਬਣ ਗਏ ਹਨ। ਇਸੇ ਦੌਰਾਨ ਸਾਬਕਾ ਰਾਸ਼ਟਰਪਤੀ ਦੇ ਬੁਲਾਰੇ ਅਲੀ ਪਾਰਡੋ ਨੇ ਸਪੱਸ਼ਟ ਕੀਤਾ ਹੈ ਕਿ ਉਹ ਮਹਾਦੋਸ਼ ਸੁਣਵਾਈ ਦੌਰਾਨ ਹਾਜ਼ਰ ਹੋਣ ਦਾ ਇਰਾਦਾ ਨਹੀਂ ਰੱਖਦੇ। ਸਾਬਕਾ ਰਾਸ਼ਟਰਪਤੀ ਇਕ ਗੈਰ ਸੰਵਿਧਾਨਕ ਸੁਣਵਾਈ ਦੌਰਾਨ ਆਪਣਾ ਪੱਖ ਨਹੀਂ ਰੱਖਣਗੇ।

# ਕਿਸਾਨ ਅੰਦੋਲਨ ਨੂੰ ਕੁਚਲਣ ਲਈ ਕੇਂਦਰ ਸਰਕਾਰ ਮਨੁੱਖਤਾ ਦਾ ਘਾਣ ਕਰ ਰਹੀ ਹੈ : ਸਿੱਖਸ ਆਫ ਅਮਰੀਕਾ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ):** ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ, ਉਪ-ਚੇਅਰਮੈਨ ਸ: ਬਲਜਿੰਦਰ ਸਿੰਘ ਸੰਮੀ ਜੋ ਸਿੱਖ ਐਸੋਸੀਏਸ਼ਨ ਗੁਰੂਘਰ ਬਾਲਟੀਮੋਰ ਗੁਰੂਘਰ ਦੇ ਸਾਬਕਾ ਚੇਅਰਮੈਨ ਨੇ ਦਿੱਲੀ ’ਚ ਚੱਲ ਰਹੇ ਕਿਸਾਨੀ ਅੰਦੋਲਨ ਦੇ ਚੱਲਦਿਆਂ ਇਕ ਬਿਆਨ ਜਾਰੀ ਕਰਦਿਆਂ ਭਾਰਤ ਸਰਕਾਰ ਵੱਲੋਂ ਕਿਸਾਨੀ ਅੰਦੋਲਨ ਨੂੰ ਸਰਕਾਰ ਵੱਲੋਂ ਕੁਚਲਨ ਦੇ ਰਾਹ ਤੇ ਤੁਰੀ ਹੈ ਅਤੇ ਮਨੁੱਖਤਾ ਦਾ ਘਾਣ ਕਰ ਰਹੀ ਹੈ। ਇਨ੍ਹਾਂ ਸਿੱਖ ਆਗੂਆਂ ਨੇ ਕਿਹਾ ਕਿ ਭਾਰਤ ਇਕ ਲੋਕ-ਤੰਤਰ ਦੇਸ ਹੈ ਜਿੱਥੇ ਹਰੇਕ ਵਰਗ ਦੇ ਲੋਕਾਂ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ। ਪ੍ਰੰਤੂ ਕੇਂਦਰ ਦੀ ਸਰਕਾਰ ਵੱਲੋਂ ਕਿਸਾਨਾਂ ਤੇ ਥੋਪੇ ਗਏ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸ਼ੁਰੂਆਤ ’ਚ ਪੰਜਾਬ ਤੋਂ ਦਿੱਲੀ ਜਾਣ ਦੇ ਫ਼ੈਸਲੇ ਤੇ ਕੇਂਦਰ ਸਰਕਾਰ ਦੀ ਸਹਿ ਤੇ ਪਹਿਲੇ ਹਰਿਆਣਾ ਦੀ ਖੱਟੜ ਸਰਕਾਰ ਵੱਲੋਂ ਕਿਸਾਨਾਂ ਦਾ ਰਸਤਾ ਰੋਕਿਆਂ ਜਦੋਂ ਹੁਣ ਕਿਸਾਨ ਬਾਰਡਰਾਂ ਤੇ ਪਹੁੰਚੇ ਹਨ ਹੁਣ ਉਨ੍ਹਾਂ ਨੂੰ ਖਦੇੜਣ ਲਈ ਉਨ੍ਹਾਂ ਨਾਲ ਅਣਮਨੁੱਖੀ ਤਰੀਕਾ ਵਰਤਿਆਂ ਜਾ ਰਿਹਾ ਹੈ। ਇੰਨਾ ਸਿੱਖ ਆਗੂਆਂ ਨੇ ਇਹ ਵੀ ਕਿਹਾ ਕਿ ਲਾਲ ਕਿਲ੍ਹੇ ਉੱਤੇ ਵੜਾਏ ਗਏ ਕੇਸਰੀ ਝੰਡੇ ਨੂੰ ਇਕ ਆਧਾਰ ਬਣਾ ਕੇ ਕੇਂਦਰ ਸਰਕਾਰ ਕਿਸਾਨਾਂ ਦੇ ਅੰਦੋਲਨ ਨੂੰ ਕੁਚਲਨਾ ਚਾਹੁੰਦੀ ਹੈ ਅਤੇ ਸਰਕਾਰ ਕਿਸਾਨਾਂ ਤੇ ਮਨੁੱਖੀ ਤਸ਼ੱਦਦ ਢਾਹ ਰਹੀ ਹੈ। ਪੌਪ ਸਟਾਰ ਰਿਹਾਨਾ ਅਤੇ ਵਾਤਾਵਰਣ ਕਾਰਕੁੰਨ ਗਰੇਟਾ ਤੇ ਮੋਦੀ ਸਰਕਾਰ ਦੀ ਦਖ਼ਲਅੰਦਾਜ਼ੀ ਤਹਿਤ ਦਿੱਲੀ ਪੁਲਿਸ ਵੱਲੋਂ ਪਰਚੇ ਦਰਜ ਕਰਨ ਦੀ ਵੀ ਨਿਖੇਧੀ ਕੀਤੀ ਅਤੇ ਸਰਕਾਰ ਦੀ ਬੁਖਲਾਹਟ ਭਰੀ ਕਾਰਵਾਈ ਕਰਾਰ ਦਿੱਤਾ। ਮੋਰਚੇ ਤੇ ਬੈਠੇ ਬੱਚੇ, ਔਰਤਾਂ ਦੇ ਨਾਲ ਪਰਿਵਾਰਾਂ ਸਮੇਤ ਬੈਠੇ ਕਿਸਾਨਾਂ ਜਿਨ੍ਹਾਂ ਨੂੰ ਵੋਟਾਂ ਵੇਲੇ ਅੰਨਦਾਤਾ ਕਿਹਾ ਜਾਂਦਾ ਸੀ ਦਾ ਬਿਜਲੀ, ਪਾਣੀ ਅਤੇ ਨੈੱਟ ਦੀਆਂ ਸੇਵਾਵਾਂ ਬੰਦ ਕਰਨਾ ਕਿਰਤੀ ਲੋਕਾਂ ਨਾਲ ਦੁਸ਼ਮਣੀ ਵਾਲੇ ਰਿਸ਼ਤੇ ਦੀ ਨਿਸ਼ਾਨੀ ਹੈ।

# ਖਾਲਿਸਤਾਨੀ ਸਮਰਥਕ ਲਖਨਊ ਤੋਂ ਗ੍ਰਿਫਤਾਰ

## ਮੁਲਜਮ ਦਾ ਸਬੰਧ ਖਾਲਿਸਤਾਨ ਸਮਰਥਕ ਪੰਮਾ ਅਤੇ ਮੁਲਤਾਨੀ ਸਿੰਘ ਨਾਲ

**ਲਖਨਊ/ਏ.ਟੀ.ਨਿਊਜ਼:** ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਪੰਜਾਬ ਪੁਲਿਸ ਅਤੇ ਸਥਾਨਕ ਪੁਲਿਸ ਦੀ ਸਾਂਝੀ ਟੀਮ ਨੇ ਖਾਲਿਸਤਾਨੀ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਪੰਜਾਬ ਪੁਲਿਸ ਅਤੇ ਉੱਤਰ ਪ੍ਰਦੇਸ਼ ਪੁਲਿਸ ਦੀ ਸਾਂਝੀ ਟੀਮ ਨੇ ਬੀਤੇ ਦਿਨੀਂ ਲੋੜੀਂਦੇ ਮੁਲਜਮ ਜਗਦੇਵ ਸਿੰਘ ਉਰਫ ਜੱਗਾ ਨੂੰ ਲਖਨਊ ਦੇ ਵਿਕਾਸ ਨਗਰ ਇਲਾਕੇ ਵਿਚੋਂ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਮੁਲਜਮ ਦਾ ਸਬੰਧ ਖਾਲਿਸਤਾਨ ਸਮਰਥਕ ਪਰਮਜੀਤ ਸਿੰਘ ਪੰਮਾ ਅਤੇ ਮੁਲਤਾਨੀ ਸਿੰਘ ਨਾਲ ਹੈ। ਪੁਲਿਸ ਦਾ ਦਾਅਵਾ ਹੈ ਕਿ ਪਰਮਜੀਤ ਹਾਲ ਦੀ ਘੜੀ ਇੰਗਲੈਂਡ ਅਤੇ ਮੁਲਤਾਨੀ ਜਰਮਨੀ ਵਿੱਚ ਰਹਿ ਕੇ ਦੇਸ਼ ਵਿਰੋਧੀ ਗਤੀਵਿਧੀਆਂ ਕਰ ਰਿਹਾ ਹੈ। ਇਨ੍ਹਾਂ ਦੋਨਾਂ ’ਤੇ ਪੰਜਾਬ ਵਿੱਚ ਦੇਸ਼ ਵਿਰੋਧੀ ਗਤੀਵਿਧੀਆਂ ਕਰਨ, ਹਿੰਸਾ ਦੀ ਸਾਜ਼ਿਸ਼ ਰਚਣ, ਸ਼ਾਂਤੀ ਅਤੇ ਧਾਰਮਿਕ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਭਾਜਪਾ ਦੇ ਅੜੀਅਲ ਵਤੀਰੇ ਤੋਂ ਹੋਏ ਖਫਾ ਬੀ. ਜੇ. ਪੀ. ਓਵਰਸੀਜ਼ ਮੈਰੀਲੈਂਡ ਕੋ-ਆਰਡੀਨੇਟਰ ਬਲਜਿੰਦਰ ਸੰਮੀ ਨੇ ਦਿੱਤਾ ਅਸਤੀਫ਼ਾ

**ਮੈਰੀਲੈਂਡ/ਸੁਰਿੰਦਰ ਗਿੱਲ:** ਭਾਰਤੀ ਜਨਤਾ ਪਾਰਟੀ ਓਵਰਸੀਜ਼ ਵਿੰਗ ਦੇ ਮੈਰੀਲੈਂਡ ਕੋਆਰਡੀਨੇਟਰ ਬਲਜਿੰਦਰ ਸਿੰਘ ਸੰਮੀ ਨੇ ਕਿਸਾਨ ਸੰਘਰਸ਼ ਦੀ ਹਮਾਇਤ ਵਿੱਚ ਬੀ. ਜੇ. ਪੀ. ਓਵਰਸੀਜ਼ ਕੋ-ਆਰਡੀਨੇਟਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਜਿੱਥੇ ਅਮਰੀਕਾ ਵਿੱਚ ਬੀ. ਜੇ. ਪੀ. ਸਿੱਖ ਵਿੰਗ ਦਾ ਲਗਭਗ ਭੋਗ ਪੈ ਗਿਆ ਹੈ। ਬਲਜਿੰਦਰ ਸਿੰਘ ਸੰਮੀ ਨੇ ਕਿਹਾ ਕਿ ਬੀ. ਜੇ. ਪੀ. ਦਾ ਹਠੀ ਵਤੀਰਾ ਅਤੇ ਹੈਂਕੜਬਾਜੀ ਮੈਨੂੰ ਪਸੰਦ ਨਹੀਂ ਹੈ ਤੇ ਉਨ੍ਹਾਂ ਭਾਜਪਾ ਦੇ ਅੜੀਅਲ ਵਤੀਰੇ ਦੀ ਜਮ ਕੇ ਵਿਰੋਧਤਾ ਕੀਤੀ ਤੇ ਕਿਸਾਨ ਭਰਾਵਾਂ ਦੀਆਂ ਮੰਗਾਂ ਨੂੰ ਡਟਵਾਂ ਸਮਰਥਨ ਦਿੱਤਾ।

ਇੱਥੇ ਜ਼ਿਕਰਯੋਗ ਹੈ ਕਿ ਉਨ੍ਹਾਂ ਕਿਹਾ ਕਿ ਇੰਟਰਨੈੱਟ ਕੱਟ ਦੇਣਾ, ਬਿਜਲੀ ਪਾਣੀ ਬੰਦ ਕਰਨਾ ਇਹ ਸਿਆਣਪ ਨਹੀਂ ਹੈ, ਇਹ ਤਾਂ ਤਾਨਾਸ਼ਾਹੀ ਰਾਜ ਦੀਆਂ ਨਿਸ਼ਾਨੀਆਂ ਹਨ। ਮਾਨਵਤਾ ਨਾਲ ਖਿਲਵਾੜ ਕਰਨ ਵਾਲੀਆਂ ਕਾਰਵਾਈਆਂ ਕਰਕੇ ਬੀ. ਜੇ. ਪੀ. ਸਰਕਾਰ ਨੇ ਵਿਦੇਸ਼ਾਂ ਵਿੱਚ ਵੀ ਆਪਣੀ ਥੂ-ਥੂ ਕਰਵਾ ਲਈ ਹੈ। ਹੁਣ ਤਾਂ ਅਮਰੀਕਾ ਤੇ ਹੋਰਾਂ ਦੇਸਾਂ ਦੀਆਂ ਵੱਡੀਆਂ ਹਸਤੀਆਂ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਆ ਖੜ੍ਹੀਆਂ ਹੋਈਆਂ ਹਨ। ਹੁਣ ਉਹ ਦਿਨ ਦੂਰ ਨਹੀਂ ਜਦੋਂ ਇਹ ਕਾਲੇ ਕਨੂੰਨ ਰੱਦ ਕਰਨ ਤੋਂ ਸਿਵਾਏ ਸੈਂਟਰ ਦੀ ਸਰਕਾਰ ਕੋਲ ਕੋਈ ਹੋਰ ਰਾਹ ਨਹੀਂ ਬਚੇਗਾ। ਕੇਂਦਰ ਸਰਕਾਰ ਨੂੰ ਵਹਿਮ ਹੈ ਕਿ ਉਹ ਸੰਘਰਸ਼ ਨੂੰ ਦਬਾ ਦੇਵੇਗੀ, ਪਰ ਇਸ ਤਰ੍ਹਾਂ ਕਦੀ ਨਹੀਂ ਹੋ ਸਕਦਾ। ਬੀ. ਜੇ. ਪੀ. ਨੂੰ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਭਵਿੱਖ ਵਿੱਚ ਪੈ ਸਕਦਾ ਹੈ। ਜਿਸ ਦਾ ਮੁੱਖ ਕਾਰਨ ਸਿੱਖਾਂ ਵੱਲੋਂ ਮੁਕੰਮਲ ਤੌਰ ਤੇ ਬੀ. ਜੇ. ਪੀ. ਤੋਂ ਪਾਸਾ ਮੋੜਨਾ ਹੈ। ਅੱਜ ਦੀ ਤਾਰੀਖ਼ ਵਿੱਚ ਬੀ. ਜੇ. ਪੀ. ਦਾ ਆਧਾਰ ਅਮਰੀਕਾ ਵਿੱਚ ਖ਼ਾਤਮੇ ਵੱਲ ਜਾ ਰਿਹਾ ਹੈ। ਬਲਜਿੰਦਰ ਸਿੰਘ ਸੰਮੀ ਦੇ ਅਸਤੀਫ਼ੇ ਦਾ ਸਿੱਖ ਭਾਈਚਾਰੇ ਵੱਲੋਂ ਸਵਾਗਤ ਕੀਤਾ ਗਿਆ ਹੈ। ਕਿਉਂਕਿ ਸਮਾਜਿਕ ਵਿਰੋਧ ਕਰਕੇ ਸੰਮੀ ਕਾਫ਼ੀ ਪ੍ਰੇਸ਼ਾਨ ਸਨ। ਜਿਨ੍ਹਾਂ ਨੂੰ ਹੋਰ ਕੋਈ ਰਾਹ ਨਹੀਂ ਦਿਸ ਰਿਹਾ ਸੀ। ਜਿਸ ਦੇ ਇਵਜਾਨੇ ਅਸਤੀਫ਼ਾ ਹੀ ਇੱਕੋ ਇੱਕ ਵਿਕਲਪ ਸੀ। ਜੋ ਉਹਨਾਂ ਬੀ. ਜੇ. ਪੀ. ਤੋਂ ਮੁਕਤੀ ਲੈ ਲਈ ਹੈ ਅਤੇ ਕਿਸਾਨਾਂ ਦੀ ਹਮਾਇਤ ਵਿੱਚ ਜੁੱਟ ਗਏ ਹਨ।

# ਭਾਜਪਾ ਦੇ ਆਈਟੀ ਸੈੱਲ ਨੂੰ ਭਾਰਤ ਦਾ ਸਰਕਾਰੀ ਮਹਿਕਮਾ ਬਣਾਉਣ ਦੀ ਤਿਆਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅੱਜ ਦੀ ਦੁਨੀਆ ਵਿਚ ਸੋਸ਼ਲ ਮੀਡੀਆ ਰਾਹੀਂ ਫੈਲਾਏ ਜਾਂਦੇ ਵਿਚਾਰ ਰਾਜਨੀਤੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਤ ਕਰਦੇ ਹਨ ਅਤੇ ਇਸੇ ਕਰਕੇ ਰਾਜਨੀਤਕ ਪਾਰਟੀਆਂ ਵੱਲੋਂ ਕਰੋੜਾਂ ਰੁਪਏ ਦੇ ਖਰਚ ਨਾਲ ਆਪਣੇ ਆਈ ਟੀ ਸੈੱਲ ਖੜ੍ਹੇ ਕੀਤੇ ਗਏ ਹਨ ਜੋ ਫੇਸਬੁੱਕ, ਟਵਿੱਟਰ, ਵਟਸਐਪ ਤੇ ਹੋਰ ਸੋਸ਼ਲ ਮੀਡੀਆ ਮੰਚਾਂ 'ਤੇ ਆਪਣੇ ਰਾਜਨੀਤਕ ਅਜੈਂਡੇ ਨੂੰ ਫੈਲਾਉਣ ਦਾ ਕੰਮ ਕਰਦੇ ਹਨ। ਭਾਜਪਾ ਦੇ ਆਈਟੀ ਸੈਲ ਨੂੰ ਭਾਰਤ ਦੀਆਂ ਸਿਆਸੀ ਧਿਰਾਂ ਵਿਚ ਸਭ ਤੋਂ ਮਜ਼ਬੂਤ ਮੰਨਿਆ ਜਾਂਦਾ ਹੈ ਅਤੇ ਭਾਜਪਾ ਵਿਰੋਧੀਆਂ ਖਿਲਾਫ ਨਫਰਤ ਦਾ ਮਾਹੌਲ ਸਿਰਜਣ ਵਿਚ ਇਸਦਾ ਵੱਡਾ ਹੱਥ ਹੁੰਦਾ ਹੈ। ਹੁਣ ਰਿਪੋਰਟਾਂ ਬਾਹਰ ਆ ਰਹੀਆਂ ਹਨ ਕਿ ਭਾਜਪਾ ਆਪਣੇ ਇਸ ਆਈਟੀ ਸੈੱਲ ਨੂੰ ਇਕ ਟੇਢੇ ਰਾਹ ਰਾਹੀਂ ਸਰਕਾਰੀ ਘੇਰੇ ਵਿਚ ਲਿਆਉਣ ਜਾ ਰਹੀ ਹੈ।




**ਸੋਸ਼ਲ ਮੀਡੀਆ 'ਤੇ ਨਿਗਰਾਨੀ ਰੱਖਣ ਲਈ ਗ੍ਰਹਿ ਮੰਤਰਾਲੇ ਦਾ ਵਲੰਟੀਅਰ ਪ੍ਰੋਗਰਾਮ**

ਇਕ ਨਵਾਂ ਵਿਵਾਦਤ ਕਦਮ ਚੁੱਕਦਿਆਂ ਭਾਰਤ ਦੇ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਦੇ ਸਾਈਬਰ ਕਰਾਈਮ ਸੈੱਲ ਨੇ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਪ੍ਰੋਗਰਾਮ ਅਧੀਨ ਆਮ ਨਾਗਰਿਕ ਬਤੌਰ ਵਲੰਟੀਅਰ ਜੁੜ ਸਕਣਗੇ ਅਤੇ ਇਹਨਾਂ ਦਾ ਕੰਮ ਸਰਕਾਰ ਨੂੰ ਅਜਿਹੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਜਾਣਕਾਰੀ ਦੇਣਾ ਹੋਵੇਗਾ ਜਿਹਨਾਂ ਪੋਸਟਾਂ ਨੂੰ ਇਹ ਵਲੰਟੀਅਰ ਅੱਤਵਾਦ, ਦੇਸ਼ ਵਿਰੋਧੀ ਗਤੀਵਿਧੀਆਂ, ਪੋਰਨੋਗ੍ਰਾਫੀ ਤੇ ਕੱਟੜਤਾ ਫੈਲਾਉਣ ਵਾਲੀਆਂ ਸਮਝਦੇ ਹੋਣਗੇ।

ਇੰਡੀਅਨ ਐਕਸਪ੍ਰੈਸ ਅਖਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਛਾਪਿਆ ਹੈ ਕਿ ਭਾਰਤ ਸਰਕਾਰ ਨੇ ਇਹ ਪ੍ਰੋਗਰਾਮ ਜੰਮੂ ਕਸ਼ਮੀਰ ਅਤੇ ਤ੍ਰਿਪੁਰਾ ਵਿਚ ਸ਼ੁਰੂ ਵੀ ਕਰ ਦਿੱਤਾ ਹੈ ਤੇ ਇਸ ਤੋਂ ਬਾਅਦ ਇਹ ਸਾਰੇ ਭਾਰਤ ਵਿਚ ਸ਼ੁਰੂ ਕੀਤਾ ਜਾਵੇਗਾ।

**ਲੋਕਾਂ ਦੀ ਬੋਲਣ ਦੀ ਅਜ਼ਾਦੀ 'ਤੇ ਵੱਡਾ ਹਮਲਾ ਹੋਣ ਦਾ ਖਤਰਾ**

ਭਾਰਤ ਸਰਕਾਰ ਦਾ ਇਹ ਕਦਮ ਭਾਜਪਾ ਨਾਲ ਅਸਿਹਮਤੀਆਂ ਰੱਖਦੇ ਸਾਰੇ ਭਾਰਤੀਆਂ ਦੀ ਅਵਾਜ਼ ਬੰਦ ਕਰ ਸਕਦਾ ਹੈ। ਸਰਕਾਰ ਨੇ ਵਲੰਟੀਅਰਾਂ ਦੀ ਚੋਣ ਲਈ ਕੋਈ ਨਿਯਮ ਤੈਅ ਨਹੀਂ ਕੀਤੇ ਹਨ ਪਰ ਇਹਨਾਂ ਵਲੰਟੀਅਰਾਂ ਵੱਲੋਂ ਦੇਸ਼ ਵਿਰੋਧੀ ਐਲਾਨੀ ਕਿਸੇ ਸੋਸ਼ਲ ਮੀਡੀਆ ਪੋਸਟ 'ਤੇ ਸਰਕਾਰ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਅਧੀਨ ਕਾਰਵਾਈ ਕਰ ਸਕਦੀ ਹੈ ਤੇ ਪੋਸਟ ਪਾਉਣ ਵਾਲੇ ਵਿਅਕਤੀ ਨੂੰ ਜੇਲ੍ਹ ਵਿਚ ਬੰਦ ਕਰ ਸਕਦੀ ਹੈ।

## ਕੈਂਸਰ ਪੀੜਤ ਸਾਬਕਾ ਹੈਵੀਵੇਟ ਬਾਕਸਿੰਗ ਚੈਂਪੀਅਨ ਲੇਆਨ ਸਪਿੰਕਸ ਦਾ ਦੇਹਾਂਤ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸਾਬਕਾ ਹੈਵੀਵੇਟ ਚੈਂਪੀਅਨ ਲੇਆਨ ਸਪਿੰਕਸ ਦਾ 67 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਪ੍ਰੋਸਟੇਟ ਕੈਂਸਰ ਤੋਂ ਪੀੜਤ ਲੇਆਨ ਨੇ ਆਪਣੇ ਆਖ਼ਰੀ ਸਾਹ ਹੇਂਡਰਸਨ, ਨਵੇਡਾ ਵਿਚ ਆਪਣੇ ਘਰ ਨੇੜੇ ਸਥਿਤ ਇਕ ਹਸਪਤਾਲ ਵਿਚ ਲਏ। ਕੌਮਾਂਤਰੀ ਪੱਧਰ ਉੱਪਰ ਬਾਕਸਿੰਗ ਵਿਚ ਪ੍ਰਸਿੱਧੀ ਹਾਸਲ ਕਰਨ ਤੋਂ ਪਹਿਲਾਂ ਉਹ ਸਮੁੰਦਰੀ ਫ਼ੌਜ ਵਿਚ ਨੌਕਰੀ ਕਰਦਾ ਸੀ। 1978 ਵਿਚ ਉਸ ਨੇ ਜੱਜਾਂ ਦੇ ਇਕ ਵਿਭਾਜਤ ਫ਼ੈਸਲੇ ਵਿਚ ਮੁਹੰਮਦ ਅਲੀ ਨੂੰ ਹਰਾ ਕੇ ਵਿਸ਼ਵ ਹੈਵੀਵੇਟ ਖ਼ਿਤਾਬ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ।

## ਮਿਨੀਸੋਟਾ ਦੀ ਇਕ ਹੈਲਥ ਕੇਅਰ ਕਲੀਨਿਕ ਵਿਚ ਗੋਲੀਬਾਰੀ ਵਿੱਚ ਇਕ ਮੌਤ, 4 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਬੁਫਾਲੋ, ਮਿਨੀਸੋਟਾ ਦੀ ਇਕ ਹੈਲਥ ਕੇਅਰ ਕਲੀਨਿਕ ਵਿਚ ਇਕ ਵਿਅਕਤੀ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 5 ਜਣੇ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਇਕ ਬਾਅਦ ਵਿਚ ਦਮ ਤੋੜ ਗਿਆ। ਇਹ ਜਾਣਕਾਰੀ ਹੈਨਪਿਨ ਕਾਊਂਟੀ ਮੈਡੀਕਲ ਸੈਂਟਰ ਦੇ ਬੁਲਾਰੇ ਕ੍ਰਿਸਟਾਈਨ ਹਿੱਲ ਨੇ ਦਿੱਤੀ ਹੈ। ਮ੍ਰਿਤਕ ਅਲੀਨਾ ਹੈਲਥ ਕੇਅਰ ਕਲੀਨਿਕ ਦਾ ਸਟਾਫ ਮੈਂਬਰ ਸੀ ਜਾਂ ਕੋਈ ਹੋਰ ਸੀ, ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਗੋਲੀ ਚਲਾਉਣ ਵਾਲੇ ਵਿਅਕਤੀ ਦੀ ਉਮਰ 67 ਸਾਲ ਸੀ ਤੇ ਉਸ ਦੀ ਹੈਲਥ ਕੇਅਰ ਕਲੀਨਿਕ ਵਿਚ ਚੰਗੀ ਜਾਣ ਪਛਾਣ ਸੀ। ਬੁਫਾਲੋ ਪੁਲਿਸ ਮੁਖੀ ਪੈਟ ਬੁਡਕ ਨੇ ਦਸਿਆ ਕਿ ਪੁਲਿਸ ਨੇ ਸੂਚਨਾ ਮਿਲਣ 'ਤੇ ਮੌਕੇ ਉਪਰ ਪਹੁੰਚ ਕੇ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਸ਼ੱਕੀ ਦੀ ਪਛਾਣ ਜਾਰਜ ਉਲਰਿਚ ਵਜੋਂ ਹੋਈ ਹੈ ਜੋ ਪਿਛਲੇ ਲੰਬੇ ਸਮੇਂ ਤੋਂ ਇਸ ਇਲਾਕੇ ਵਿਚ ਰਹਿ ਰਿਹਾ ਹੈ। ਗੋਲੀ ਚਲਾਉਣ ਦੇ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕੇ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਇਸ ਸਬੰਧੀ ਮੌਕੇ 'ਤੇ ਮੌਜੂਦ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।



*ਅਲੀਨਾ ਹੈਲਥ ਕੇਅਰ ਕਲੀਨਿਕ ਵਿਚ ਗੋਲੀਬਾਰੀ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ*

# ਟਵਿਟਰ ਦੇ ਖਾਤੇ ਸਸਪੈਂਡ ਨਹੀਂ ਹੋਣਗੇ - ਟਵਿਟਰ ਕੰਪਨੀ

## ਭਾਰਤ ਵੱਲੋਂ ਟਵਿਟਰ ਨੂੰ ਕਨੂੰਨੀ ਸਿਕੰਜੇ ਵਿੱਚ ਫਸਾਉਣ ਦੀ ਧਮਕੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਟਵਿਟਰ ਨੂੰ ਤਕਰੀਬਨ 1200 ਖਾਤਿਆਂ ਨੂੰ ਬੰਦ ਕਰਣ ਲਈ ਬੇਨਤੀ ਕੀਤੀ ਗਈ ਸੀ ਪਰ ਟਵਿਟਰ ਨੇ ਉਸਦਾ ਕੋਈ ਜੁਆਬ ਦੇਣ ਦੀ ਬਜਾਏ ਕਿਹਾ ਹੈ ਕਿ ਲੋਕਾਂ ਨੂੰ ਆਪਣੀ ਗੱਲ ਖੁੱਲ੍ਹ ਕੇ ਕਰਣ ਨਾਲ ਹੀ ਦੁਨੀਆਂ ਤੇ ਪ੍ਰਭਾਵ ਪੈਂਦਾ ਹੈ ਇਸਲਈ ਲੋਕਾਂ ਵੱਲੋਂ ਕੀਤੀ ਟਵੀਟ ਚੱਲਦੀ ਰਹਿਣੀ ਚਾਹੀਦੀ ਹੈ।

ਯਾਦ ਰਹੇ 31 ਜਨਵਰੀ ਨੂੰ ਭਾਰਤ ਸਰਕਾਰ ਨੇ 250 ਖਾਤਿਆਂ ਦੀ ਲਿਸਟ ਟਵਿਟਰ ਨੂੰ ਭੇਜੀ ਸੀ ਅਤੇ ਜਿਹੜੇ ਉਹਨਾਂ ਨੇ ਸਸਪੈਂਡ ਵੀ ਕਰ ਦਿੱਤੇ ਸਨ ਪਰ ਅਗਲੇ 6 ਘੰਟਿਆਂ ਵਿੱਚ ਹੀ ਉਹ ਫੇਰ ਚਾਲੂ ਹੋ ਗਏ ਸਨ। ਜਦੋਂ ਉਹ ਖਾਤੇ ਦੁਬਾਰਾ ਚਾਲੂ ਕਰ ਦਿੱਤੇ ਗਏ ਤਾਂ ਭਾਰਤ ਸਰਕਾਰ ਨੇ ਭਾਰਤ ਵਿੱਚ ਟਵਿਟਰ ਦੇ ਕਰਮਚਾਰੀਆਂ ਤੇ ਕਾਨੂੰਨੀ ਕਾਰਵਾਈ ਕਰਣ ਦੀ ਧਮਕੀ ਵੀ ਦਿੱਤੀ ਸੀ ਪਰ ਉਸਤੋਂ ਬਾਅਦ ਅਮਰੀਕਾ ਦੀ ਪ੍ਰਸਿੱਧ ਗਾਇਕਾ ਨੇ ਕਿਸਾਨਾਂ ਦੇ ਹੱਕ ਵਿੱਚ ਟਵੀਟ ਕਰਣ ਤੋਂ ਬਾਅਦ ਦੁਨੀਆਂ ਦੀਆਂ ਸਖਸੀਅਤਾਂ ਨੇ ਵੀ ਬਹੁਤ ਟਵੀਟ ਕੀਤੇ ਅਤੇ ਉਹਨਾਂ ਵਿਰੁੱਧ ਭਾਰਤ ਨੇ ਕੰਗਨਾ ਰਣਾਵਤ ਤੇ ਹੋਰ ਫਿਲਮੀ ਸਤਾਰਿਆਂ ਤੋਂ ਭਾਰਤ ਸਰਕਾਰ ਦੇ ਹੱਕ ਵਿੱਚ ਟਵੀਟ ਕਰਵਾਏ। ਟਵਿਟਰ ਦੇ ਮਾਲਕ ਜੈਕ ਡੋਰਸੀ ਨੇ ਵੀ ਗਾਇਕਾ ਰਿਹਾਨਾ ਦੀ ਟਵੀਟ ਨੂੰ ਲਾਈਕ ਕੀਤਾ ਤੇ ਕੰਗਨਾ ਵੱਲੋਂ ਭੱਦੀ ਭਾਸਾ ਵਾਲੇ ਟਵੀਟ ਮਿਟਾ (ਡਲੀਟ) ਕੀਤੇ ਗਏ। ਇਸਤੇ ਭੜਕੀ ਕੰਗਨਾ ਨੇ ਟਵਿਟਰ ਨੂੰ ਹੀ ਧਮਕੀ ਕੱਢ ਮਾਰੀ ਕਿ ਜੇ ਟਵਿਟਰ ਨੇ ਭਾਰਤ ਵਿੱਚ ਰਹਿਣਾ ਹੈ ਤਾਂ ਇਹ ਕੰਮ ਨਾਂ ਕਰੇ ਨਹੀਂ ਤਾਂ ਚੀਨ ਦੇ ਟਿੱਕ ਟੋਕ ਵਾਲੀ ਹੋਵੇਗੀ ਭਾਵ ਭਾਰਤ ਵਿੱਚ ਟਵਿਟਰ ਬੰਦ ਕੀਤਾ ਜਾਵੇਗਾ।

ਟਵਿਟਰ ਨੇ ਕਿਹਾ ਹੈ ਕਿ ਉਹ ਭਾਰਤ ਨਾਲ ਗੱਲ-ਬਾਤ ਕਰਦਾ ਰਹੇਗਾ ਪਰ ਕੰਪਨੀ ਦੇ ਸਿਧਾਂਤ ਨੂੰ ਅੱਖੋਂ ਪਰੋਖੇ ਵੀ ਨਹੀਂ ਕੀਤਾ ਜਾਵੇਗਾ।

## ਮਾਸਟਰ ਸੇਵਾ ਸਿੰਘ ਜੀ ਬੀੜ ਰਾਊਕੇ ਗੁਰਪੁਰੀ ਸਿਧਾਰੇ



**ਫਰੀਮਾਂਟ/(ਗੁਰਸੇਵਕ ਸਿੰਘ ਮੁਸਾਫਿਰ):** ਇਹ ਖਬਰ ਬੜੇ ਹੀ ਦੁੱਖ ਨਾਲ ਪੜੀ ਜਾਵੇਗੀ ਕਿ ਭਾਈਚਾਰੇ ਦੇ ਬਹੁਤ ਹੀ ਸਤਿਕਾਰਯੋਗ ਮਾਸਟਰ ਸੇਵਾ ਸਿੰਘ ਜੀ ਬੀੜ ਰਾਊਕੇ ਵਾਹਿਗੁਰੂ ਵਲੋਂ ਬਖਸੀ ਸਵਾਸਾਂ ਦੀ ਪੂੰਜੀ ਖਰਚਦੇ ਹੋਏ ਗੁਰਪੁਰੀ ਸਿਧਾਰ ਗਏ ਹਨ। ਆਪ ਜੀ ਦਾ ਜਨਮ ਜਿਲਾ ਮੋਗਾ ਦੇ ਪਿੰਡ ਬੀੜ ਰਾਊਕੇ ਵਿਖੇ 1944 ਚ ਪਿਤਾ ਸ. ਈਸਰ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦੋ ਭਰਾ ਤੇ ਦੋ ਭੈਣਾਂ ਵਿਚੋਂ ਸਭ ਤੋਂ ਛੋਟ ਸਨ ਆਪ ਜੀ ਨੇ ਬੀ.ਐੱਸ ਸੀ , ਬੀ.ਐਡ ਮੋਗਾ ਦੇ ਡੀਐਮ ਕਾਲਜ ਵਿਚੋਂ ਕੀਤੀ। ਆਪ ਜੀ ਦਾ ਵਿਆਹ 1967 ਚ ਅਧਿਆਪਕਾ ਬੀਬੀ ਦਲਜੀਤ ਕੌਰ ਨਾਲ ਹੋਇਆ ਜਿਸ ਦੀ ਕੁੱਖੋਂ ਇੱਕ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। 1966 ਤੋਂ ਸਰਕਾਰੀ ਅਧਿਆਪਕ ਵਜੋਂ ਜਿਲਾ ਮੋਗਾ ਦੇ ਪਿੰਡ ਦੌਲੇਵਾਲਾ ਸਰਕਾਰੀ ਸਕੂਲ ਚ ਗੁਰੂ ਨੌਕਰੀ ਕੀਤੀ। ਆਪ ਜੀ 2002 ਵਿਚ ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਧੂੜਕੋਟ ਰਣਸੀਹ (ਮੋਗਾ) ਵਿੱਚ ਹਿਸਾਬ ਦੇ ਅਧਿਆਪਕ ਵਜੋਂ ਰਿਟਾਇਰ ਹੋਏ। ਆਪ ਜੀ ਕੁਦਰਤ ਪ੍ਰੇਮੀ ਸਨ ਜਿਸ ਕਾਰਨ ਉਹਨਾਂ ਦਾਤਾਵਰਤੋਂ ਇਲਾਵਾ ਪਸ਼ੂਆਂ, ਪੰਛੀਆਂ ਨਾਲ ਵੀ ਤੇਹ ਸੀ। ਆਪ ਜੀ ਘੋੜਸਵਾਰੀ ਦੇ ਵੀ ਸੌਕੀਨ ਸਨ ਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਪਾਲ ਕੇ ਰੱਖਦੇ ਸਨ। 2007 ਵਿਚ ਆਪ ਜੀ ਅਮਰੀਕਾ ਆ ਗਏ। ਆਪ ਜੀ ਆਪਣੇ ਛੇ ਪੋਤੇ ਪੋਤੀਆਂ/ਦੋਹਤੇ ਦੋਹਤੀਆ ਵਾਲਾ ਹਸਦਾ ਵਸਦਾ ਪਰਿਵਾਰ ਛੱਡ ਕੇ ਅਕਾਲ ਪੁਰਖ ਦੇ ਚਰਨੀਂ ਜਾ ਲੱਗੇ ਹਨ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਫੋਨ ਨੰਬਰ 408-580-6063 ਤੇ ਉਨਾਂ ਦੇ ਸਪੁੱਤਰ ਹਰਬਖਸ ਸਿੰਘ ਬੀੜ ਰਾਊਕੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੁਪਰਡੈਂਟ ਤਿਹਾੜ ਜੇਲ ਨੰ.1 ਨੇ ਗ੍ਰਿਫ਼ਤਾਰ ਕਿਸਾਨ ਨੂੰ ਡਰਾਉਣ ਲਈ ਬੰਦੀ ਸਿੰਘਾਂ ਤੇ ਢਾਹਿਆ ਅੰਨਾ ਤਸ਼ੱਦਦ -ਜਥੇਦਾਰ ਹਵਾਰਾ ਕਮੇਟੀ

## ਕੇਜਰੀਵਾਲ ਨੂੰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸਰਬੱਤ ਖ਼ਾਲਸਾ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਸਰਪ੍ਰਸਤੀ ਹੇਠ ਕਾਰਜਸ਼ੀਲ ਕਮੇਟੀ ਨੇ ਦੋਸ਼ ਲਗਾਇਆ ਕਿ ਤਿਹਾੜ ਜੇਲ ਨੰ.1 ਅੰਦਰ ਪੰਜਾਬ 'ਚ ਹੋਈਆ ਟਾਰਗਿਟ ਕਿਲਿੰਗ ਦੇ ਸਬੰਧ ਵਿੱਚ ਨਜ਼ਰਬੰਦ ਅਮਨਿੰਦਰ ਸਿੰਘ ਫਤਹਿਗੜ ਸਾਹਿਬ ਤੇ ਧਰਮਿੰਦਰ ਸਿੰਘ ਗੁਗਨੀ ਤੇ ਪਿਛਲੇ ਦਿਨੀਂ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਜੇਲ ਦੀ ਅਗਵਾਈ ਹੇਠ ਜੇਲ ਸਟਾਫ਼ ਨੇ ਇਨਾਂ ਦੇ ਕੱਪੜੇ ਉਤਰਵਾ ਕੇ ਪੁੱਠਾ ਲਟਕਾਇਆ ਤੇ ਡਾਂਗਾਂ ਨਾਲ ਅੰਨੇਵਾਹ ਤਸ਼ੱਦਦ ਕੀਤਾ ਹੈ। ਉਨਾਂ ਦੀ ਸਰੀਰਕ ਹਾਲਤ ਤਸ਼ੱਦਦ ਕਾਰਨ ਵਿਗੜੀ ਹੋਈ ਹੈ ਅਤੇ ਉਨਾਂ ਦੀ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ। ਕਮੇਟੀ ਆਗੂਆਂ ਨੇ ਕਿਹਾ ਕਿਸਾਨ ਸੰਘਰਸ਼ ਨਾਲ ਸਬੰਧਤ 26 ਜਨਵਰੀ ਦੀ ਟਰੈਕਟਰ ਪਰੇਡ ਦੌਰਾਨ ਦਿੱਲੀ ਦੇ ਵੱਖ ਵੱਖ ਥਾਣਿਆਂ ਤੋਂ ਗ੍ਰਿਫ਼ਤਾਰ ਕਰਕੇ ਤਿਹਾੜ ਜੇਲ ਵਿੱਚ ਭੇਜੇ ਕਿਸਾਨਾਂ ਨੂੰ ਡਰਾਉਣ ਲਈ ਬੰਦੀ ਸਿੰਘਾਂ ਤੇ ਗੈਰ-ਕਾਨੂੰਨੀ ਤੇ ਗੈਰ-ਮਨੁੱਖੀ ਢੰਗਾਂ ਨਾਲ ਤਸੀਹੇ ਦਿੱਤੇ ਜਾ ਰਹੇ ਹਨ ਜਿਸ ਕਾਰਨ ਬੰਦੀ ਸਿੰਘਾਂ ਦੇ ਪਰਿਵਾਰਾਂ ਅਤੇ ਕਿਸਾਨ ਭਾਈਚਾਰੇ ਵਿੱਚ ਰੋਸ ਹੈ। ਦਿੱਲੀ ਦੀਆਂ ਜੇਲਾਂ ਕੇਜਰੀਵਾਲ ਦੀ ਸਰਕਾਰ ਦੇ ਪ੍ਰਬੰਧ ਅਧੀਨ ਹਨ ਇਸ ਲਈ ਹਵਾਰਾ ਕਮੇਟੀ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅਪੀਲ ਕੀਤੀ ਹੈ ਕਿ ਤਿਹਾੜ ਜੇਲ ਨੰ.1 ਦੇ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਦੀ ਫ਼ਿਰਕਾਪ੍ਰਸਤ ਸੋਚ ਨੂੰ ਦੇਖਦਿਆਂ ਉਨਾਂ ਖ਼ਿਲਾਫ਼ ਕਾਰਵਾਈ ਕਰਕੇ ਕਿਸੇ ਹੋਰ ਥਾਂ ਤੇ ਤਬਦੀਲ ਕੀਤਾ ਜਾਵੇ ਜਿੱਥੇ ਉਨਾਂ ਦਾ ਬੰਦੀਆਂ ਨਾਲ ਪ੍ਰਸ਼ਾਸਨਿਕ ਸੰਬੰਧ ਨਾਂ ਹੋਵੇ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਇਸ ਸੰਬੰਧੀ ਨੈਸ਼ਨਲ ਹਿਊਮਨ ਰਾਈਟਸ ਕਮੀਸ਼ਨ ਕੋਲ ਜੇਲ ਅਧਿਕਾਰੀਆਂ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਹੈ ਜਿਸ ਅਨੁਸਾਰ ਇਨਾਂ ਤੇ 28/29 ਜਨਵਰੀ ਦੀ



ਰਾਤ ਨੂੰ ਤਸ਼ੱਦਦ ਕੀਤਾ ਗਿਆ ਤੇ ਕਿਹਾ ਕਿ ਤੁਸੀਂ ਕਿਸਾਨ ਅੰਦੋਲਨ ਸਮਰਥਕ ਹੋ ਤੇ ਤੁਹਾਡੇ ਬੰਦਿਆਂ ਨੇ ਖਾਲਿਸਤਾਨੀ ਝੰਡਾ ਲਾਲ ਕਿਲੇ ਤੇ ਝੁਲਾਇਆ ਹੈ। ਕਮੇਟੀ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਜਸਪਾਲ ਸਿੰਘ ਪੁਤਲੀਘਰ, ਬਲਬੀਰ ਸਿੰਘ ਹਿਸਾਰ, ਸੁਖਰਾਜ ਸਿੰਘ ਵੇਰਕਾ, ਬਲਜੀਤ ਸਿੰਘ ਭਾਓ, ਮਹਾਂਬੀਰ ਸਿੰਘ ਸੁਲਤਾਨਵਿੰਡ, ਗੁਰਜੰਟ ਸਿੰਘ ਪਟਿਆਲਾ ਨੇ ਕਿਹਾ ਕਿ ਜ਼ੁਲਮ ਕਰਨ ਵਾਲਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜ਼ੁਲਮ ਤੇ ਜ਼ਾਲਮ ਆਦਿ ਕਾਲ ਤੋਂ ਚਲੇ ਆ ਰਹੇ ਹਨ ਤੇ ਹਰ ਯੁਗ ਵਿੱਚ ਉਨਾਂ ਦਾ ਵਿਰੋਧ ਸਚਿਆਰ ਮਨੁੱਖਾਂ ਵੱਲੋਂ ਕੀਤਾ ਜਾਂਦਾ ਰਿਹਾ ਹੈ ਜੋ ਕਿ ਅੱਜ ਵੀ ਜਾਰੀ ਹੈ। ਕਮੇਟੀ ਨੇ ਆਪ ਪਾਰਟੀ ਦੀ ਪੰਜਾਬ ਇੰਚਾਰਜ ਜਰਨੈਲ ਸਿੰਘ ਅਤੇ ਪੰਜਾਬ ਪ੍ਰਧਾਨ ਭਗਵੰਤ ਮਾਨ ਸਮੇਤ ਸਾਰੇ ਲੋਕ ਸਭਾ ਮੈਂਬਰ ਨੂੰ ਕਿਹਾ ਕਿ ਉਹ ਮੁੱਖ ਮੰਤਰੀ ਕੇਜਰੀਵਾਲ ਨੂੰ ਮਿਲ ਕੇ ਇਸ ਘਟਨਾ ਦਾ ਤਸੱਲੀਬਖ਼ਸ਼ ਹੱਲ ਪੰਜਾਬ ਦੇ ਲੋਕਾਂ ਨੂੰ ਦੇਣ ਅਤੇ ਵਿਸ਼ਵਾਸ ਦਿਵਾਉਣ ਕਿ ਅੱਗੇ ਤੋਂ ਕਿਸਾਨਾਂ ਤੇ ਬੰਦੀ ਸਿੰਘ ਵਿਰੁੱਧ ਅਣਸੁਖਾਵੀਂ ਘਟਨਾ ਨਹੀਂ ਵਾਪਰੇਗੀ।

**ਜਾਰੀ ਕਰਤਾ**

**ਪ੍ਰੋ ਬਲਜਿੰਦਰ ਸਿੰਘ**

# ਅੱਜ ਦੇ ਨੌਜਵਾਨ ਦੀ ਸੋਚ

**ਵਿਜੈ ਗਰਗ,**

**(ਸਾਬਕਾ ਪ੍ਰਿੰਸੀਪਲ, ਮਲੋਟ)**

ਅੱਜ ਦੇ ਨੌਜਵਾਨਾਂ ਦੀ ਸੋਚ ਬਹੁਤ ਅਲੱਗ ਹੈ। ਉਹ ਦੁਨੀਆ ਵਿੱਚ ਕੁਝ ਵੱਖਰਾ ਤੇ ਨਵਾਂ ਕਰਨ ਦੀ ਚਾਹ ਰੱਖਦੇ ਹਨ। ਇਸ ਲਈ ਉਹ ਹਰ ਰੋਜ਼ ਕੁਝ ਨਾ ਕੁਝ ਸਿਰਜਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਜੋ ਆਪਣੇ ਸਮਾਜ ਲਈ ਨਵਾਂ ਕਰ ਸਕਣ ਤੇ ਆਪਣੀ ਪਛਾਣ ਬਣਾ ਸਕਣ। ਅੱਜ ਦੀ ਨੌਜਵਾਨ ਪੀੜੀ ਭਲਾ ਬੁਰਾ ਸਭ ਜਾਣਦੀ ਹੈ। ਉਸ ਨੂੰ ਪਤਾ ਹੈ ਕਿ ਉਸ ਨੇ ਜ਼ਿੰਦਗੀ ਵਿੱਚ ਕੀ ਕਰਨਾ ਹੈ। ਇਹੀ ਸੋਚ ਲੈ ਕੇ ਉਹ ਅੱਗੇ ਵਧਦੀ, ਮਾਂ-ਬਾਪ ਦਾ ਨਾਂ ਰੌਸ਼ਨ ਕਰਦੀ ਹੈ। ਅਜੋਕੀ ਪੀੜੀ ਨੇ ਜੀਵਨ ਵਿੱਚ ਜਿਨਾਂ ਸੁਪਨਿਆਂ ਨੂੰ ਪੂਰਾ ਕਰਨਾ ਹੈ। ਅੱਜ ਦੀ ਪੀੜੀ ਦੇ ਆਪਣੇ ਨਿਯਮ ਤੇ ਵਿਚਾਰ ਹਨ। ਉਸ ਨੂੰ ਪਤਾ ਹੈ ਕਿ ਆਪਣੀ ਜ਼ਿੰਦਗੀ ਵਿਚ ਅੱਗੇ ਕਿੱਦਾਂ ਵਧਣਾ ਹੈ। ਉਹ ਜੀ ਭਰ ਕੇ ਹੱਸਦੀ ਤੇ ਆਪਣੀ ਮਰਜ਼ੀ ਦੀ ਜ਼ਿੰਦਗੀ ਬਤੀਤ ਕਰਦੀ ਹੈ। ਤੁਸੀਂ ਅਜੋਕੀ ਪੀੜੀ ਨਾਲ ਗੱਲ ਕਰ ਕੇ ਵੇਖੋ; ਤੁਸੀਂ ਉਸ ਦੀ ਆਤਮ ਜ਼ਿੰਦਗੀ ਨੂੰ ਜਾਣ ਜਾਓਗੇ। ਉਨਾਂ ਵਿਚ ਤੁਹਾਨੂੰ ਨਵੀਂ ਖਿਲਖਿਲਾਉਦੀ ਹੋਈ ਜ਼ਿੰਦਗੀ ਨਜ਼ਰ ਆਵੇਗੀ। ਉਹ ਆਤਮ ਨਿਰਭਰ ਹੋ ਕੇ ਆਪਣੀ ਜ਼ਿੰਦਗੀ ਜੀਨ ਲਈ ਉਤਾਵਲੇ ਹਨ। ਇਸੇ ਤਰਾਂ ਬਹੁਤ ਸਾਰੇ ਲੜਕੇ-ਲੜਕਿਆਂ ਅਜੋਕੇ ਸਮੇਂ ਵਿਚ, ਦੁਨੀਆ ਦੇ ਕੋਨੇ-ਕੋਨੇ ਤੇ ਆਪਣੇ ਨਾਂ ਰੌਸ਼ਨ ਕਰ ਰਹੇ ਹਨ। ਜਿਵੇਂ; ਕਿ ਮਹਿਲਾ ਕ੍ਰਿਕਟ ਟੀਮ 'ਚ ਹਰਮਨਪ੍ਰੀਤ ਕੌਰ ਤੇ ਕੁਸ਼ਤੀ 'ਚ ਗੀਤਾ, ਬੈਡਮਿੰਟਨ 'ਚ ਰੂਪਵਿਕਾ ਸ਼ਿਵਾਨੀ ਗਾਡੇ ਤੇ ਲਕਸ਼ਮੀ ਜੈਨ ਨੇ ਪੂਰੀ ਦੁਨੀਆ 'ਚ ਆਪਣਾ ਨਾਂ ਨਹੀਂ; ਬਲਕਿ ਭਾਰਤ ਵਿਚ ਆਪਣੇ ਮਾਂ-ਬਾਪ ਦਾ ਨਾਂ ਵੀ ਰੌਸ਼ਨ ਕੀਤਾ ਹੈ। ਸਮਾਜ ਕੀ ਕਹੇਗਾ, ਲੋਕ ਕੀ ਕਹਿਣਗੇ ? ਇਸ ਦੀ ਪ੍ਰਵਾਹ ਅਜੋਕੀ ਪੀੜੀ ਨਹੀਂ ਕਰਦੀ। ਉਹ ਆਜ਼ਾਦ ਸੋਚ ਰੱਖਦੀ ਹੈ। ਤਾਂ ਜੋ ਆਪਣੀ ਜ਼ਿੰਦਗੀ ਨੂੰ ਖੁੱਲ ਕੇ ਜੀ ਸਕੇ। ਉਹ ਬਾਖ਼ੂਬੀ ਜਾਣਦੀ ਹੈ ਕਿ ਜ਼ਿੰਦਗੀ ਇਕ ਵਾਰ ਮਿਲਦੀ ਹੈ ਵਾਰ-ਵਾਰ ਨਹੀਂ, ਇਸ ਲਈ ਦੁਨੀਆ 'ਚ ਆਪਣਾ ਨਾਂ ਬਣਾਉਣਾ ਹੈ। ਸੱਚ ਮੁਚ ਜ਼ਮਾਨਾ ਬਦਲ ਰਿਹਾ ਹੈ। ਅਸੀਂ ਬਦਲ ਰਹੇ ਹਾਂ ਅਤੇ ਅੱਜ ਹਰ ਇਕ ਨੌਜਵਾਨ, ਲੜਕੇ-ਲੜਕੀ ਦਾ ਆਪਣਾ ਤਰੀਕਾ ਹੈ। ਬਜ਼ੁਰਗਾਂ ਪ੍ਰਤੀ ਸੋਚ, ਬੇਸ਼ੱਕ ਅਜੋਕੀ ਪੀੜੀ ਬਹੁਤਿਆਂ ਕੰਮਾਂ ਅਤੇ ਗੱਲਾਂ ਵਿਚ ਪੁਰਾਣੀ ਪੀੜੀ ਨਾਲੋਂ ਅੱਗੇ ਹੈ ਪਰ ਅਜੋਕੀ ਪੀੜੀ ਵਿਚ ਆਪਣੇ ਬਜ਼ੁਰਗਾਂ ਪ੍ਰਤੀ ਕੋਈ ਖ਼ਾਸ ਦਿਲਚਸਪੀ ਨਹੀਂ ਦਿਖਾਈ ਦੇ ਰਹੀ। ਇਸ ਦਾ ਕਾਰਨ ਵੀ ਸ਼ਾਇਦ ਪੱਛਮੀ ਸਭਿਆਚਾਰ ਦਾ ਪ੍ਰਭਾਵ ਹੋ ਸਕਦਾ ਹੈ ਅਤੇ ਕਿਸੇ ਹੱਦ ਤਕ ਇਸ ਦਾ ਕਾਰਨ ਪੁਰਾਣੀ ਪੀੜੀ ਵੀ ਹੈ ਕਿਉਂਕਿ ਉਨਾਂ ਨੇ ਤਰੱਕੀ ਦੇ ਪੈਸੇ ਦੀ ਲਾਲਸਾ ਵਿਚ ਅਜੋਕੀ ਪੀੜੀ ਨੂੰ ਵਿਰਾਸਤੀ ਸੰਸਕਾਰਾਂ ਤੋ ਉਨਾਂ ਨੂੰ ਜਾਣੂ ਨਹੀਂ ਕਰਵਾਇਆ। ਜਿਸ ਦੇ ਨਤੀਜੇ ਵਜੋਂ ਅਜੋਕੀ ਪੀੜੀ, ਪੁਰਾਣੀ ਪੀੜੀ ਵੱਲੋਂ ਅਵੇਸਲੀ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਅਮਰੀਕਾ ਦੀ ਉਪ ਰਾਸ਼ਟਰਪਤੀ ਦੀ ਭਾਣਜੀ ਨੇ ਭਾਰਤ ਵਿਚ ਹਿੰਸਕ ਰਾਸ਼ਟਰਵਾਦ 'ਤੇ ਸੱਟ ਮਾਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** 26 ਜਨਵਰੀ ਨੂੰ ਦਿੱਲੀ ਵਿਚ ਵਾਪਰੀਆਂ ਘਟਨਾਵਾਂ ਤੋਂ ਬਾਅਦ ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੇ ਪੱਖ ਵਿਚ ਦੁਨੀਆ ਦੀਆਂ ਕਈ ਨਾਮਵਰ ਹਸਤੀਆਂ ਨੇ ਬੋਲਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ ਵੀ ਖੁੱਲ੍ਹ ਕੇ ਕਿਸਾਨਾਂ ਦੇ ਸਮਰਥਨ ਵਿਚ ਬੋਲ ਰਹੀ ਹੈ। ਪਰ ਭਾਰਤ ਵਿਚ ਹਿੰਦੂਤਵ ਨਾਲ ਜੁੜੀਆਂ ਅਤੇ ਭਾਜਪਾ ਦੀਆਂ ਸਮਰਥਕ ਭੀੜਾਂ ਨੂੰ ਮੀਨਾ ਹੈਰਿਸ ਦਾ ਕਿਸਾਨਾਂ ਨਾਲ ਹੇਜ ਪਚਿਆ ਨਹੀਂ। ਉਹਨਾਂ ਮੀਨਾ ਹੈਰਿਸ ਦੇ ਪੂਤਲੇ ਸਾੜਨੇ ਸ਼ੁਰੂ ਕਰ ਦਿੱਤੇ ਅਤੇ ਟਵਿੱਟਰ ਉੱਤੇ ਵੀ ਉਸ ਪ੍ਰਤੀ ਭੱਦੀ ਸ਼ਬਦਾਵਲੀ ਵਰਤੀ ਗਈ। ਪਰ ਇਸ ਦੇ ਜਵਾਬ ਵਿਚ ਮੀਨਾ ਹੈਰਿਸ ਨੇ ਹੋਰ ਦ੍ਰਿੜਤਾ ਨਾਲ ਕਿਸਾਨਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਹੁਣ ਉਹ ਭਾਰਤ ਵਿਚ ਵੱਧ ਰਹੀਆਂ ਫਾਸ਼ੀਵਾਦੀ ਬਿਰਤੀਆਂ ਅਤੇ ਸਿੱਖਾਂ 'ਤੇ ਹੋ ਰਹੇ ਹਮਲਿਆਂ ਬਾਰੇ ਵੀ ਬੋਲਣ ਲੱਗੀ ਹੈ।

ਮੀਨਾ ਹੈਰਿਸ ਨੇ ਬੀਤੀ ਰਾਤ ਟਵੀਟ ਕਰਦਿਆਂ ਲਿਖਿਆ, "ਇਹ ਸਿਰਫ ਕਿਸਾਨੀ ਨੀਤੀਆਂ ਸਬੰਧੀ ਨਹੀਂ ਹੈ। ਇਹ ਅਵਾਜ਼ ਚੁੱਕਣ ਵਾਲੀ ਧਾਰਮਿਕ ਘੱਟਗਿਣਤੀ 'ਤੇ ਹੁੰਦੇ ਜ਼ੁਲਮਾਂ ਬਾਰੇ ਵੀ ਹੈ। ਇਹ ਪੁਲਿਸ ਦੀ ਹਿੰਸਾ, ਅੱਤਵਾਦੀ ਰਾਸ਼ਟਰਵਾਦ ਅਤੇ ਕਿਰਤੀਆਂ ਦੇ ਹੱਕਾਂ 'ਤੇ ਹਮਲਿਆਂ ਬਾਰੇ ਹੈ। ਇਹਨਾਂ ਨੂੰ ਆਪਣੇ ਮਸਲੇ ਦੱਸ ਕੇ ਮੈਨੂੰ ਬਾਹਰ ਰਹਿਣ ਲਈ ਨਾ ਕਹੋ। ਇਹ ਸਭ ਸਾਡੇ ਮਸਲੇ ਹਨ।"







ਦੱਸ ਦਈਏ ਕਿ ਮੀਨਾ ਹੈਰਿਸ ਨੇ 3 ਫਰਵਰੀ ਨੂੰ ਕਿਸਾਨ ਸੰਘਰਸ਼ ਦੇ ਸਮਰਥਨ 'ਚ ਟਵੀਟ ਕਰਦਿਆਂ ਲਿਖਿਆ ਸੀ, "ਇਹ ਕੋਈ ਇਤਫਾਕ ਨਹੀਂ ਕਿ ਇਕ ਮਹੀਨੇ ਤੋਂ ਵੀ ਘੱਟ ਸਮਾਂ ਹੋਇਆ ਜਦੋਂ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ (ਅਮਰੀਕਾ) 'ਤੇ ਹਮਲਾ ਕੀਤਾ ਗਿਆ ਸੀ ਅਤੇ ਹੁਣ ਦੁਨੀਆ ਦਾ ਸਭ ਤੋਂ ਵੱਡੀ ਅਬਾਦੀ ਵਾਲਾ ਲੋਕਤੰਤਰ ਹਮਲੇ ਦਾ ਸਾਹਮਣਾ ਕਰ ਰਿਹਾ ਹੈ। ਇਹ ਸਭ ਆਪਸ ਵਿਚ ਜੁੜਿਆ ਹੋਇਆ ਹੈ। ਸਾਨੂੰ ਸਭ ਨੂੰ ਭਾਰਤ ਵਿਚ ਇੰਟਰਨੈੱਟ ਪਾਬੰਦੀਆਂ ਅਤੇ ਪ੍ਰਦਰਸ਼ਨਕਾਰੀ ਕਿਸਾਨਾਂ ਖਿਲਾਫ ਪੁਲਿਸ ਹਿੰਸਾ 'ਤੇ ਰੋਹ ਪ੍ਰਗਟ ਕਰਨਾ ਚਾਹੀਦਾ ਹੈ।"

ਇਸ ਤੋਂ ਕੁੱਝ ਘੰਟੇ ਪਹਿਲਾਂ ਦੁਨੀਆ ਦੀ ਮਸ਼ਹੂਰ ਪੌਪ ਗਾਇਕਾ ਰਿਹਾਨਾ ਅਤੇ ਵਾਤਵਾਰਨ ਬਚਾਉਣ ਲਈ ਕਾਰਜਸ਼ੀਲ ਬੱਚੀ ਗ੍ਰੇਟਾ ਥਨਬਰਗ ਨੇ ਵੀ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਟਵੀਟ ਕੀਤੇ ਸਨ। ਇਹਨਾਂ ਟਵੀਟਾਂ ਤੋਂ ਬਾਅਦ ਭਾਰਤ ਵਿਚ ਫਿਲਮੀ ਹਸਤੀਆਂ ਅਤੇ ਕ੍ਰਿਕਟ ਖਿਡਾਰੀਆਂ ਵੱਲੋਂ ਇਹਨਾਂ ਕੌਮਾਂਤਰੀ ਪੱਧਰ ਦੀਆਂ ਹਸਤੀਆਂ ਦੇ ਟਵੀਟਾਂ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦੇਣਾ ਦੱਸਿਆ ਗਿਆ ਅਤੇ ਇਹਨਾਂ ਖਿਲਾਫ ਟਵੀਟਾਂ ਦੀ ਇਕ ਲੜੀ ਚਲਾਈ ਗਈ।

ਕਈ ਥਾਵਾਂ 'ਤੇ ਹਿੰਦੂਤਵੀ ਸੰਸਥਾਵਾਂ ਨਾਲ ਜੁੜੇ ਲੋਕਾਂ ਨੇ ਮੀਨਾ, ਗ੍ਰੇਟਾ, ਰਿਹਾਨਾ ਤੇ ਕਿਸਾਨ ਸੰਘਰਸ਼ ਦੇ ਸਮਰਥਨ 'ਚ ਬੋਲਣ ਵਾਲੀਆਂ ਨਾਮਵਰ ਹਸਤੀਆਂ ਦੀਆਂ ਤਸਵੀਰਾਂ ਅਤੇ ਪੁਤਲੇ ਸਾੜੇ।

ਮੀਨਾ ਹੈਰਿਸ ਦੀ ਤਸਵੀਰ ਚੁੱਕ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਲੋਕਾਂ ਦੇ ਇਕ ਸਮੂਹ ਦੀ ਫੋਟੋ ਸਾਂਝੀ ਕਰਦਿਆਂ ਮੀਨਾ ਨੇ ਟਵੀਟ ਕੀਤਾ, "ਮੈਂ ਸਿਰਫ ਭਾਰਤੀ ਕਿਸਾਨਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਅਵਾਜ਼ ਚੁੱਕੀ ਸੀ ਤੇ ਇਹਨਾਂ ਦਾ ਜਵਾਬ ਦੇਖੋ।"

ਕਿਸਾਨ ਸੰਘਰਸ਼ ਦੇ ਨਾਲ-ਨਾਲ ਮਜ਼ਦੂਰਾਂ ਦੇ ਹੱਕਾਂ ਲਈ ਅਵਾਜ਼ ਚੁੱਕਣ ਵਾਲੀ ਨੌਦੀਪ ਕੌਰ ਦਾ ਮਸਲਾ ਵੀ ਮੀਨਾ ਹੈਰਿਸ ਨੇ ਚੁੱਕਿਆ। ਨੌਦੀਪ ਕੌਰ ਨੂੰ ਦਿੱਲੀ ਪੁਲਸ ਨੇ ਹਿਰਾਸਤ ਵਿਚ ਰੱਖਿਆ ਅਤੇ ਦਿੱਲੀ ਪੁਲਿਸ 'ਤੇ ਦੋਸ਼ ਹੈ ਕਿ ਨੌਦੀਪ ਕੌਰ ਨਾਲ ਹਿਰਾਸਤ ਵਿਚ ਸ਼ਰੀਰਕ ਸ਼ੋਸ਼ਣ ਕੀਤਾ ਗਿਆ। ਮੀਨਾ ਹੈਰਿਸ ਨੇ ਆਪਣੇ ਟਵੀਟ 'ਤੇ ਲਿਖਿਆ, "ਇਕ ਹਿੰਸਕ ਭੀੜ ਵੱਲੋਂ ਆਪਣੀ ਫੋਟੋ ਨੂੰ ਸਾੜਦਿਆਂ ਦੇਖ ਕੇ ਅਜੀਬ ਮਹਿਸੂਸ ਹੋ ਰਿਹਾ ਹੈ ਪਰ ਸੋਚੋ ਜੇ ਅਸੀਂ ਭਾਰਤ ਵਿਚ ਰਹਿੰਦੇ ਹੁੰਦੇ ਤਾਂ ਇਹ ਸਾਡੇ ਨਾਲ ਕੀ ਕਰਦੇ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ 23 ਸਾਲਾਂ ਦੀ ਮਜ਼ਦੂਰਾਂ ਲਈ ਕੰਮ ਕਰਨ ਵਾਲੀ ਨੌਦੀਪ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ, ਤਸ਼ੱਦਦ ਕੀਤਾ ਗਿਆ ਅਤੇ ਪੁਲਿਸ ਹਿਰਾਸਤ ਵਿਚ ਉਸ ਨਾਲ ਸ਼ਰੀਰਕ ਸ਼ੋਸ਼ਣ ਕੀਤਾ ਗਿਆ। ਉਸਨੂੰ 20 ਦਿਨ ਬਿਨ੍ਹਾਂ ਜ਼ਮਾਨਤ ਤੋਂ ਹਿਰਾਸਤ ਵਿਚ ਰੱਖਿਆ ਗਿਆ।"













# ਹਕੂਮਤ ਅੰਬਾਨੀ-ਅਡਾਨੀ ਜੀਵੀ ਬਣਕੇ ਤਾਨਾਸ਼ਾਹੀ ਨਾਂ ਕਰਦੀ ਤਾਂ ਕਿਸਾਨ ਅੰਦੋਲਨ ਨਾਂ ਹੁੰਦਾ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਰਜਿ.

**ਇੰਗਲੈਂਡ /ਏ.ਟੀ.ਨਿਊਜ਼:** ਜੇ ਅੰਦੋਲਨ ਨਾਂ ਹੋਏ ਹੁੰਦੇ ਤਾਂ ਇੰਡੀਆ ਵਿੱਚ ਅੱਜ ਵੀ ਮੁਗਲ, ਅੰਗਰੇਜ਼ ਜਾਂ ਕੋਈ ਹੋਰ ਵਿਦੇਸ਼ੀ ਰਾਜ ਕਰ ਰਹੇ ਹੁੰਦੇ ਭੂਰੇ ਅੰਗਰੇਜਾਂ ਨੂੰ ਲੋਕਤੰਤਰ ਦੇ ਪਰਦੇ ਵਿੱਚ ਤਾਨਾਸ਼ਾਹੀ ਕਰਨ ਦਾ ਮੌਕਾ ਨਾਂ ਮਿਲਦਾ। ਅੰਗਰੇਜਾਂ ਦੇ ਰਾਜ ਸਮੇਂ ਕੁੱਝ ਚਾਪਲੂਸੀ ਜੀਵੀ ਤੇ ਮਾਫੀ ਜੀਵੀ ਵੀ ਸਰਗਰਮ ਸਨ ਜਿਨ੍ਹਾਂ ਨੂੰ ਅੱਜ ਇਤਿਹਾਸ ਬਦਲ ਕੇ ਹੀਰੋ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਅਜਾਦੀ ਲੈਣਾ ਉਨ੍ਹਾਂ ਦੇ ਵੱਸ ਦੀ ਗੱਲ੍ਹ ਨਹੀਂ ਸੀ। ਭਾਰਤ ਦੇ ਅਜ਼ਾਦੀ ਅੰਦੋਲਨ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ ’ਤੇ ਲੋਕਤੰਤਰ, ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਨੂੰ ਦਬਾ ਕੇ ਡਿਕਟੇਟਰਸ਼ਿਪ ਦੀ ਹਮਾਇਤ ਕਰਨਾ ਹੈ। ਫੈਸ਼ਨ ਜੀਵੀ ਫੈਂਕੂਜੀਵੀ ਨੇ ਬੀਤੇ ਸਮੇਂ ਦੇ ਅਨੇਕਾਂ ਮੁੱਦਿਆਂ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਇਆ ਕੌਣ ਕਿਸ ਮਸਲੇ ਤੇ ਕਿੰਨਾ ਦੋਸ਼ੀ ਹੈ ਇਹ ਇਕ ਅਲੱਗ ਪੜਚੋਲ ਦਾ ਵਿਸ਼ਾ ਹੈ ਪਰ ਇਕ ਧਿਰ ਨੂੰ ਦੋਸ਼ੀ ਠਹਿਰਾਉਣ ਨਾਲ ਦੂਜੀ ਧਿਰ ਨੂੰ ਦੋਸ਼ ਦੁਹਰਾਉਣ ਦਾ ਲਾਈਸੈਂਸ ਨਹੀਂ ਮਿਲ ਜਾਂਦਾ। ਆਪਣੇ ਵਿਆਹ ਤੋਂ ਨਰਾਜ਼ੀਵ ਨੇ ਆਰਡੀਨੈਂਸਾਂ ਰਾਹੀਂ ਕਾਨੂੰਨ ਬਣਾਏ ਕਿਸਾਨ ਕਾਨੂੰਨਾਂ ਤੇ ਵਿਰੋਧੀ ਪਾਰਟੀਆਂ ਵੱਲੋਂ ਸੰਵਿਧਾਨ ਦੇ ਹਵਾਲੇ ਦੇ ਕੇ ਗਲਤ ਸਾਬਤ ਕਰਨ ਨੂੰ ਵਿਆਹ ਵਿੱਚ ਭੂਆ ਦੇ ਨਾਰਾਜ਼ ਹੋਣ ਨਾਲ ਤੁਲਨਾ ਕਰਕੇ ਉੱਚ ਪੱਧਰੀ ‘ਰਾਜਨੇਤਾ’ ਹੋਣ ਦਾ ਸਬੂਤ ਦਿੱਤਾ ਹੈ। ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ ਕਹਿਣ ਵਾਲੇ ਜੁਮਲਾਜੀਵ ਨੇ ਐਫ. ਡੀ. ਆਈ. ਨੂੰ ਫੌਰਨ ਡਿਸਟਰਕਟਿਵ ਆਈਡੀਔਲੋਜੀ ਦੀ ਨਵੀਂ ਪਰਿਭਾਸ਼ਾ ਦਿੱਤੀ ਪਰ ਅਫਸੋਸ ਆਪਣੀ ਫਿਰਕੂ ਡਿਸਟ੍ਰਕਟਿਵ ਆਈਡੀਔਲੋਜੀ ਦਾ ਜ਼ਿਕਰ ਨਹੀਂ ਕੀਤਾ ਜਿਸਨੇ ਲੋਕਤੰਤਰ ਦੇ ਚਾਰੇ ਥੰਮਾਂ ਤੋਂ ਇਲਾਵਾ ਕਲਾਕਾਰਾਂ, ਖਿਡਾਰੀਆਂ ‘ਤੇ ਸਮਾਜ ਦੇ ਹੋਰ ਵਰਗਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਵਿਦੇਸ਼ ਭ੍ਰਮਣ ਜੀਵੀ ਕਰੋਨਾ ਕਾਰਨ ਮਨਚਾਹੇ ਸਫਰ ਨਾਂ ਕਰ ਸਕਣ ਦਾ ਸਾਰਾ ਗੁੱਸਾ ਦੇਸ਼ਵਾਸੀਆਂ ਤੇ ਕੱਢ ਰਿਹਾ ਹੈ ਪਰ ਉਲਟਾ ਕਹਿ ਰਿਹਾ ਹੈ ਅੰਦੋਲਨ ਖ਼ਤਮ ਕਰੋ, ਕਿਸਾਨ ਕਹਿ ਰਹੇ ਹਨ ਅਸੀਂ ਤਿਆਰ ਹਾਂ ਸਰਕਾਰ ਤਿੰਨੋ ਕਨੂੰਨ ਰੱਦ ਕਰੇ, ਐਮ. ਐਸ. ਪੀ. ਤੇ ਖਰੀਦ ਗਰੰਟੀ ਲਿਖਤੀ ਤੌਰ ’ਤੇ ਦੇਵੇ ਤੇ ਹੱਕੀ ਮੰਗਾਂ ਮੰਨੇ। ਪਾਰਟੀ ਪ੍ਰਧਾਨ ਸੂਬਾ ਸਿੰਘ ਲਿੱਤਰਾਂ, ਸੀ: ਮੀ: ਪ੍ਰਧਾਨ ਮਨਜੀਤ ਸਿੰਘ ਸਮਰਾ, ਸਕੱਤਰ ਜਨਰਲ ਸਰਬਜੀਤ ਸਿੰਘ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਯੂਥ ਵਿੰਗ ਪ੍ਰਧਾਨ ਸਤਿੰਦਰ ਸਿੰਘ, ਸੀ: ਮੀ: ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੁੱਚੀ ਪਾਰਟੀ ਵਲੋਂ ਬਿਆਨ ਜਾਰੀ ਕਰਦੇ ਹੋਏ ਮੀਡੀਆ ਸਕੱਤਰ ਜਗਤਾਰ ਸਿੰਘ ਨੇ ਉੱਤਰਾਖੰਡ ਤ੍ਰਾਸਦੀ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਚਮੋਲੀ ਦੇ ਜਿਸ ਇਲਾਕੇ ਵਿੱਚ ਗਲੇਸ਼ੀਅਰ ਟੁੱਟਿਆ ਹੈ ਉੱਥੇ ਕਿਸੇ ਵੀ ਤਰ੍ਹਾਂ ਦੇ ਪ੍ਰਾਜੈਕਟ ਕਰਨ ਦੀ ਮਨਾਹੀ ਹੈ। ਲੋਕਾਂ ਦੁਆਰਾ ਅਦਾਲਤਾਂ ਵਿੱਚ ਅਰਜੀਆਂ ਦੇਣ ਦੇ ਬਾਵਜੂਦ ਸਰਕਾਰੀ ਤੌਰ ਤੇ ਉੱਥੇ ਕੰਮ ਚੱਲ ਰਹੇ ਹਨ। ਪਹਾੜਾਂ ਨੂੰ ਤੋੜਨ ਲਈ ਵਰਤੇ ਜਾਂਦੇ ਬਰੂਦ ਕਾਰਨ ਗਲੇਸ਼ੀਅਰ ਸਰਦੀਆਂ ਦੇ ਮੌਸਮ ਵਿੱਚ ਵੀ ਟੁੱਟ ਗਿਆ। ਜੇ ਇਹ ਸੱਚ ਹੈ ਤਾਂ ਜ਼ਾਹਰ ਹੈ ਕਿ ਇਹ ਤਬਾਹੀ ਕੁਦਰਤੀ ਨਹੀਂ ਬਲਕਿ ਸਰਕਾਰੀ ਅਣਗਹਿਲੀ ਕਾਰਨ ਹੋ ਰਹੀ ਹੈ। ਪਰ ਸ਼ਾਇਦ ਸਰਕਾਰ ਕੋਲ ਤਬਾਹੀ ਅਤੇ ਇਸ ਤਰ੍ਹਾਂ ਮੌਤਾਂ ਲਈ ਕਾਨੂੰਨੀ ਹੱਕ ਹਨ।

## ਤਿਹਾੜ ਜੇਲ੍ਹ ਵਿੱਚ 2 ਸਿੰਘਾਂ ’ਤੇ ਅੰਨ੍ਹਾ ਤਸ਼ੱਦਦ ਕੇਜਰੀਵਾਲ ਸਰਕਾਰ ਦੋਸ਼ੀਆਂ ਉੱਪਰ ਕਾਰਵਾਈ ਕਰੇ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਰਜਿ.

**ਇੰਗਲੈਂਡ/ਏ.ਟੀ.ਨਿਊਜ਼:** ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਸਰਪ੍ਰਸਤੀ ਹੇਠ ਕਾਰਜ ਕਰ ਰਹੀ ਕਮੇਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਤਿਹਾੜ ਜੇਲ੍ਹ ਨੰ. 1 ਵਿੱਚ ਨਜ਼ਰਬੰਦ ਸ: ਅਮਨਿੰਦਰ ਸਿੰਘ ਫ਼ਤਿਹਗੜ੍ਹ ਸਾਹਿਬ ਅਤੇ ਸ: ਧਰਮਿੰਦਰ ਸਿੰਘ ਗੁਗਨੀ ਉੱਪਰ ਪਿਛਲੇ ਦਿਨੀਂ ਜੇਲ੍ਹ ਸੁਪਰਡੈਂਟ ’ਤੇ ਡਿਪਟੀ ਸੁਪਰਡੈਂਟ ਦੀ ਅਗਵਾਈ ਹੇਠ ਜੇਲ੍ਹ ਸਟਾਫ਼ ਨੇ ਤੀਜੇ ਦਰਜੇ ਦਾ ਤਸ਼ੱਦਦ ਕੀਤਾ ਜਿਸ ਕਾਰਨ ਉਨ੍ਹਾਂ ਦੀ ਹਾਲਤ ਗੰਭੀਰ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣਿਆ ਹੋਇਆ ਹੈ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਇਸ ਸਬੰਧੀ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਕੋਲ ਜੇਲ੍ਹ ਅਧਿਕਾਰੀਆਂ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਹੈ, ਉਨ੍ਹਾਂ ਅਨੁਸਾਰ 28/29 ਜਨਵਰੀ ਦੀ ਰਾਤ ਨੂੰ ਇਹ ਘਿਨਾਉਣੀ ਕਾਰਵਾਈ ਕੀਤੀ ਗਈ ਹੈ। ਕਮੇਟੀ ਆਗੂਆਂ ਨੇ ਕਿਹਾ ਕਿ 26 ਜਨਵਰੀ ਟਰੈਕਟਰ ਪਰੇਡ ਦੌਰਾਨ ਗ੍ਰਿਫ਼ਤਾਰ ਕਰਕੇ ਤਿਹਾੜ ਜੇਲ੍ਹ ਵਿੱਚ ਭੇਜੇ ਗਏ ਕਿਸਾਨਾਂ ਦੇ ਮਨਾਂ ਵਿੱਚ ਡਰ ਪੈਦਾ ਕਰਨ ਲਈ ਇਨ੍ਹਾਂ ਸਿੰਘਾਂ ਉੱਪਰ ਅਣਮਨੁੱਖੀ ਤਸ਼ੱਦਦ ਕਰਦੇ ਹੋਏ ਕਿਹਾ ਕਿ ਤੁਸੀਂ ਕਿਸਾਨ ਅੰਦੋਲਨ ਦੇ ਸਮਰਥਕ ਹੋ ਤੇ ਤੁਹਾਡੇ ਬੰਦਿਆਂ ਨੇ ਲਾਲ ਕਿਲ੍ਹੇ ਤੇ ਖ਼ਾਲਿਸਤਾਨੀ ਝੰਡਾ ਝੁਲਾਇਆ ਹੈ। ਪ੍ਰਧਾਨ ਸੂਬਾ ਸਿੰਘ ਲਿੱਤਰਾਂ ਅਤੇ ਸਕੱਤਰ ਜਨਰਲ ਸਰਬਜੀਤ ਸਿੰਘ ਸਮੇਤ ਸਮੁੱਚੀ ਪਾਰਟੀ ਨੇ ਇਸ ਹਿਰਦੇਵੇਧਕ ਘਟਨਾ ਤੇ ਗਹਿਰੀ ਚਿੰਤਾ ਪ੍ਰਗਟ ਕਰਦੇ ਹੋਏ ਉਮੀਦ ਪ੍ਰਗਟ ਕੀਤੀ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਨੂੰ ਫ਼ੌਰੀ ਉੱਥੋਂ ਤਬਦੀਲ ਕਰਨਗੇ ਤਾਂ ਜੋ ਉਹ ਜਾਂਚ ਅਤੇ ਕਾਰਵਾਈ ਨੂੰ ਪ੍ਰਭਾਵਿਤ ਨਾ ਕਰ ਸਕਣ ਅਤੇ ਸਾਰੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨਗੇ। ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾਂ ਵਾਪਰੇ। ਅਸੀਂ ਸਮੂਹ ਧਾਰਮਿਕ, ਸਿਆਸੀ, ਸਮਾਜਿਕ ਜਥੇਬੰਦੀਆਂ ਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਇਸ ਸਬੰਧੀ ਬਣਦੀ ਕਾਰਵਾਈ ਕਰਵਾਉਣ ਲਈ ਆਪੋ ਆਪਣਾ ਫ਼ਰਜ਼ ਨਿਭਾਉਣ।

## ਸ਼੍ਰੋਮਣੀ ਕਮੇਟੀ ਦਾ ਵਫਦ ਗੁਰਦੁਆਰਾ ਗੋਦੜੀ ਦੀ ਸਥਾਪਨਾ ਲਈ ਜਾਵੇਗਾ ਉੱਤਰਾਖੰਡ

### ਸਬ-ਕਮੇਟੀ ਦੀ ਮੀਟਿੰਗ ਦੀ ਵਿਚ ਬੀਬੀ ਜਗੀਰ ਕੌਰ ਵਲੋਂ ਐਲਾਨ




**ਅੰਮ੍ਰਿਤਸਰ/ਏ.ਟੀ.ਨਿਊਜ਼:** ਗੁਰੂ ਨਾਨਕ ਦੇਵ ਨਾਲ ਸਬੰਧਤ ਹਰਿ ਕੀ ਪਉੜੀ ਹਰਿਦੁਆਰ ’ਚ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਸਥਾਪਨਾ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਉੱਚ ਪੱਧਰੀ ਵਫ਼ਦ ਜਲਦ ਹੀ ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੂੰ ਮਿਲੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰਦੁਆਰਾ ਸਾਹਿਬ ਨੂੰ ਲੈ ਕੇ ਬਣੀ ਸਬ-ਕਮੇਟੀ ਦੀ ਮੀਟਿੰਗ ਮਗਰੋਂ ਕੀਤਾ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਦਲਿਤ ਤੇ ਕਿਸਾਨ ਹੱਕਾਂ ਲਈ ਜੂਝਣ ਵਾਲੀ ਨੌਦੀਪ ਉੱਪਰ ਪੁਲਿਸ ਤਸ਼ੱਦਦ

## ✪ ਕਿਸਾਨ ਮੋਰਚੇ ਕੋਲੋਂ ਪੁਲਿਸ ਨੇ ਨੌਦੀਪ ਨੂੰ ਜਕੜਿਆ ਅਤੇ ਫੈਕਟਰੀ 'ਗੁੰਡਿਆਂ' ਨੇ ਕੁੱਟਿਆ ✪ ਪੁਲਿਸ ਹਿਰਾਸਤ ਵਿਚ ਗੁਪਤ ਅੰਗਾਂ ਤੇ ਸੱਟਾਂ ਮਾਰੀਆਂ ✪ ਕੇਂਦਰੀ ਸਿੰਘ ਸਭਾ ਵੱਲੋਂ ਨੋਦੀਪ ਕੌਰ ਨੂੰ ਕਾਨੂੰਨੀ/ਮਾਇਕ ਸਹਾਇਤਾ ਦਾ ਐਲਾਨ ✪ ਯੂ.ਐਸ.ਏ ਦੀ ਵਾਇਸ ਪ੍ਰੈਜੀਡੈਂਟ ਕਮਲਾ ਹੈਰਿਸ ਦੀ ਭਾਣਜੀ, ਵਕੀਲ, ਮੀਨਾ ਹੈਰਿਸ ਵੱਲੋਂ ਨੌਦੀਪ ਦੀ ਰਿਹਾਈ ਦੀ ਮੰਗ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

ਦਲਿਤ ਹੋਣਾ ਆਪਣੇ ਆਪ ਵਿਚ ਦੁਖਾਂਤ ਹੈ। ਹੁਣ ਵੀ ਭਾਰਤੀ ਸਮਾਜ ਵਿਚ ਦਲਿਤ ਭਾਈਚਾਰੇ ਦਾ ਸਤਿਕਾਰ ਨਹੀਂ। ਵਰਨ ਆਸ਼ਰਮ ਦੀ ਰੀਤ ਚੱਲ ਰਹੀ ਹੈ, ਕਿਉਂਕਿ ਸੰਵਿਧਾਨ ਦਾ ਸਤਿਕਾਰ ਨਹੀਂ। ਇਸ ਘਟਨਾ ਬਾਰੇ ਕਿਸਾਨ ਨੇਤਾ ਚੁੱਪ ਹਨ । ਸਿਰਫ਼ ਸਿੱਖ ਇਸ ਕਰਕੇ ਆਵਾਜ਼ ਉਠਾ ਰਹੇ ਹਨ ਕਿ ਦਲਿਤ ਸਾਡੇ ਆਪਣੇ ਹਨ। ਦਲਿਤ ਭਾਈਚਾਰਾ ਗੁਰੂ ਸਾਹਿਬਾਨ ਨੇ ਆਪਣੀ ਹਿੱਕ ਨਾਲ ਲਗਾਇਆ ਹੈ। ਸਿੱਖ ਮਨੁੱਖਤਾ ਪੱਖੀ ਤੇ ਸਾਂਝੀਵਾਲਤਾ ਵਿਚ ਯਕੀਨ ਕਰਦੇ ਹਨ। ਲਗਾਤਾਰ ਸਿੱਖ ਭਾਈਚਾਰੇ ਵਿਚ ਤਬਦੀਲੀ ਵਾਪਰ ਰਹੀ ਹੈ, ਦਲਿਤਾਂ ਦੇ ਹੱਕਾਂ ਤੇ ਇਨਸਾਫ਼ ਦਿਵਾਉਣ ਪ੍ਰਤੀ। ਬੀਤੇ ਦਿਨੀਂ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਜੂਝਣ ਵਾਲੀ ਕਿਸਾਨ ਮੋਰਚੇ ਵਿਚੋਂ ਗ੍ਰਿਫ਼ਤਾਰ ਨੌਦੀਪ ਦੇ ਹੱਕ ਵਿਚ ਸਿੱਖ ਭਾਈਚਾਰਾ ਸੋਸ਼ਲ ਮੀਡੀਆ ਤੇ ਜ਼ਮੀਨੀ, ਕਾਨੂੰਨੀ ਸੰਘਰਸ਼ ਲਈ ਡਟ ਗਿਆ ਹੈ ।

ਮੁਕਤਸਰ ਜ਼ਿਲ੍ਹੇ ਦੀ ਦਲਿਤ ਪਰਿਵਾਰ ਨਾਲ ਸਬੰਧ ਰੱਖਦੀ 23 ਸਾਲਾਂ ਨੌਦੀਪ ਕੌਰ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਅੰਦੋਲਨ ਵਿੱਚ ਸ਼ਾਮਲ ਹੋਈ ਸੀ। ਉਸ ਨੂੰ 12 ਜਨਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, 26 ਜਨਵਰੀ ਤੋਂ ਦੋ ਹਫ਼ਤੇ ਪਹਿਲਾਂ। ਨੌਦੀਪ ਨੂੰ ਦੋ ਵਾਰ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ, ਕਿਉਂਕਿ ਉਸ ਵਿਰੁੱਧ ਧਾਰਾ 307 ਭਾਵ ਕਿ ਕਤਲ ਦੀ ਕੋਸ਼ਿਸ਼ ਸਮੇਤ ਕਈ ਹੋਰ ਦੋਸ਼ ਲਗਾਏ ਗਏ ਹਨ। ਨੌਦੀਪ ਕੌਰ ਨੇ ਕੁਝ ਸਾਲ ਪਹਿਲਾਂ ਬਾਰ੍ਹਵੀਂ ਜਮਾਤ ਪਾਸ ਕੀਤੀ ਸੀ ਅਤੇ ਇੱਕ ਫ਼ੈਕਟਰੀ ਵਿੱਚ ਵਰਕਰ ਵਜੋਂ ਨੌਕਰ ਹੋਈ ਸੀ । ਕੁਝ ਮਹੀਨੇ ਪਹਿਲਾਂ ਉਹ ਕਿਸਾਨਾਂ ਦੇ ਅੰਦੋਲਨ ਵਿਚ ਸ਼ਾਮਲ ਹੋਈ ਤੇ ਨਾਲ ਹੀ ਉਸਨੇ ਕੁੰਡਲੀ ਵਿਚ ਐਫਆਈਈਐਮ ਇੰਡਸਟਰੀਜ਼ ਨਾਮਕ ਇਕ ਬਲਬ ਬਣਾਉਣ ਵਾਲੀ ਫ਼ੈਕਟਰੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਨੌਦੀਪ ਦੇ ਮਾਤਾ ਪਿਤਾ ਮੁਕਤਸਰ ਦੀ ਪੰਜਾਬ ਖੇਤ-ਮਜ਼ਦੂਰ ਯੂਨੀਅਨ ਨਾਲ ਜੁੜੇ ਹੋਏ ਹਨ ਤੇ ਉਸਦੀ ਵੱਡੀ ਭੈਣ ਰਾਜਵੀਰ ਕੌਰ ਦਿੱਲੀ ਯੂਨੀਵਰਸਿਟੀ ਦੀ ਇੱਕ ਵਿਦਿਆਰਥੀ ਕਾਰਕੁਨ ਹੈ ਤੇ ਭਗਤ ਸਿੰਘ ਸਟੂਡੈਂਟਸ ਫ਼ਰੰਟ ਨਾਲ ਜੁੜੀ ਹੋਈ ਹੈ। ਨੌਦੀਪ ਵੀ ਮਜ਼ਦੂਰ ਅਧਿਕਾਰ ਸੰਗਠਨ ਨਾਲ ਕੁੰਡਲੀ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਦੀ ਇਕ ਯੂਨੀਅਨ ਵਿਚ ਸ਼ਾਮਲ ਹੋਈ। ਨੌਦੀਪ ਦੀ ਮਾਂ ਸਵਰਨਜੀਤ ਕੌਰ ਨੇ ਦੱਸਿਆ , 'ਅਸੀਂ ਆਰਥਿਕ ਤੌਰ 'ਤੇ ਪਛੜੇ ਹੋਏ ਹਾਂ। ਇਸ ਲਈ ਉਹ ਕੁੰਡਲੀ ਵਿਖੇ ਫ਼ੈਕਟਰੀ ਵਿਚ ਕੰਮ ਕਰਨ ਲੱਗ ਗਈ। ਉਹ ਚੱਲ ਰਹੀ ਕਿਸਾਨੀ ਲਹਿਰ ਵਿਚ ਸਰਗਰਮ ਸੀ।'

**ਹੋਇਆ ਕੀ ?**

ਸਿੰਘੂ ਸਰਹੱਦ ਅਤੇ ਕੁੰਡਲੀ ਸਰਹੱਦ 'ਤੇ, ਨੌਦੀਪ ਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕੱਠੇ ਕਰਕੇ ਅਗਵਾਈ ਕੀਤੀ। ਰਾਜਵੀਰ ਦੇ ਅਨੁਸਾਰ, ਨੌਦੀਪ ਨੇ ਹਰਿਆਣਾ ਪ੍ਰਸ਼ਾਸਨ ਅਤੇ ਕੁੰਡਲੀ ਉਦਯੋਗਿਕ ਐਸੋਸੀਏਸ਼ਨ (ਕੇਆਈਏ) ਵਿਰੁੱਧ ਮਜ਼ਦੂਰਾਂ ਦੇ ਹੱਕ ਵਿਚ ਸੰਘਰਸ਼ ਵਿੱਢ ਕੇ ਫ਼ੈਕਟਰੀ ਮਾਲਕ ਨੂੰ ਮੁਸ਼ਕਲ ਵਿਚ ਪਾਇਆ ਸੀ। ਰਾਜਵੀਰ ਨੇ ਕਿਹਾ, 'ਮੇਰੀ ਭੈਣ ਅਤੇ ਉਸ ਦੀ ਸੰਸਥਾ ਲੰਬੇ ਸਮੇਂ ਤੋਂ ਕੁੰਡਲੀ ਵਿਖੇ ਇੰਡਸਟਰੀ ਐਸੋਸੀਏਸ਼ਨ ਨਾਲ ਜੂਝ ਰਹੀ ਸੀ। ਉਸਨੇ ਅਦਾਇਗੀ ਬਕਾਏ, ਇਸਤਰੀ ਮਜ਼ਦੂਰਾਂ ਦੇ ਸ਼ੋਸ਼ਣ ਅਤੇ ਮਜ਼ਦੂਰਾਂ ਦੇ ਸ਼ੋਸ਼ਣ ਦੇ ਮੁੱਦਿਆਂ ਨੂੰ ਉਠਾਇਆ।'

ਰਾਜਵੀਰ ਨੇ ਦੱਸਿਆ ਕਿ ਕਿਉਆਰਟੀ ਨੇ ਕੁੰਡਲੀ ਦੇ ਕਿਸਾਨਾਂ ਅਤੇ ਫ਼ੈਕਟਰੀ ਮਜ਼ਦੂਰਾਂ ਦੀ ਏਕਤਾ ਨੂੰ ਵੀ ਨਿਸ਼ਾਨਾ ਬਣਾਇਆ। ਜਦੋਂ ਕੁਝ ਮਜ਼ਦੂਰ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਲੱਗੇ ਤਾਂ ਫ਼ੈਕਟਰੀ ਮਾਲਕਾਂ ਨੇ ਉਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ। ਨੌਦੀਪ ਅਤੇ ਰਾਜਵੀਰ ਦੀ ਦੋਸਤ ਸੰਗੀਤਾ, ਜੋ ਕਿ ਦਿੱਲੀ ਯੂਨੀਵਰਸਿਟੀ ਦੇ ਭਗਤ ਸਿੰਘ ਸਟੂਡੈਂਟਸ ਫ਼ਰੰਟ ਨਾਲ ਜੁੜੀ ਹੈ, ਦਾ ਕਹਿਣਾ ਹੈ ਕਿ ਉਸ ਦੀ ਸਰਗਰਮੀ ਕਾਰਨ, ਨੌਦੀਪ ਨੂੰ ਐਫਆਈਐਮ ਇੰਡਸਟਰੀਜ਼ ਤੋਂ ਕੱਢ ਦਿੱਤਾ ਗਿਆ ਸੀ । ਉਸਨੇ ਉੱਥੇ ਚਾਰ ਮਹੀਨਿਆਂ ਤੋਂ ਕੰਮ ਕੀਤਾ ਸੀ। 2 ਜਨਵਰੀ ਨੂੰ, ਜਦੋਂ ਐਮਏਐਸ ਵਰਕਰਾਂ ਨੇ ਆਪਣੀ ਬਣਦੀ ਤਨਖ਼ਾਹ ਦੀ ਮੰਗ ਕਰਦਿਆਂ ਉਦਯੋਗ ਸੰਗਠਨ ਦਾ ਦੌਰਾ ਕੀਤਾ, ਤਾਂ ਕੇਆਈਏ ਦੇ ਕਿਉਆਰਟੀ ਨੇ ਉਨ੍ਹਾਂ 'ਤੇ ਗੋਲੀਆਂ ਚਲਾਈਆਂ। ਇਸ ਤੋਂ ਬਾਅਦ ਮਜ਼ਦੂਰ ਯੂਨੀਅਨ ਕੁੰਡਲੀ ਥਾਣੇ ਵਿਖੇ ਐਸੋਸੀਏਸ਼ਨ ਖ਼ਿਲਾਫ਼ ਕੇਸ ਦਰਜ ਕਰਾਉਣ ਗਈ। ਰਾਜਵੀਰ ਨੇ ਕਿਹਾ ਕਿ ਪੁਲਿਸ ਨੇ ਐਫਆਈਆਰ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ।

ਰਾਜਦੀਪ ਨੇ ਦੱਸਿਆ ਕਿ 12 ਜਨਵਰੀ ਨੂੰ ਪੁਲਿਸ ਨੇ ਨੌਦੀਪ ਨੂੰ ਜਕੜ ਲਿਆ ਅਤੇ 'ਕੇਆਈਏ ਦੇ ਗੁੰਡਿਆਂ' ਨੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ। ਉਸਨੂੰ ਐਮਏਐਸ ਤੰਬੂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜੋ ਸਿੰਘੂ ਸਰਹੱਦ ਤੇ ਸਥਾਪਤ ਕੀਤਾ ਗਿਆ ਸੀ ਅਤੇ ਕਰਨਾਲ ਥਾਣੇ ਲਿਜਾਇਆ ਗਿਆ।

**ਹਵਾਲਾਤ ਵਿੱਚ ਕੁੱਟਿਆ**

ਨੌਦੀਪ ਦੇ ਵਕੀਲ ਜਿਤੇਂਦਰ ਕੁਮਾਰ ਦੇ ਅਨੁਸਾਰ, ਨੌਦੀਪ ਦੀ ਮੈਡੀਕਲ ਜਾਂਚ ਉਸ ਤੋਂ ਬਾਅਦ ਕੀਤੀ ਗਈ ਜਦੋਂ ਉਸ ਨੂੰ ਹਰਿਆਣਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮੈਡੀਕਲ ਰਿਪੋਰਟ ਦੇ ਅਨੁਸਾਰ ਉਸ ਦੇ ਸਰੀਰ ਅਤੇ ਗੁਪਤ ਅੰਗਾਂ ਉੱਤੇ ਜਖਮ ਹਨ। ਵਕੀਲ ਜਿਤੇਂਦਰ ਕੁਮਾਰ ਨੇ ਦੋਸ਼ ਲਗਾਇਆ ਕਿ 'ਇਹ ਤੱਥ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪੁਲਿਸ ਹਿਰਾਸਤ ਵਿੱਚ ਨੌਦੀਪ ਦਾ ਯੌਨ ਸ਼ੋਸ਼ਣ ਹੋਇਆ ਸੀ।'



ਇਸ ਵੇਲੇ ਨੌਦੀਪ ਕੌਰ ਦੇ ਖ਼ਿਲਾਫ਼ ਤਿੰਨ ਐਫਆਈਆਰ ਦਰਜ ਹਨ। ਉਸ ਉੱਤੇ ਭਾਰਤੀ ਦੰਡਾਵਲੀ ਤਹਿਤ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇੱਕ ਮਾਰੂ ਹਥਿਆਰ ਰੱਖਣ, ਗ਼ੈਰਕਾਨੂੰਨੀ ਇਕੱਠ ਕਰਨ, ਹਥਿਆਰਬੰਦ ਹੋਣ, ਫ਼ੈਕਟਰੀ ਮਾਲਕ ਨੂੰ ਨੁਕਸਾਨ ਪਹੁੰਚਾਉਣ, ਜ਼ੁਲਮ ਕਰਨ, ਜਬਰੀ ਉਗਰਾਹੀ, ਅਪਰਾਧਕ ਧਮਕੀ ਅਤੇ ਕਤਲ ਦੀ ਕੋਸ਼ਿਸ਼ ਸ਼ਾਮਲ ਹਨ।

ਦੂਸਰੇ ਪਾਸੇ ਕੇਆਈਏ ਦੇ ਪ੍ਰਧਾਨ ਸੁਭਾਸ਼ ਗੁਪਤਾ ਨੇ ਕਿਹਾ ਕਿ ਨੌਦੀਪ ਕੌਰ ਕੁੰਡਲੀ ਵਿਚ ਕਦੇ ਕਿਸੇ ਵੀ ਫ਼ੈਕਟਰੀ ਵਿਚ ਕੰਮ ਨਹੀਂ ਕਰਦੀ ਸੀ।

ਉਹ ਉਨ੍ਹਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਪਿਛਲੇ ਸਾਲ ਸਾਹੀਨ ਬਾਗ ਵਿਖੇ ਨਾਅਰੇਬਾਜ਼ੀ ਕੀਤੀ ਸੀ। ਗੁਪਤਾ ਦੇ ਅਨੁਸਾਰ, ਜਨਵਰੀ ਦੇ ਸ਼ੁਰੂਆਤੀ ਦਿਨਾਂ ਵਿੱਚ, ਕਾਮੇ ਫ਼ੈਕਟਰੀ ਮਾਲਕਾਂ ਨੂੰ ਧਮਕੀਆਂ ਦੇ ਰਹੇ ਸਨ। 'ਜਨਵਰੀ ਵਿੱਚ ਹੀ, ਲਾਲ ਝੰਡੇ ਵਾਲੇ ਕੁਝ ਲੋਕ ਸਾਡੇ ਕੰਪਲੈਕਸ ਵਿੱਚ ਆ ਗਏ, ਕੰਧਾਂ 'ਤੇ ਚੜ੍ਹਨ ਤੇ ਨਾਅਰੇਬਾਜ਼ੀ ਕਰਨ ਲੱਗੇ। ਜੇ ਸਾਡੇ ਗਾਰਡਾਂ ਨੇ ਦਖ਼ਲ ਨਾ ਦਿੱਤਾ ਹੁੰਦਾ ਤਾਂ ਉਹ ਉਨ੍ਹਾਂ ਦੀਆਂ ਲਾਠੀਆਂ ਨਾਲ ਸਾਡਾ ਸਿਰ ਪੜਵਾ ਦਿੰਦੇ।

ਨੌਦੀਪ ਦੀ ਹਿਰਾਸਤ 'ਚ ਤਸ਼ੱਦਦ' ਬਾਰੇ ਕਰਨਾਲ ਥਾਣੇ ਦੇ ਐਸ.ਐੱਚ.ਓ. ਨੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ।

**ਕੇਂਦਰੀ ਸਿੰਘ ਸਭਾ ਨੌਦੀਪ ਦੇ ਹੱਕ ਵਿਚ**

ਕੇਂਦਰੀ ਸਿੰਘ ਸਭਾ ਨਾਲ ਜੁੜੇ ਸਿੱਖ ਬੁੱਧੀਜੀਵੀਆਂ ਨੇ ਜੇਲ੍ਹ ਵਿੱਚ ਬੰਦ ਦਲਿਤ ਲੜਕੀ (23) ਨੌਦੀਪ ਕੌਰ ਨੂੰ ਕਾਨੂੰਨੀ ਅਤੇ ਮਾਇਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿੱਚ ਇਕੱਠੇ ਹੋਏ ਸਿੱਖ ਵਿਚਾਰਵਾਨਾਂ ਨੇ ਹਰਿਆਣਾ ਪੁਲਿਸ ਵੱਲੋਂ ਕੁੰਡਲੀ (ਸੋਨੀਪਤ) ਦੇ ਏਰੀਏ ਵਿੱਚ ਫ਼ੈਕਟਰੀ ਮਾਲਕਾਂ ਦੀ ਧੱਕੇਸ਼ਾਹੀ ਵਿਰੁੱਧ 12 ਜਨਵਰੀ ਨੂੰ ਮੁਜ਼ਾਹਰਾ ਕਰਦੀ ਨੌਦੀਪ ਕੌਰ ਨੂੰ ਫੜਕੇ ਉਸ ਉੱਤੇ ਤਸ਼ੱਦਦ ਕਰਨਾ ਅਤੇ ਸੰਗੀਨ ਆਈ. ਪੀ.ਸੀ. ਧਾਰਾਵਾਂ ਲਗਾ ਕੇ, ਉਸਨੂੰ ਜੇਲ੍ਹ ਵਿੱਚ ਸੁੱਟਣ ਦੀ ਸਖ਼ਤ ਨਿਖੇਧੀ ਕੀਤੀ ਹੈ।

ਪਿਛਲੇ ਸ਼ੁੱਕਰਵਾਰ ਨੂੰ ਅਮਰੀਕਾ ਦੀ ਵਕੀਲ, ਲੇਖਕ ਮੀਨਾ ਹੈਰਿਸ ਜਿਹੜੀ ਯੂ.ਐਸ.ਏ ਦੀ ਵਾਇਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਦੀ ਭਾਣਜੀ ਹੈ, ਨੇ ਆਪਣੇ ਟਵੀਟ ਰਾਹੀਂ ਨੌਦੀਪ ਦੀ ਰਿਹਾਈ ਦੀ ਮੰਗ ਕੀਤੀ ਹੈ। ਉਸਨੇ ਟਵੀਟ ਵਿੱਚ ਕਿਹਾ ਕਿ 'ਨੌਦੀਪ ਉੱਤੇ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਤਸ਼ੱਦਦ ਕੀਤਾ, ਜਿਨਸੀ ਧੱਕਾ ਕੀਤਾ।' ਜੇਲ੍ਹ ਵਿੱਚ ਬੰਦ ਨੌਦੀਪ ਦੀ ਜ਼ਮਾਨਤ ਦੀ ਦਰਖਾਸਤ ਸੈਸ਼ਨ ਕੋਰਟ ਨੇ ਰੱਦ ਕਰ ਦਿੱਤੀ ਹੈ। ਹੁਣ ਨੌਦੀਪ ਦੀ ਜ਼ਮਾਨਤ ਲਈ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸਿੰਘ ਸਭਾ ਨੇ ਨੌਦੀਪ ਦੀ ਭੈਣ ਰਾਜਵੀਰ ਤੱਕ ਪਹੁੰਚ ਕਰਕੇ, ਪੀੜਤ ਪਰਿਵਾਰ ਨੂੰ ਹਰ ਸੰਭਵ ਮਦਦ ਕਰਨ ਦਾ ਵਾਅਦਾ ਕੀਤਾ। ਸਿੱਖ ਵਿਚਾਰਵਾਨਾਂ ਨੇ ਸਿੱਖ ਭਾਈਚਾਰੇ ਅਤੇ ਕਿਸਾਨ ਸੰਘਰਸ਼ ਦੇ ਲੀਡਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੀੜਤ ਨੂੰ ਪੁਲਿਸ ਧੱਕੇ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਵਿੱਚ ਹਰ ਸੰਭਵ ਮਦਦ ਕਰਨ।

ਇਸ ਵਿੱਚ ਸ਼ਾਮਿਲ ਸਨ ਪ੍ਰੋ. ਮਨਜੀਤ ਸਿੰਘ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਅਤੇ ਸੁਖਦੇਵ ਸਿੰਘ, ਡਾ. ਪਿਆਰੇ ਲਾਲ ਗਰਗ, ਰਜਿੰਦਰ ਸਿੰਘ ਖ਼ਾਲਸਾ ਪੰਚਾਇਤ, ਅਤੇ ਆਰ.ਐਸ ਚੀਮਾ ਸੀਨੀਅਰ ਐਡਵੋਕਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਆਦਿ ਸ਼ਾਮਿਲ ਸਨ।

**ਜਮਹੂਰੀ ਅਧਿਕਾਰ ਸਭਾ ਨੇ ਆਵਾਜ਼ ਉਠਾਈ**

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਮਜ਼ਦੂਰ ਕਾਰਕੁੰਨ ਨੌਦੀਪ ਕੌਰ ਨੂੰ ਹਰਿਆਣਾ ਪੁਲਿਸ ਵੱਲੋਂ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰ ਕਰਨ ਅਤੇ ਹਿਰਾਸਤ ਵਿਚ ਉਸ ਉੱਪਰ ਜਿਨਸੀ ਤਸ਼ੱਦਦ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਨੌਦੀਪ ਕੌਰ ਮਜ਼ਦੂਰ ਹੱਕਾਂ ਲਈ ਜੂਝਣ ਵਾਲੀ ਵੀਰਾਂਗਣਾ ਹੈ, ਜਿਸ ਨੇ ਦਿੱਲੀ ਦੀਆਂ ਹੱਦਾਂ ਉੱਪਰ ਚੱਲ ਰਹੇ ਇਤਿਹਾਸਕ ਕਿਸਾਨ-ਮਜ਼ਦੂਰ ਸੰਘਰਸ਼ ਦੀ ਹਮਾਇਤ ਵਿਚ ਵੱਡੀ ਗਿਣਤੀ 'ਚ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਲੋਕ ਹਿਤਾਂ ਅਤੇ ਸਮਾਜਿਕ ਸਰੋਕਾਰਾਂ ਨਾਲ ਡੂੰਘੀ ਵਚਨਬੱਧਤਾ ਦਿਖਾਈ ਹੈ। ਉਸ ਵਿਰੁੱਧ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਅਤੇ ਜਿਨਸੀ ਹਮਲੇ ਰਾਹੀਂ ਉਸ ਉੱਪਰ ਜਿਨਸੀ ਤਸ਼ੱਦਦ ਨੂੰ ਮਿਸਾਲ ਬਣਾ ਕੇ ਹਰਿਆਣਾ ਸਰਕਾਰ ਕਿਰਤੀ ਲੋਕਾਂ ਦੇ ਜਥੇਬੰਦ ਸੰਘਰਸ਼ਾਂ ਨੂੰ ਦਹਿਸ਼ਤਜ਼ਦਾ ਕਰਨਾ ਚਾਹੁੰਦੀ ਹੈ। ਲੋਕ ਹਿਤਾਂ ਲਈ ਮੌਜੂਦਾ ਇਤਿਹਾਸਕ ਸੰਘਰਸ਼ ਦੌਰਾਨ ਇਕ ਔਰਤ ਕਾਰਕੁੰਨ ਦੀ ਪੂਰੀ ਤਰ੍ਹਾਂ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰੀ ਦਰਸਾਉਂਦੀ ਹੈ ਕਿ ਪੁਰਅਮਨ ਸੰਘਰਸ਼ਾਂ ਤੋਂ ਬੌਖਲਾਈ ਸੱਤਾ ਜਮਹੂਰੀ ਹੱਕ-ਜਤਾਈ ਨੂੰ ਦਬਾਉਣ ਲਈ ਕਿੰਨੀ ਹਿੰਸਕ ਹੋ ਚੁੱਕੀ ਹੈ। ਜਦਕਿ ਮਨੁੱਖੀ ਅਧਿਕਾਰ ਕਮਿਸ਼ਨ, ਮਹਿਲਾ ਕਮਿਸ਼ਨ ਅਤੇ ਦਲਿਤ ਕਮਿਸ਼ਨ ਤਮਾਸ਼ਬੀਨ ਬਣਕੇ ਪੁਲਿਸ ਦੀਆਂ ਇਨ੍ਹਾਂ ਮਨਮਾਨੀਆਂ ਪ੍ਰਤੀ ਅੱਖਾਂ ਬੰਦ ਕਰੀ ਬੈਠੇ ਹਨ।

# ਬੀਬੀ ਨੌਦੀਪ ਕੌਰ ਤੇ ਜ਼ੁਲਮ ਸਰਕਾਰੀ ਅੱਤਵਾਦੀਆਂ ਦੀ ਘਟੀਆ ਫ਼ਿਤਰਤ ਦਾ ਪ੍ਰਮਾਣ : ਯੂਨਾਈਟਿਡ ਖ਼ਾਲਸਾ ਦਲ ਯੂ.ਕੇ.

## ਕਿਸਾਨ ਅੰਦੋਲਨਕਾਰੀਆਂ, ਸਿੱਖ ਜਥੇਬੰਦੀਆਂ ਅਤੇ ਮਨੁੱਖੀ ਹੱਕਾਂ ਦੇ ਅਲੰਬਦਾਰ ਅਦਾਰਿਆਂ ਨੂੰ ਕਾਰਜਸ਼ੀਲ ਹੋਣ ਦੀ ਅਪੀਲ

**ਲੰਡਨ /ਏ.ਟੀ.ਨਿਊਜ਼:** ਸਮਾਜ ਸੇਵਿਕਾ ਬੀਬੀ ਨੌਦੀਪ ਕੌਰ ਸਪੁੱਤਰੀ ਸੁਖਦੇਵ ਸਿੰਘ ਜਿਸ ਨੂੰ ਹਰਿਆਣਵੀ ਪੁਲਿਸ ਨੇ 12 ਜਨਵਰੀ ਵਾਲੇ ਦਿਨ (ਚਾਰ ਹਫ਼ਤੇ ਪਹਿਲਾਂ) ਕੁੰਡਲੀ ਬਾਰਡਰ ਤੋਂ ਅਗਵਾ ਕੀਤਾ ਸੀ । ਉਸ ਤੇ ਸਰੀਰਕ ਅਤੇ ਮਾਨਸਿਕ ਪੱਖ ਤੋਂ ਭਾਰੀ ਤਸ਼ੱਦਦ ਕੀਤਾ ਗਿਆ ਜੋ ਕਿ ਲਗਾਤਾਰ ਜਾਰੀ ਹੈ । ਬੀਬੀ ਨੌਦੀਪ ਕੌਰ ਨਾਲ ਪੁਲਿਸ ਹਿਰਾਸਤ ਵਿੱਚ ਬਲਾਤਕਾਰ ਤੱਕ ਕੀਤਾ ਗਿਆ ਉੱਥੇ ਉਸ ਨੂੰ ਝੂਠੇ ਕੇਸ ਵਿੱਚ ਫਸਾ ਦਿੱਤਾ ਗਿਆ ਹੈ ਜੋ ਕਿ ਭਾਰਤ ਸਰਕਾਰ ਦਾ ਸ਼ਰਮਨਾਕ ਵਰਤਾਰਾ ਹੈ । ਪਰ ਜਿਸ ਕਿਸਾਨ ਅੰਦੋਲਨ ਵਿੱਚ ਉਹ ਹਿੱਸਾ ਲੈਣ ਅਤੇ ਕਵਰੇਜ ਕਰਨ ਆਈ ਸੀ ਉਸ ਅੰਦੋਲਨ ਦੇ ਜ਼ਿੰਮੇਵਾਰ ਆਗੂਆਂ ਵੱਲੋਂ ਉਸ ਦੀ ਰਿਹਾਈ ਲਈ ਸਾਰਥਕ ਅਤੇ ਉਸਾਰੂ ਯਤਨ ਨਹੀਂ ਕੀਤੇ ਗਏ ਜੋ ਕਿ ਕਈ ਤਰਾਂ ਦੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ । ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਬੀਬੀ ਨੌਦੀਪ ਨਵਦੀਪ ਕੌਰ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਿਆਂ ਸਮੂਹ ਕਿਸਾਨ ਅੰਦੋਲਨਕਾਰੀਆਂ, ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਜਥੇਬੰਦੀਆਂ ਨੂੰ ਉਸਦੀ ਰਿਹਾਈ ਲਈ ਯਤਨ ਕਰਨ ਦੀ ਅਪੀਲ ਕੀਤੀ ਗਈ ਹੈ । ਯੂਨਾਈਟਿਡ ਖ਼ਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਬੀਬੀ ਨੌਦੀਪ ਕੌਰ ਜ਼ੁਲਮ ਕਰਨ ਵਾਲੇ ਪੁਲਸੀਆਂ ਨੂੰ ਸਰਕਾਰੀ ਵਰਦੀਧਾਰੀ ਅੱਤਵਾਦੀ ਕਰਾਰ ਦਿੱਤਾ ਗਿਆ । ਇਸ ਬੀਬੀ ਤੇ ਹੋ ਰਹੇ ਅੱਤਿਆਚਾਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਅਤੇ ਆਪਣੇ ਹੱਕ ਮੰਗਣ ਵਾਲਿਆਂ ਪ੍ਰਤੀ ਸਰਕਾਰੀ ਨਜ਼ਰੀਆ ਹਿਟਲਰਸ਼ਾਹੀ ਹੀ ਰਿਹਾ ਹੈ । ਰਿਹਾਨਾ ਸਮੇਤ ਦੁਨੀਆ ਭਰ ਦੀਆਂ ਪ੍ਰਸਿੱਧ ਅਤੇ ਨਾਮਵਰ ਹਸਤੀਆਂ ਵੱਲੋਂ ਕਿਸਾਨ ਅੰਦੋਲਨ ਦੇ ਹੱਕ ਵਿੱਚ ਬੋਲਣ ਅਤੇ ਭਾਰਤ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਤੇ ਬਹੁ ਗਿਣਤੀ ਵੱਲੋਂ ਮਾਰੇ ਜਾ ਰਹੇ ਡਾਕਿਆਂ, ਘੱਟ ਗਿਣਤੀ ਦੇ ਭਾਈਚਾਰੇ ਦੇ ਕੁਚਲੇ ਜਾ ਰਹੇ ਮੁੱਢਲੇ ਹੱਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਗੱਲ ਕਰਨ ਤੇ ਹਿੰਦੂਤਵੀ ਮੀਡੀਆ ਬੁਰੀ ਤਰਾਂ ਨਾਲ ਤੜਫ਼ ਰਿਹਾ ਹੈ ਅਤੇ ਫ਼ਿਰਕਾਪ੍ਰਸਤ ਆਗੂ ਇਨ੍ਹਾਂ ਦੇ ਚੇਲੇ ਇਸ ਸੱਚ ਨੂੰ ਕਬੂਲ ਕਰਨ ਦੀ ਬਜਾਏ ਇਹਨਾਂ ਨਾਮਵਰ ਹਸਤੀਆਂ ਖ਼ਿਲਾਫ਼ ਅੱਤ ਘਟੀਆ ਦਰਜੇ ਦੀ ਸ਼ਬਦਾਵਲੀ ਬੋਲੀ ਅਤੇ ਲਿਖੀ ਜਾ ਰਹੀ ਹੈ ਜੋ ਕਿ ਇਹਨਾਂ ਦੀ ਬੌਧਿਕਤਾ ਦਾ ਦੀਵਾਲੀਆਪਣ ਹੈ । ਯੂਨਾਈਟਿਡ ਖ਼ਾਲਸਾ ਦਲ ਯੂ,ਕੇ ਵੱਲੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਭਾਰਤ ਵਿੱਚ ਸਿੱਖਾਂ ਦੇ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਹਿਤ ਕੇਵਲ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਵਿੱਚ ਹੀ ਸੁਰੱਖਿਅਤ ਰਹਿ ਸਕਣਗੇ ਇਸ ਲਈ ਹਰੇਕ ਸਿੱਖ ਨੂੰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਨਰੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹੋਏ ਸੰਘਰਸ਼ ਵਿੱਚ ਸਾਰਥਕ ਅਤੇ ਉਸਾਰੂ ਯਤਨ ਕਰਨ ਦੀ ਲੋੜ ਹੈ।

# 4 ਫ਼ਰਵਰੀ ਦੇ ਦਿਨ ਨੂੰ ਸਾਕਾ ਨਕੋਦਰ ਦਿਵਸ ਵਜੋਂ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਵੱਡੇ ਸ਼ਹਿਰਾਂ ਵਿੱਚ ਮਾਨਤਾ

ਅਸੈਂਬਲੀ ਮੈਂਬਰ, ਕਾਉਂਟੀ ਸੁਪਰਵਾਈਜਰ ਅਤੇ ਤਿੰਨ ਵੱਡੇ ਸ਼ਹਿਰਾਂ ਦੇ ਮੇਅਰਾਂ ਨੇ ਪ੍ਰੋਕਲਾਮੇਸ਼ਨ ਜਾਰੀ ਕੀਤੀਆਂ।

ਸਾਕਾ ਨਕੋਦਰ ਦੀ 35ਵੀਂ ਵਰ੍ਹੇਗੰਢ ਨੂੰ ਸਮਰਪਿਤ ਇਸ ਸਾਕੇ ਦਾ ਦੁਖਾਂਤ ਦਰਸਾਉਂਦੀ ਚਿੱਤਰਕਾਰ ਚਮਨਦੀਪ ਸਿੰਘ ਦੀ ਤਸਵੀਰ ਪ੍ਰਮੁੱਖ ਗੁਰੂ ਘਰਾਂ ਵਿੱਚ ਸਥਾਪਿਤ ਕੀਤੀ ਗਈ। 7 ਫ਼ਰਵਰੀ ਦਿਨ ਐਤਵਾਰ ਨੂੰ ਗੁਰਦਵਾਰਾ ਫਰੀਮੌਂਟ ਅਤੇ ਸਿੰਘ ਸਭਾ ਬੇ-ਏਰੀਆ, ਕੈਲੀਫੋਰਨੀਆ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ ਆਯੋਜਿਤ ਕੀਤੇ ਗਏ।

ਅੰਤਰਰਾਸ਼ਟਰੀ ਸਾਕਾ ਨਕੋਦਰ ਗਲੋਬਲ ਜਾਗਰੂਕਤਾ ਦਿਵਸ ਮੌਕੇ ਕੈਲੀਫੋਰਨੀਆ ਦੇ ਅਸੈਂਬਲੀ ਮੈਂਬਰ ਕਾਰਲੋਸ ਵਿਲਾਪਡੂਆ, ਸਟੇਨੀਸਲਾਉਸ ਕਾਉਂਟੀ ਸੁਪਰਵਾਈਜਰ ਮਨੀ ਗਰੇਵਾਲ, ਲੈਥਰੋਪ ਸਿਟੀ ਮੇਅਰ ਸਨੀ ਧਾਲੀਵਾਲ, ਸਟਾਕਟਨ ਸਿਟੀ ਮੇਅਰ ਕੇਵਿਨ ਲਿੰਕਨ ਅਤੇ ਸੈਂਟਾ ਕਲਾਰਾ ਸਿਟੀ ਮੇਅਰ ਲੀਸਾ ਗਿਲਮੋਰ ਨੇ 4 ਫ਼ਰਵਰੀ ਦੇ ਦਿਨ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦਿਆਂ ਪ੍ਰੋਕਲਾਮੇਸ਼ਨ ਜਾਰੀ ਕੀਤੀਆਂ ਹਨ।

ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦਵਾਰਾ ਸਾਹਿਬ ਸਟਾਕਟਨ ਵਿਖੇ ਗ਼ਦਰੀ ਬਾਬਿਆਂ ਦੇ ਮਿਊਜ਼ੀਅਮ, ਨਾਰਥ ਅਮਰੀਕਾ ਦੇ ਸਭ ਤੋਂ ਵੱਡੇ ਗੁਰੂਘਰ ਸੈਨਹੋਜੇ ਦੀ ਗੈਲਰੀ ਤੇ ਮਿਊਜ਼ੀਅਮ ਅਤੇ ਸਨ-ਫ਼ਰਾਂਸਿਸਕੋ ਗੁਰਦਵਾਰਾ ਸਾਹਿਬ ਐਲਸੋਬਰਾਂਟੇ ਦੇ ਲੰਗਰ ਹਾਲ ਵਿੱਚ ਸਾਕਾ ਨਕੋਦਰ ਦੀ 35ਵੀਂ ਵਰ੍ਹੇਗੰਢ ਨੂੰ ਸਮਰਪਿਤ ਇਸ ਸਾਕੇ ਦਾ ਦੁਖਾਂਤ ਦਰਸਾਉਂਦੀ ਚਿੱਤਰਕਾਰ ਚਮਨਦੀਪ ਸਿੰਘ ਦੀ ਤਸਵੀਰ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਸਥਾਪਤ ਕੀਤੀ ਗਈ।

Assembly California Legislature
CARLOS VILLAPADUA
ASSEMBLYMEMBER, THIRTEENTH DISTRICT

February 4, 2021

On February 4th, 1986, four unarmed and peaceful Sikh students: Ravinder Singh, Baldhir Sing, Jhilman Sing and Harminder Sing, were murdered by State Police in Punjab, India. This was a unprovoked and senseless act done while they were Protesting the desecration of Sikh Scripture.

As the State Assemblymember for the 13th District of California, I stand in solidarity with the Sikh families of the Victims of the Nakodar incident in their pursuit of justice as they continue to build support across the world.

Sincerely,

Carlos Villapudua
Assemblymember
13th District of California

PROCLAMATION

SAKA NAKODAR DAY

Proclamation

SAKA NAKODAR DAY

Stanislaus County

**BOARD OF SUPERVIS**

Mani Grewal, County Super Dis

1010 10th Street, Suite
Modesto, CA
Phone: 209-525-4445 Fax 209-525

February 3, 2021

On February 4, 1986 four unarmed and peaceful Sikh students named Ravinder Singh, Baldhir Singh, Jhilman Singh and Harminder Singh were killed by State Police in Punjab, India. This was an unprovoked firing while participating in prot against the desecration of Sikh scripture "Sri Guru Granth Sahib" considered by Sikhs to be the final, supreme and living Guru after the lineage of 10 Sikh Gurus

As Supervisor, I stand in solidarity and empathy with the Sikh families of the victi of the Nakodar incident in their pursuit of justice as they continue to build worldw support.

Sincerely,

Supervisor Mani Grewal
Stanislaus County Board of Supervisors
District 4












STATE CAPITOL
P.O. BOX 942849
SACRAMENTO, CA 94249-0013
(916) 319-2013
FAX (916) 319-2113
E-MAIL
Assemblymember.Villapudua@assembly.ca.gov

Assembly California Legislature

CARLOS VILLAPADUA
ASSEMBLYMEMBER, THIRTEENTH DISTRICT

DISTRICT OFFICE
31 EAST CHANNEL STREET, SUITE 306
STOCKTON, CA 95202
(209) 948-7479
FAX (209) 465-5058

February 4, 2021

On February 4th, 1986, four unarmed and peaceful Sikh students: Ravinder Singh, Baldhir Sing, Jhilman Sing and Harminder Sing, were murdered by State Police in Punjab, India. This was a unprovoked and senseless act done while they were Protesting the desecration of Sikh Scripture.

As the State Assemblymember for the 13th District of California, I stand in solidarity with the Sikh families of the Victims of the Nakodar incident in their pursuit of justice as they continue to build support across the world.

Sincerely,

Carlos Villapudua
Assemblymember
13th District of California

PROCLAMATION

SAKA NAKODAR DAY

**WHEREAS** on February 4, 1986 four unarmed and peaceful Sikh students, namely Ravinder Singh, Baldhir Singh, Jhilman Singh, and Harminder Singh were killed by State Police in Punjab, India in an unprovoked firing while participating in protest against the desecration of Sikh scripture "Sri Guru Granth Sahib" considered by all Sikhs to be the final, supreme and living Guru after the lineage of 10 Sikh Gurus; and

**WHEREAS** the State authorities violated the Freedom of peaceful assembly which is endorsed by Article 20 of U.N. Universal Declaration of Human Rights, Article 21 of U.N. International Covenant on Civil and Political Rights and Article 5 of U.N. Declaration on Human Rights Defenders; and

**WHEREAS** the dead bodies were secretly disposed to conceal this Extra-Judicial killing; and

**WHEREAS** the State Government constituted a Commission of Judicial Inquiry headed by a renowned jurist on this incident of Extra-Judicial killings. The Justice Gurnam Singh Commission of Inquiry submitted its report to the State Government on 31 October 1986, but the government failed to place and discuss the report, along with the mandatory Action Taken Report, in the State Assembly within six months of submission; and

**WHEREAS** the state obscured the relevant parts of the Judicial Commission Inquiry Report and took no action on the report and not even a single perpetrator has been brought to justice to date; and

**WHEREAS** Victims' families have been fighting for truth, justice, accountability and closure for over 35 years; and

**WHEREAS** this incident has now also received international attention as Dr. Iqtidar Cheema, Member of United Nations Global Steering Committee of OSAPG, has raised it on various international forums; and

**WHEREAS** I have always been an advocate for the democratic and human rights of all people; and

**NOW, THEREFORE, BE IT RESOLVED**, as the Mayor of the City of Lathrop, I declare as follows:

The City of Lathrop stands in solidarity and empathy with the Sikh families of the victims of the Nakodar incident in their pursuit of justice as they continue to build worldwide support.

**NOW THEREFORE** I, Sonny Dhaliwal, Mayor of Lathrop, do hereby proclaim February 4th as **SAKA NAKODAR DAY** in the City of Lathrop.

DATE 02-04-2021

MAYOR

CITY OF LATHROP

City of Santa Clara
The Center of What's Possible

Mayor
Lisa M. Gillmor

Councilmembers
Anthony J. Becker
Raj Chahal
Karen Hardy
Suds Jain
Kevin Park
Kathy Watanabe

February 4, 2021

Mr. Baldev Singh Littran
c/o City of Santa Clara
1500 Warburton Avenue
Santa Clara, CA 95050

On February 4, 1986, four unarmed, peaceful members of the All India Sikh Student Federation (AISSF), Ravinder Singh, Baldhir Singh, Jhilman Singh, and Harminder Singh, were killed by State police in Nakodar, Punjab, India while peacefully protesting the desecration of Sikh scripture "Sri Guru Granth Sahib."

The City of Santa Clara takes great pride in our diverse population and welcomes those from different nationalities, backgrounds, and cultures. As Mayor, I stand in solidarity and empathy with the victims' families as they fight for truth, justice, accountability and closure of this unprovoked attack.

Sincerely,

Lisa M. Gillmor
Mayor
City of Santa Clara

# ਦੀਪ ਸਿੱਧੂ ਦੀ ਗ੍ਰਿਫਤਾਰੀ 'ਤੇ ਖੁਸ਼ ਹੋਣ ਵਾਲਾ ਰੁਲਦੂ ਸਿੰਘ ਮਾਨਸਾ ਕੌਣ ਹੈ ?

**ਅੰਮ੍ਰਿਤਸਰ ਟਾਈਮਜ਼ ਬਿਊਰੋ** : ਦੱਲੀ ਪੁਲਸ ਵੱਲੋਂ ਅੱਜ ਦੀਪ ਸਿੱਧੂ ਨੂੰ ਕਿਸਾਨ ਸੰਘਰਸ਼ ਵਿਚ ਸ਼ਾਮਲ ਹੋਣ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ। ਦੀਪ ਸਿੱਧੂ ਜਿੱਥੇ ਕੁੱਝ ਮਹੀਨਿਆਂ ਵਿਚ ਹੀ ਪੰਜਾਬ ਅੰਦਰ ਇਕ ਨਵੇਂ ਆਗੂ ਵਜੋਂ ਉੱਭਰਿਆ ਹੈ ਤੇ ਉਸਨੇ ਕਿਸਾਨ ਸੰਘਰਸ਼ ਦੀ ਲਾਮਬੰਦੀ ਵਿਚ ਅਹਿਮ ਯੋਗਦਾਨ ਪਾਇਆ ਪਰ ਕਿਸਾਨ ਯੂਨੀਅਨਾਂ ਦੇ ਆਗੂ ਉਸ ਦਾ ਸੰਘਰਸ਼ ਦੇ ਮੁੱਢਲੇ ਦਿਨਾਂ ਤੋਂ ਹੀ ਵਿਰੋਧ ਕਰਦੇ ਰਹੇ। ਅੱਜ ਜਦੋਂ ਦੀਪ ਸਿੱਧੂ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕੀਤਾ ਤਾਂ ਗ੍ਰਿਫਤਾਰੀ 'ਤੇ ਪ੍ਰਤੀਕਰਮ ਦਿੰਦਿਆਂ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਉਹਨਾਂ ਨੂੰ ਦੀਪ ਸਿੱਧੂ ਦੀ ਗ੍ਰਿਫਤਾਰ 'ਤੇ ਖੁਸ਼ੀ ਹੋਈ ਹੈ।

ਰੁਲਦੂ ਸਿੰਘ ਮਾਨਸਾ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਹਨ। ਪੰਜਾਬ ਕਿਸਾਨ ਯੂਨੀਅਨ ਕਾਮਰੇਡਾਂ ਦੀ ਸਿਆਸੀ ਪਾਰਟੀ 'ਕਮਿਊਨਿਸਟ ਪਾਰਟੀ ਆਫ ਇੰਡੀਆ (ਲਿਬਰੇਸ਼ਨ) ' ਦੀ ਕਿਸਾਨ ਇਕਾਈ ਹੈ। ਮੰਜ਼ਰ ਇਹ ਹੈ ਕਿ ਪੰਜਾਬ ਕਿਸਾਨ ਯੂਨੀਅਨ ਦੇ ਅਹੁਦੇਦਾਰਾਂ ਕੋਲ ਕਮਿਊਨਿਸਟ ਪਾਰਟੀ ਦੀਆਂ ਵੀ ਅਹੁਦੇਦਾਰੀਆਂ ਹਨ।

ਦੱਸ ਦਈਏ ਕਿ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਯੂਨੀਅਨਾਂ ਇਹ ਦਾਅਵਾ ਕਰਦੀਆਂ ਆ ਰਹੀਆਂ ਹਨ ਕਿ ਇਸ ਮੋਰਚੇ ਵਿਚ ਕੋਈ ਵੀ ਸਿਆਸੀ ਬੰਦਾ ਸ਼ਾਮਲ ਨਹੀਂ ਕੀਤਾ ਜਾਵੇਗਾ। ਜਦਕਿ ਉਹਨਾਂ ਦੇ ਵਿਚ ਇਸ ਪੱਧਰ ਤਕ ਸਿਆਸਤ ਦੀ ਦਖਲ ਅੰਦਾਜ਼ੀ ਹੈ।

ਰੁਲਦੂ ਸਿੰਘ ਮਾਨਸਾ ਦੀ ਪਾਰਟੀ ਦੇ ਕਿਸਾਨ ਸੰਘਰਸ਼ ਵਿਚ ਵਿਚਰਦੇ ਪ੍ਰਮੁੱਖ ਅਹੁਦੇਦਾਰਾਂ ਵਿਚ ਕੰਵਲਜੀਤ ਸਿੰਘ ਸ਼ਾਮਲ ਹੈ। ਕੰਵਲਜੀਤ ਸਿੰਘ ਕਮਿਊਨਿਸਟ ਪਾਰਟੀ




ਸੀਪੀਆਈ (ਐਮ-ਐਲ) ਐਲ ਦੀ ਕੇਂਦਰੀ ਕਮੇਟੀ ਦਾ ਵੀ ਮੈਂਬਰ ਹੈ। ਕੰਵਲਜੀਤ ਸਿੰਘ ਚੰਡੀਗੜ੍ਹ ਤੋਂ ਪਾਰਟੀ ਦੀ ਸੀਟ 'ਤੇ ਚੋਣ ਵੀ ਲੜ੍ਹ ਚੁੱਕਿਆ ਹੈ।

**ਗੂਗਲ ਤੋਂ ਕੰਵਲਜੀਤ ਸਿੰਘ ਬਾਰੇ ਮਿਲੀ ਜਾਣਕਾਰੀ**

ਰੁਲਦੂ ਸਿੰਘ ਮਾਨਸਾ ਦੀ ਪੰਜਾਬ ਕਿਸਾਨ ਯੂਨੀਅਨ ਨੂੰ ਪੂਰੀ ਤਰ੍ਹਾਂ ਸੀਪੀਆਈ (ਐਮ-ਐਲ) ਐਲ ਚਲਾ ਰਹੀ ਹੈ ਜਿਸਦਾ ਇਸ ਗੱਲ ਤੋਂ ਵੀ ਪ੍ਰਮਾਣ ਮਿਲਦਾ ਹੈ ਕਿ ਇਸ ਯੂਨੀਅਨ ਵਿਚ ਸਰਗਰਮ ਕਈ ਨੌਜਵਾਨ ਪਾਰਟੀ ਦੀ ਵਿਦਿਆਰਥੀ ਇਕਾਈ 'ਆਈਸਾ' ਦੇ ਅਹੁਦੇਦਾਰ ਹਨ ਤੇ ਕਿਸਾਨ ਯੂਨੀਅਨ ਵਿਚ ਵੀ ਉਹਨਾਂ ਕੋਲ ਅਹੁਦੇਦਾਰੀਆਂ ਹਨ।

ਕਿਸਾਨ ਏਕਤਾ ਮੋਰਚਾ ਦੇ ਫੇਸਬੁੱਕ ਪੇਜ ਤੋਂ ਪੰਜਾਬ ਕਿਸਾਨ ਯੂਨੀਅਨ ਦੇ ਅਹੁਦੇਦਾਰ ਵਜੋਂ ਗੱਲ ਰੱਖਦੇ ਹੋਏ ਕੰਵਲਜੀਤ ਸਿੰਘ ਕਮਿਊਨਿਸਟ ਪਾਰਟੀ ਦਾ ਸਿੱਖ ਵਿਚਾਰਾਂ ਵਾਲੀ ਸਿਆਸਤ ਨਾਲ ਮੁੱਢ ਤੋਂ ਹੀ ਵੈਰ ਰਿਹਾ ਹੈ ਅਤੇ ਦੀਪ ਸਿੱਧੂ ਦੀ ਗ੍ਰਿਫਤਾਰੀ 'ਤੇ ਖੁਸ਼ੀ ਦੇ ਪ੍ਰਗਟਾਵੇ ਦਾ ਕਾਰਨ ਇਸ ਨੂੰ ਸਮਝਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਦੀਪ ਸਿੱਧੂ ਕਿਸਾਨੀ ਸੰਘਰਸ਼ ਵਿਚ ਸਿੱਖ ਭਾਵਨਾਵਾਂ ਦੀ ਪਛਾਣ ਬਣ ਗਿਆ ਹੈ।

**Kanwaljeet Singh**



In a seminar at Guru Kashi University, Talwandi Sabo

| | |
|---|---|
| **Born** | Patiala |
| **Nationality** | Indian |
| **Alma mater** | CSIR-CSIO, Punjab University |
| **Occupation** | Social Activist, Author, Robotics Engineer |
| **Years active** | 1996–Present |
| **Organization** | Communist Party of India (Marxist–Leninist) Liberation, All India Central Council of Trade Unions, Revolutionary Youth Association |

# ਨਿਊਯਾਰਕ ਦੀ ਵਿਧਾਨ ਸਭਾ ਨੇ ਕਸ਼ਮੀਰੀ ਸੰਘਰਸ਼ ਦੇ ਹੱਕ ਵਿਚ ਮਤਾ ਪਾਸ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਸ਼ਮੀਰ ਦੇ ਹੱਕਾਂ ਲਈ ਅਵਾਜ਼ ਚੁੱਕਦਿਆਂ ਅਮਰੀਕਾ ਦੇ ਸੂਬੇ ਨਿਊਯਾਰਕ ਦੀ ਵਿਧਾਨ ਸਭਾ ਨੇ ਇਕ ਮਤਾ ਪਾਸ ਕਰਦਿਆਂ ਸੂਬੇ ਦੇ ਗਵਰਨਰ ਐਂਡਰਿਊ ਕਿਊਮੋ ਤੋਂ ਮੰਗ ਕੀਤੀ ਹੈ ਕਿ ਪੰਜ ਫਰਵਰੀ ਦੇ ਦਿਨ ਨੂੰ 'ਕਸ਼ਮੀਰੀ ਅਮਰੀਕੀ ਦਿਹਾੜੇ' ਵਜੋਂ ਮਨਾਉਣ ਦਾ ਐਲਾਨ ਕੀਤਾ ਜਾਵੇ। ਜ਼ਿਕਰਯੋਗ ਹੈ ਕਿ 5 ਫਰਵਰੀ ਨੂੰ ਪਾਕਿਸਤਾਨ ਵੱਲੋਂ ਕਸ਼ਮੀਰ ਏਕਤਾ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ ਅਤੇ ਕਸ਼ਮੀਰੀਆਂ ਵੱਲੋਂ ਆਪਣੀ ਅਜ਼ਾਦੀ ਲਈ ਕੀਤੇ ਜਾ ਰਹੇ ਸੰਘਰਸ਼ ਦੇ ਸਮਰਥਨ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

**ਕੀ ਕਹਿੰਦਾ ਹੈ ਇਹ ਮਤਾ ?**

ਇਹ ਮਤਾ ਵਿਧਾਨ ਸਭਾ ਦੇ 13 ਮੈਂਬਰਾਂ ਵੱਲੋਂ ਪੇਸ਼ ਕੀਤਾ ਗਿਆ ਜਿਸਨੂੰ ਅਵਾਜ਼ ਮੱਤ ਨਾਲ ਵਿਧਾਨ ਸਭਾ ਨੇ ਸਹਿਮਤੀ ਦਿੱਤੀ। ਇਸ ਮਤੇ 'ਚ ਕਿਹਾ ਗਿਆ ਹੈ ਕਿ ਕਸ਼ਮੀਰੀ ਭਾਈਚਾਰੇ ਨੇ ਔਖ ਝੱਲ ਕੇ ਵੀ ਦ੍ਰਿੜ੍ਹਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਖੁਦ ਨੂੰ ਨਿਊਯਾਰਕ ਪਰਵਾਸੀ ਭਾਈਚਾਰੇ ਦੇ ਅਹਿਮ ਥੰਮ੍ਹ ਵਜੋਂ ਸਥਾਪਿਤ ਕੀਤਾ ਹੈ। ਇਸ ਦੇ ਨਾਲ ਹੀ ਮਤੇ ਵਿਚ ਕਿਹਾ ਗਿਆ ਹੈ ਕਿ ਨਿਊਯਾਰਕ ਮਨੁੱਖੀ ਹੱਕਾਂ ਨੂੰ ਤਰਜੀਹ ਦੇਣ, ਸਾਰੇ ਕਸ਼ਮੀਰੀ ਲੋਕਾਂ ਨੂੰ ਧਾਰਮਿਕ ਤੇ ਭਾਵਨਾਵਾਂ ਪ੍ਰਗਟਾਉਣ ਦੀ ਆਜਾਦੀ ਦੇਣ ਦੀ ਹਾਮੀ ਭਰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਮੱਦਾਂ ਅਮਰੀਕੀ ਸੰਵਿਧਾਨ ਮੁਤਾਬਕ ਹਨ।

**ਭਾਰਤ ਨੇ ਇਤਰਾਜ਼ ਪ੍ਰਗਟ ਕੀਤਾ**

ਭਾਰਤ ਸਰਕਾਰ ਨੇ ਨਿਊਯਾਰਕ ਵਿਧਾਨ ਸਭਾ ਦੇ ਇਸ ਮਤੇ 'ਤੇ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਕਿ 'ਨਿੱਜੀ ਹਿੱਤਾਂ' ਖਾਤਰ ਕੁਝ ਲੋਕ ਜੰਮੂ ਕਸ਼ਮੀਰ ਦੇ ਅਮੀਰ ਸਭਿਆਚਾਰਕ ਤੇ ਸਮਾਜਿਕ ਤਾਣੇ-ਬਾਣੇ ਨੂੰ ਗਲਤ ਢੰਗ ਨਾਲ ਪੇਸ਼ ਕਰ ਕੇ ਲੋਕਾਂ ਨੂੰ ਵੰਡ ਰਹੇ ਹਨ। ਮਤੇ ਉਤੇ ਟਿੱਪਣੀ ਕਰਦਿਆਂ ਵਾਸ਼ਿੰਗਟਨ ਸਥਿਤ ਭਾਰਤੀ ਦੂਤਾਵਾਸ ਦੇ ਅਧਿਕਾਰੀ ਨੇ ਕਿਹਾ 'ਅਮਰੀਕਾ ਵਾਂਗ ਭਾਰਤ ਵੀ ਲੋਕਤੰਤਰ ਹੈ ਤੇ 130 ਕਰੋੜ ਭਾਰਤ ਵਾਸੀਆਂ ਦੀ ਬਹੁਲਵਾਦੀ ਨੈਤਿਕਤਾ ਮਾਣ ਕਰਨ ਯੋਗ ਹੈ।' ਇਸ ਦੇ ਨਾਲ ਹੀ ਭਾਰਤ ਨੇ ਕਿਹਾ ਕਿ ਸਣੇ ਜੰਮੂ ਕਸ਼ਮੀਰ ਦੇਸ਼ ਆਪਣੀ ਵਿੰਭਿਨਤਾ ਤੇ ਅਮੀਰ ਸਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ। ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਭਾਰਤੀ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਨਿਊਯਾਰਕ ਸੂਬੇ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਭਾਰਤੀ-ਅਮਰੀਕੀ ਭਾਈਵਾਲੀ ਨਾਲ ਜੁੜੇ ਸਾਰੇ ਮੁੱਦਿਆਂ 'ਤੇ ਰਾਬਤਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਰਵਾਸੀ ਭਾਰਤੀਆਂ ਦੇ ਹਰ ਵਰਗ ਨੂੰ ਨਾਲ ਜੋੜਿਆ ਜਾਵੇਗਾ।

**ਪਾਕਿਸਤਾਨ ਨੇ ਮਤੇ ਦਾ ਸਵਾਗਤ ਕੀਤਾ**

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਨਿਊਯਾਰਕ ਵਿਧਾਨ ਸਭਾ ਦਾ ਇਹ ਮਤਾ ਸਵਾਗਤਯੋਗ ਹੈ ਅਤੇ ਇਸ ਨਾਲ ਸਪਸ਼ਟ ਹੁੰਦਾ ਹੈ ਕਿ ਭਾਰਤ ਕਸ਼ਮੀਰੀ ਲੋਕਾਂ ਦੇ ਮਨੁੱਖੀ ਹੱਕਾਂ ਦਾ ਜਿਹੜਾ ਘਾਣ ਕਰ ਰਿਹਾ ਹੈ ਉਸ 'ਤੇ ਪਰਦਾ ਨਹੀਂ ਪਾ ਸਕਦਾ। ਇਸ ਮਾਮਲੇ 'ਤੇ ਨਿਊਯਾਰਕ ਸਥਿਤ ਪਾਕਿਸਤਾਨੀ ਦੂਤਾਵਾਸ ਦੀ ਅਫਸਰ ਆਇਸ਼ਾ ਅਲੀ ਨੇ ਬਿਆਨ ਜਾਰੀ ਕਰਦਿਆਂ ਮਤਾ ਪੇਸ਼ ਕਰਨ ਵਾਲੇ ਮੈਂਬਰਾਂ ਤੇ ਇਸ ਮਤੇ ਦੀ ਵਕਾਲਤ ਕਰਨ ਵਾਲੇ ਅਮਰੀਕੀ-ਪਾਕਿਸਤਾਨੀਆਂ ਦੀ ਸ਼ਲਾਘਾ ਕੀਤੀ ਹੈ।

# ਕਸ਼ਮੀਰ ਦੇ ਲੋਕਾਂ ਨੂੰ ਅਜ਼ਾਦ ਹੋਣ ਦਾ ਹੱਕ ਦਵੇਗਾ ਪਾਕਿਸਤਾਨ: ਇਮਰਾਨ ਖਾਨ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਸ਼ਮੀਰ ਦਿਹਾੜੇ ਮੌਕੇ ਬੋਲਦਿਆਂ ਕਿਹਾ ਕਿ ਜੇਕਰ ਕਸ਼ਮੀਰ ਦੇ ਲੋਕ ਭਵਿੱਖ ਵਿਚ ਹੋਣ ਵਾਲੇ ਰੈਫਰੈਂਡਮ ਮੌਕੇ ਪਾਕਿਸਤਾਨ ਨਾਲ ਜੁੜਨਾ ਮਨਜ਼ੂਰ ਕਰਦੇ ਹਨ ਤਾਂ ਪਾਕਿਸਤਾਨ ਕਸ਼ਮੀਰ ਦੇ ਲੋਕਾਂ ਨੂੰ ਇਹ ਵੀ ਹੱਕ ਦਵੇਗਾ ਕਿ ਉਹ ਫੈਂਸਲਾ ਕਰਨ ਕਿ ਉਹਨਾਂ ਨੇ ਪਾਕਿਸਤਾਨ ਨਾਲ ਰਹਿਣਾ ਹੈ ਜਾਂ ਆਪਣਾ ਅਜ਼ਾਦ ਦੇਸ਼ ਬਣਾਉਣਾ ਹੈ।

ਇਮਰਾਨ ਖਾਨ ਪਾਕਿਸਤਾਨ ਦੇ ਪ੍ਰਬੰਧ ਵਾਲੇ ਕਸ਼ਮੀਰ ਦੇ ਕੋਟਲੀ ਜ਼ਿਲ੍ਹੇ ਵਿਚ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਇਹ ਐਲਾਨ ਇਸ ਕਰਕੇ ਅਹਿਮ ਹੈ ਕਿਉਂਕਿ ਸੰਯੁਕਤ ਰਾਸ਼ਟਰ ਦੇ ਕਸ਼ਮੀਰ ਰੈਫਰੈਂਡਮ ਸਬੰਧੀ ਪਾਸ ਮਤੇ ਵਿਚ ਇਹੋ ਜ਼ਿਕਰ ਹੈ ਕਿ ਲੋਕ ਇਹ ਫੈਂਸਲਾ ਕਰਨਗੇ ਕਿ ਉਹਨਾਂ ਪਾਕਿਸਤਾਨ ਨਾਲ ਜੁੜਨਾ ਹੈ ਜਾਂ ਭਾਰਤ ਨਾਲ। ਆਪਣੇ ਵੱਖਰੇ ਦੇਸ਼ ਦੀ ਮੱਦ ਉਸ ਮਤੇ ਵਿਚ ਵੀ ਨਹੀਂ ਹੈ।

ਦੱਸ ਦਈਏ ਕਿ ਜਦੋਂ 1947 ਵਿਚ ਅੰਗਰੇਜ਼ ਇਸ ਖਿੱਤੇ ਨੂੰ ਛੱਡ ਕੇ ਗਏ ਸਨ ਤਾਂ ਹੋਂਦ ਵਿਚ ਆਏ ਭਾਰਤ ਅਤੇ ਪਾਕਿਸਤਾਨ ਵਿਚਾਲੇ ਕਸ਼ਮੀਰ ਦੀ ਜ਼ਮੀਨ ਨੂੰ ਲੈ ਕੇ ਲੜਾਈ ਸ਼ੁਰੂ ਹੋ ਗਈ ਸੀ। ਇਸ ਲੜਾਈ ਦੇ ਹੱਲ ਲਈ ਸੰਯੁਕਤ ਰਾਸ਼ਟਰ ਨੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਰੈਫਰੈਂਡਮ ਕਰਾਉਣ ਦਾ ਮਤਾ ਪਾਸ ਕੀਤਾ ਸੀ। ਭਾਰਤ ਵੱਲੋਂ ਪਹਿਲਾਂ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਪਰ ਬਾਅਦ ਵਿਚ ਭਾਰਤ ਰੈਫਰੈਂਡਮ ਕਰਾਉਣ ਤੋਂ ਇਨਕਾਰੀ ਹੋ ਗਿਆ ਅਤੇ ਕਸ਼ਮੀਰ ਦਾ ਮਸਲਾ ਅਜੇ ਤਕ ਨਹੀਂ ਸੁਲਝ ਸਕਿਆ ਹੈ।

# ਕਿਸਾਨ ਸੰਘਰਸ਼ ਬਾਰੇ ਦੁਵੱਲੀ ਗੱਲ ਕਰ ਗਿਆ ਅਮਰੀਕਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਦੀ ਸੱਤਾ 'ਤੇ ਬੈਠਣ ਤੋਂ ਬਾਅਦ ਜੋਇ ਬਾਇਡਨ ਦੀ ਸਰਕਾਰ ਵੱਲੋਂ ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਬਾਰੇ ਪਹਿਲੀ ਟਿੱਪਣੀ ਆਈ ਹੈ। ਅਮਰੀਕਾ ਨੇ ਜਿੱਥੇ ਸਰਾਮਏਦਾਰੀ ਨਿਜ਼ਾਮ ਦੀ ਪਿੱਠ ਥਾਪੜਨ ਵਾਲੀ ਆਪਣੀ ਨੀਤੀ 'ਤੇ ਚਲਦਿਆਂ ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਹੈ ਉੱਥੇ ਨਾਲ ਹੀ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਦੇ ਜ਼ਮਹੂਰੀ ਹੱਕਾਂ ਦੀ ਸੁਰੱਖਿਆ ਦਾ ਵੀ ਹੋਕਾ ਦੇ ਦਿੱਤਾ ਹੈ।

ਅਮਰੀਕਾ ਦੇ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਵੱਲੋਂ ਬੁੱਧਵਾਰ ਸ਼ਾਮ ਨੂੰ ਇਕ ਬਿਆਨ ਜਾਰੀ ਕੀਤਾ ਗਿਆ। ਇਸ ਬਿਆਨ ਵਿਚ ਕਿਹਾ ਗਿਆ ਕਿ ਅਮਰੀਕਾ ਮੋਦੀ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਕਾਨੂੰਨਾਂ ਦਾ ਸਵਾਗਤ ਕਰਦਾ ਹੈ ਅਤੇ ਇਸ ਨਾਲ ਨਾ ਸਿਰਫ ਭਾਰਤੀ ਬਾਜਾਰਾਂ ਦੀ ਕਾਰਗੁਜਾਰੀ ਵਿੱਚ ਸੁਧਾਰ ਹੋਵੇਗਾ, ਬਲਕਿ ਨਿੱਜੀ ਖੇਤਰ ਨੂੰ ਨਿਵੇਸ਼ ਦਾ ਖੁੱਲ੍ਹਾ ਮੌਕਾ ਮਿਲੇਗਾ। ਦੱਸ ਦਈਏ ਕਿ ਅੱਜ ਦਾ ਆਰਥਕ ਵਿਸ਼ਵ ਪ੍ਰਬੰਧ ਅਮਰੀਕਾ ਵੱਲੋਂ ਸਿਰਜਿਆ ਗਿਆ ਹੈ ਜੋ ਸਰਮਾਏਦਾਰੀ ਅਤੇ ਖੁੱਲ੍ਹੀ ਮੰਡੀ ਨੂੰ ਉਤਸ਼ਾਹਿਤ ਕਰਦਾ ਹੈ। ਇਸ ਆਰਥਕ ਵਿਸ਼ਵ ਪ੍ਰਬੰਧ ਬਾਰੇ ਆਮ ਧਾਰਨਾ ਪ੍ਰਚਲਿਤ ਹੈ ਕਿ ਇਹ ਅਮੀਰ ਪੂੰਜੀਪਤੀਆਂ ਨੂੰ ਹੋਰ ਅਮੀਰ ਬਣਾ ਰਿਹਾ ਹੈ ਅਤੇ ਦੁਨੀਆ ਦੀ ਵੱਡੀ ਅਬਾਦੀ ਨੂੰ ਇਹਨਾਂ ਪੂੰਜੀਪਤੀਆਂ ਅਧੀਨ ਕਰ ਰਿਹਾ ਹੈ। ਕਈ ਟਿੱਪਣੀਕਾਰ ਕਿਸਾਨ ਸੰਘਰਸ਼ ਦੇ ਮੁੱਢਲੇ ਦਿਨਾਂ ਤੋਂ ਇਹ ਕਹਿੰਦੇ ਆ ਰਹੇ ਹਨ ਕਿ ਕਿਸਾਨ ਸਿਰਫ ਭਾਰਤ ਦੀ ਮੋਦੀ ਸਰਕਾਰ ਖਿਲਾਫ ਨਹੀਂ ਬਲਕਿ ਦੁਨੀਆ 'ਤੇ ਕਾਬਜ਼ ਆਰਥਿਕ ਵਿਸ਼ਵ ਪ੍ਰਬੰਧ ਖਿਲਾਫ ਵੀ ਲੜ ਰਹੇ ਹਨ ਜਿਸ ਕਰਕੇ ਇਹ ਲੜਾਈ ਬਹੁਤ ਵੱਡੀ ਅਤੇ ਇਤਿਹਾਸਕ ਹੈ।

ਬਾਈਡਨ ਪ੍ਰਸ਼ਾਸਨ ਨੇ ਆਪਣੇ ਬਿਆਨ ਵਿਚ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕਰਨ ਦੀ ਆਪਣੀ ਨੀਤੀ ਦਾ ਵੀ ਵਖਿਆਨ ਕੀਤਾ। ਇਹ ਅਮਰੀਕੀ ਸਿਆਸਤ ਦੇ ਡੈਮੋਕਰੈਟ ਧੜ੍ਹੇ ਦੀ ਨੀਤੀ ਦਾ ਹਿੱਸਾ ਹੈ। ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਵੱਲੋਂ ਅਮਨ-ਅਮਾਨ ਨਾਲ ਕੀਤੇ ਜਾਣ ਵਾਲੇ ਪ੍ਰਦਰਸ਼ਨ ਵਧ-ਫੁੱਲ ਰਹੀ ਜਮਹੂਰੀਅਤ ਦਾ ਪ੍ਰਮਾਣ ਹਨ। ਅਮਰੀਕੀ ਸਰਕਾਰ ਨੇ ਨਾਲ ਹੀ ਭਾਰਤ ਸਰਕਾਰ ਨੂੰ ਇੰਟਰਨੈਟ 'ਤੇ ਲਾਈਆਂ ਰੋਕਾਂ ਹਟਾਉਣ ਲਈ ਵੀ ਕਿਹਾ। ਬਾਈਡਨ ਪ੍ਰਸ਼ਾਸਨ ਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਦੋਵੇਂ ਧਿਰਾਂ (ਸਰਕਾਰ ਤੇ ਕਿਸਾਨ ਆਗੂਆਂ) ਦਰਮਿਆਨ ਬਣੇ ਜਮੂਦ ਨੂੰ ਤੋੜਨ ਤੇ ਮਸਲੇ ਦਾ ਹੱਲ ਸੰਵਾਦ ਰਾਹੀਂ ਕੱਢਣ ਦੀ ਵਕਾਲਤ ਕੀਤੀ।

**ਕਿਸਾਨਾਂ ਦੀ ਹਮਾਇਤ ਵਿਚ ਉਤਰੇ ਅਮਰੀਕੀ ਕਾਨੂੰਨਸਾਜ਼**

ਇਸ ਦੌਰਾਨ ਕਈ ਅਮਰੀਕੀ ਕਾਨੂੰਨਸਾਜਾਂ ਨੇ ਮੂਹਰੇ ਹੋ ਕੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ। ਅਮਰੀਕੀ ਕਾਨੂੰਨਸਾਜ ਹੇਲੀ ਸਟੀਵਨਜ ਨੇ ਕਿਹਾ, 'ਭਾਰਤ ਵਿੱਚ ਨਵੇਂ ਖੇਤੀ ਕਾਨੂੰਨਾਂ ਖਿਲਾਫ ਸ਼ਾਂਤੀਪੂਰਨ ਤਰੀਕੇ ਨਾਲ ਜਾਰੀ ਵਿਰੋਧ ਪ੍ਰਦਰਸ਼ਨ ਖਿਲਾਫ ਕੀਤੀ ਜਾ ਰਹੀ ਕਾਰਵਾਈ ਤੋਂ ਮੈਂ ਫਿਕਰਮੰਦ ਹਾਂ।' ਸਟੀਵਨਜ ਨੇ ਇਕ ਬਿਆਨ ਵਿੱਚ ਕਿਹਾ ਕਿ ਭਾਰਤ ਸਰਕਾਰ ਤੇ ਕਿਸਾਨਾਂ ਦੇ ਨੁਮਾਇੰਦੇ ਸੰਵਾਦ ਜਰੀਏ ਉਸਾਰੂ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢਣ। ਸਟੀਵਨਜ ਨੇ ਕਿਹਾ ਕਿ ਉਹ ਪੂਰੇ ਹਾਲਾਤ 'ਤੇ ਨੇੜਿਓਂ ਨਜਰ ਰੱਖ ਰਹੀ ਹੈ। ਇਕ ਹੋਰ ਕਾਨੂੰਨਸਾਜ ਇਲਹਾਨ ਉਮਰ ਨੇ ਵੀ ਆਪਣੀ ਰੋਜੀ ਰੋਟੀ ਖਾਤਰ ਸੰਘਰਸ਼ ਦੇ ਰਾਹ ਪਏ ਕਿਸਾਨਾਂ ਨਾਲ ਇਕਮੁੱਠਤਾ ਦਾ ਇਜਹਾਰ ਕੀਤਾ। ਉਸ ਨੇ ਇਕ ਟਵੀਟ 'ਚ ਕਿਹਾ, 'ਭਾਰਤ ਉਨ੍ਹਾਂ (ਕਿਸਾਨਾਂ) ਦੇ ਬੁਨਿਆਦੀ ਜਮਹੂਰੀ ਹੱਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ ਬੰਦ ਪਿਆ ਇੰਟਰਨੈੱਟ ਚਾਲੂ ਕਰੇ ਤੇ ਧਰਨੇ ਨੂੰ ਕਵਰ ਕਰਨ ਵਾਲੇ ਸਾਰੇ ਪੱਤਰਕਾਰਾਂ ਨੂੰ ਰਿਹਾਅ ਕੀਤਾ ਜਾਵੇ।' ਉਧਰ ਸਿੱਖਸ ਪੋਲੀਟੀਕਲ ਐਕਸ਼ਨ ਕਮੇਟੀ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਕਿਸਾਨਾਂ ਦਾ ਇਤਿਹਾਸਕ ਅੰਦੋਲਨ ਭਾਰਤ ਦੀ ਪੂੰਜੀਵਾਦੀ ਸਰਕਾਰ ਖਿਲਾਫ ਸਭ ਤੋਂ ਵੱਡੇ ਇਨਕਲਾਬ 'ਚ ਤਬਦੀਲ ਹੋ ਗਿਆ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES

10 ਫਰਵਰੀ 2021 ਤੋਂ 16 ਫਰਵਰੀ 2021

# ਕਿਸਾਨੀ ਸੰਘਰਸ਼ : ਅਗਵਾਈ ਅਤੇ ਸਹਿਯੋਗੀ ਭਾਵਨਾਵਾਂ ਦਾ ਤਵਾਜ਼ਨ

ਨਵੇਂ ਬਣੇ ਖੇਤੀ ਕਨੂੰਨਾਂ ਦੇ ਵਿਰੋਧ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਤਕਰੀਬਨ ਹਰ ਵਰਗ ਦਾ ਜ਼ਬਰਦਸਤ ਸਹਿਯੋਗ ਪ੍ਰਾਪਤ ਹੋਇਆ ਹੈ। ਜਦੋਂ ਸੰਘਰਸ਼ ਪੰਜਾਬ ਵਿੱਚ ਹੀ ਸੀ ਓਦੋਂ ਤੋਂ ਹੀ ਵੱਖ ਵੱਖ ਵਰਗਾਂ ਦੁਆਰਾ ਹਰ ਸੰਭਵ ਤਰੀਕੇ ਰਾਹੀਂ ਸੰਘਰਸ਼ ਵਿੱਚ ਯੋਗਦਾਨ ਪਾਇਆ ਗਿਆ। ਸਹਿਯੋਗੀ ਭਾਵਨਾਵਾਂ ਦੀ ਸ਼ੁੱਧਤਾ ਸਦਕਾ ਇਹ ਗੱਲ ਵੱਡੇ ਪੱਧਰ ਉੱਤੇ ਮਹਿਸੂਸ ਕੀਤੀ ਗਈ ਕਿ ਇਸ ਸੰਘਰਸ਼ ਦੀ ਅਗਵਾਈ ਹੁਣ ਲੋਕ ਕਰ ਰਹੇ ਹਨ ਅਤੇ ਆਗੂਆਂ ਨੂੰ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਫੈਸਲੇ ਲੈਣੇ ਪੈ ਰਹੇ ਹਨ। 26 ਨਵੰਬਰ ਨੂੰ ਦਿੱਲੀ ਕੂਚ ਕਰਨ ਦੇ ਵਰਤਾਰੇ ਨੇ ਇਸ ਗੱਲ ਨੂੰ ਹੋਰ ਪੱਕਾ ਕਰ ਦਿੱਤਾ। ਕਿਸਾਨ ਆਗੂਆਂ ਵੱਲੋਂ ਵੀ ਕਿੰਨੀ ਦਫ਼ਾ ਇਹ ਗੱਲ ਕਹੀ ਗਈ ਕਿ ਜੇਕਰ ਅਸੀਂ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਗਏ ਤਾਂ ਸਾਨੂੰ ਕਿਸੇ ਨੇ ਪੰਜਾਬ ਨਹੀਂ ਵੜਨ ਦੇਣਾ। ਕਿਸਾਨ ਆਗੂਆਂ ਦਾ ਅਮਲ ਅਤੇ ਸਹਿਯੋਗੀਆਂ ਦੀਆਂ ਭਾਵਨਾਵਾਂ ਦਾ ਤਵਾਜ਼ਨ ਹੀ ਸੀ ਜਿਸ ਸਦਕਾ ਦਿਸਦੇ ਰੂਪ ਵਿੱਚ ਭਾਵੇਂ ਕਿਸਾਨ ਆਗੂ ਅਗਵਾਈ ਕਰ ਰਹੇ ਸਨ ਪਰ ਅਸਲ ਅਗਵਾਈ ਲੋਕਾਂ ਦੀ ਸੀ।

26 ਨਵੰਬਰ ਤੋਂ ਹੁਣ ਤੱਕ ਦਿੱਲੀ ਦੀਆਂ ਹੱਦਾਂ ਉੱਤੇ ਮੋਰਚੇ ਜਾਰੀ ਹਨ। ਇਸ ਸਮੇਂ ਦੌਰਾਨ ਬਹੁਤ ਘਟਨਾਵਾਂ ਵਾਪਰੀਆਂ, ਬਹੁਤ ਕੁਝ ਹਾਂ-ਪੱਖੀ ਵੀ ਹੋਇਆ ਅਤੇ ਬਹੁਤ ਕੁਝ ਨਾ-ਪੱਖੀ ਵੀ। ਲੰਬੇ ਸੰਘਰਸ਼ ਵਿੱਚ ਇਸ ਤਰ੍ਹਾਂ ਦੇ ਉਤਰਾਅ ਚੜਾਅ ਸੁਭਾਵਿਕ ਹਨ ਪਰ ਆਗੂਆਂ ਦੇ ਅਮਲ ਅਤੇ ਲੋਕਾਂ ਦੀਆਂ ਭਾਵਨਾਵਾਂ ਵਿੱਚ ਤਵਾਜ਼ਨ ਬਰਕਰਾਰ ਰਹਿਣਾ ਲਾਜ਼ਮੀ ਹੁੰਦਾ ਹੈ। ਇਸ ਸਭ ਤੋਂ ਬਾਅਦ ਕਿਤੇ ਨਾ ਕਿਤੇ ਹੁਣ ਇਹ ਗੱਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਆਗੂਆਂ ਉੱਤੇ ਜੋ ਦਬਾਅ ਸਹਿਯੋਗੀਆਂ ਦਾ ਪਹਿਲਾਂ ਸੀ, ਉਹ ਹੁਣ ਨਹੀਂ ਰਿਹਾ ਜਿਸ ਕਰ ਕੇ ਆਗੂਆਂ ਵੱਲੋਂ ਵਾਰ-ਵਾਰ ਲੋਕਾਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਫੈਸਲੇ ਨਹੀਂ ਲਏ ਜਾ ਰਹੇ। ਕਿਸਾਨ ਆਗੂਆਂ ਦੇ ਪਿਛਲੇ ਕੁਝ ਅਮਲ ਇਸ ਗੱਲ ਦੀ ਗਵਾਹੀ ਭਰਦੇ ਹਨ। ਆਗੂਆਂ ਦੇ ਕੁਝ ਅਮਲਾਂ ਨੇ ਸੰਘਰਸ਼ ਦੇ ਕੁਝ ਸਹਿਯੋਗੀ ਹਿੱਸੇ ਨੂੰ ਨਿਰਾਸ਼ ਵੀ ਕੀਤਾ ਹੈ, ਸਹਿਯੋਗੀ ਧਿਰਾਂ ਦੀ ਗੱਲ ਨੂੰ ਵੀ ਸੁਣਨ ਸਮਝਣ ਦੀ ਬਹੁਤੀ ਤਰਜੀਹ ਨਹੀਂ ਦਿੱਤੀ ਗਈ ਅਤੇ ਬਿਨਾਂ ਰਾਇ ਲਏ/ਸੁਣੇ ਇਕ ਪਾਸੜ ਫਰਮਾਨ ਵੀ ਜਾਰੀ ਹੋਏ। ਜਦੋਂ ਕੋਈ ਘਟਨਾ ਵਾਪਰਦੀ ਹੈ ਭਾਵੇਂ ਕੁਝ ਹਿੱਸਾ ਆਪਣੀ ਜਿਆਦਾ ਊਰਜਾ ਓਹੀ ਘਟਨਾ ਉੱਤੇ ਚਰਚਾ ਕਰਨ ਅਤੇ ਉਸ ਨੂੰ ਸਹੀ ਗਲਤ ਸਿੱਧ ਕਰਨ ਉੱਤੇ ਲਾ ਦਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਵਾਪਰੀ ਘਟਨਾ ਦੇ ਪ੍ਰਭਾਵ, ਭਵਿੱਖ ਦੀ ਵਿਉਂਤਬੰਦੀ, ਓਹਦੇ ਹੱਲ, ਫੌਰੀ ਕਦਮ ਆਦਿ ਜਰੂਰੀ ਗੱਲਾਂ ਦੀ ਵਿਚਾਰ ਸਹੀ ਸਮੇਂ ਨਾਲ ਨਹੀਂ ਹੋ ਪਾਉਂਦੀ ਅਤੇ ਕਈ ਵਾਰ ਲੜਾਈ ਬਾਹਰੀ ਦੁਸ਼ਮਣ ਦੀ ਥਾਂ ਅੰਦਰੂਨੀ ਘੇਰੇ ਵਿੱਚ ਸਿਮਟ ਜਾਂਦੀ ਹੈ ਅਤੇ ਅਸਲ ਮੁੱਦੇ ਉੱਤੋਂ ਧਿਆਨ ਪਾਸੇ ਹੋ ਜਾਂਦਾ ਹੈ ਪਰ ਅਕਸਰ ਕੁਝ ਹਿੱਸਾ ਅਜਿਹਾ ਵੀ ਹੁੰਦਾ ਹੈ ਜੋ ਸੁਹਿਰਦਤਾ ਨਾਲ ਇਸ ਗੱਲ ਨੂੰ ਵਿਚਾਰ ਰਿਹਾ ਹੁੰਦਾ ਹੈ ਅਤੇ ਅਗਲੇ ਅਮਲ ਤੈਅ ਕਰ ਰਿਹਾ ਹੁੰਦਾ ਹੈ।

ਹੁਣ ਵੀ ਸਹਿਯੋਗੀ ਧਿਰਾਂ ਆਪਣੀ ਗੱਲ ਵਜ਼ਨ ਨਾਲ ਰੱਖਣ ਲਈ ਸੰਭਵ ਤਰੀਕੇ ਲੱਭ ਰਹੀਆਂ ਹਨ ਤਾਂ ਜੋ ਚੱਲ ਰਹੇ ਸੰਘਰਸ਼ ਦੀ ਸਹੀ ਤਰੀਕੇ ਪਹਿਰੇਦਾਰੀ ਕੀਤੀ ਜਾ ਸਕੇ ਅਤੇ ਕਿਸਾਨ ਆਗੂਆਂ ਨੂੰ ਵਕਤ ਸਿਰ ਲੋਕਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ। ਸਹਿਯੋਗੀ ਧਿਰਾਂ ਵਿੱਚ ਵੀ ਵੱਖ ਵੱਖ ਵੰਨਗੀਆਂ ਹਨ ਜਿੰਨਾ ਵਿਚੋਂ ਹੋ ਸਕਦਾ ਸਾਰੇ ਹੀ ਇਸ ਨੁਕਤੇ ਉੱਤੇ ਕੁਝ ਨਾ ਕੁਝ ਵਿਉਂਤ ਰਹੇ ਹੋਣ ਪਰ ਜੋ ਹੁਣ ਤੱਕ ਦੀ ਜਾਣਕਾਰੀ ਵਿੱਚ ਆਇਆ ਹੈ ਉਸ ਵਿੱਚੋਂ ਇਕ ਹਿੱਸਾ ਉਹ ਹੈ ਜੋ ਸਿੱਖੀ ਭਾਵਨਾ ਵਿੱਚੋਂ ਇਸ ਸੰਘਰਸ਼ ਦਾ ਹਿੱਸਾ ਬਣਿਆ। ਉਹ ਇਸ ਗੱਲ ਉੱਤੇ ਵਿਚਾਰ ਕਰ ਰਿਹਾ ਹੈ ਕਿ ਭਾਵੇਂ ਸਾਡਾ ਦਾਇਰਾ ਇਸ ਸੰਘਰਸ਼ ਦਾ ਸਹਿਯੋਗੀ ਹੋਣ ਦਾ ਹੈ ਅਤੇ ਇਹੀ ਰਹਿਣਾ ਹੈ ਪਰ ਜਿੱਥੇ ਇਸ ਲਈ ਹੁਣ ਤੱਕ ਨਿੱਜੀ ਰੂਪ ਵਿਚ ਜਾ ਛੋਟੇ ਛੋਟੇ ਜੱਥਿਆਂ ਦੇ ਰੂਪ 'ਚ ਸਹਿਯੋਗ ਕੀਤਾ ਜਾ ਰਿਹਾ ਸੀ ਉੱਥੇ ਹੁਣ ਸਭ ਨੂੰ ਆਪਸੀ ਤਾਲਮੇਲ ਦੇ ਲਈ ਕੋਈ ਜੱਥਾ ਬਣਾਉਣਾ ਪੈਣਾ ਹੈ ਤਾਂ ਕਿ ਸਹਿਯੋਗ ਤਾਲਮੇਲ ਵਿੱਚ ਹੋਵੇ ਅਤੇ ਗਾਹੇ-ਬਗਾਹੇ ਜਦੋਂ ਸਿੱਖਾਂ ਦੀਆਂ ਭਾਵਨਾਵਾਂ ਜਾਹਰ ਕਰਨੀਆਂ ਪੈਂਦੀਆਂ ਹਨ (ਕਿਸਾਨ ਆਗੂਆਂ ਵੱਲੋਂ ਸਿੱਖ ਚਿੰਨ੍ਹਾਂ ਬਾਬਤ ਬਿਆਨ, ਸਿੱਖ ਸਖਸ਼ੀਅਤਾਂ ਬਾਬਤ ਬਿਆਨ ਆਦਿ ਸਮੇਂ) ਤਾਂ ਇਹ ਕਾਰਜ ਸਾਂਝੇ ਰੂਪ ਵਿੱਚ ਸਾਂਝੀ ਰਾਇ ਨਾਲ ਵੱਧ ਅਸਰਦਾਰ ਤਰੀਕੇ ਨਾਲ ਹੋਵੇ। ਇਸੇ ਤਰ੍ਹਾਂ ਕੁਝ ਹੋਰ ਸਹਿਯੋਗੀਆਂ ਵੱਲੋਂ ਨਵੀਆਂ ਯੂਨੀਅਨਾਂ ਬਣਾ ਕੇ ਕਿਸਾਨ ਆਗੂਆਂ ਵੱਲੋਂ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਲਏ ਜਾਣ ਵਾਲੇ ਫੈਸਲੇ ਸਮੇਂ ਸਿਰ ਪ੍ਰਭਾਵਿਤ ਕਰਨ, ਵੱਖ ਵੱਖ ਵਿਚਾਰਾਂ ਨੂੰ ਸਟੇਜ ਉੱਤੇ ਥਾਂ ਦਵਾਉਣ ਅਤੇ ਬਿੱਲ ਰੱਦ ਤੋਂ ਘੱਟ ਕੋਈ ਹੋਰ ਸਮਝੌਤਾ ਨਾ ਕਰਨ ਦੇਣ ਲਈ ਵੱਧ ਅਸਰਦਾਰ ਤਰੀਕੇ ਨਾਲ ਇਸ ਸੰਘਰਸ਼ ਵਿੱਚ ਸਹਿਯੋਗ ਕਰਨ ਲਈ ਵਿਚਾਰ ਕੀਤੇ ਜਾ ਰਹੇ ਹਨ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਿੰਨਾ ਸਮਾਂ ਸੰਘਰਸ਼ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਲੜਿਆ ਜਾ ਰਿਹਾ ਸੀ, ਓਨਾ ਸਮਾਂ ਸਟੇਟ ਨੇ ਜੁਰਤ ਨਹੀਂ ਸੀ ਕੀਤੀ ਸਖਤੀ ਦਿਖਾਉਣ ਦੀ ਪਰ ਜਦੋਂ ਲੋਕਾਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨੀ ਬੰਦ ਹੋਈ ਉਦੋਂ ਹੀ ਆਪਸੀ ਫੁੱਟ ਵੀ ਵਧਣ ਲੱਗੀ ਅਤੇ ਸਟੇਟ ਨੇ ਵੀ ਸਖਤੀ ਕੀਤੀ।

ਸਹਿਯੋਗੀ ਧਿਰਾਂ ਵੱਲੋਂ ਸੰਘਰਸ਼ ਦੀ ਪਹਿਰੇਦਾਰੀ ਲਈ ਕੀਤੇ ਜਾ ਰਹੇ ਵਿਚਾਰਾਂ ਨੂੰ ਕਦੋਂ ਅਤੇ ਕਿਵੇਂ ਅਮਲੀ ਜਾਮਾ ਪਹਿਨਾਉਣਾ ਹੈ ਇਹ ਬਿਨਾਂ ਸ਼ੱਕ ਬਹੁਤ ਵੱਡੀ ਜਿੰਮੇਵਾਰੀ ਹੈ ਪਰ ਅਹਿਮ ਗੱਲ ਇੱਥੇ ਇਹ ਨਹੀਂ ਕਿ ਇੰਞ ਕਰਨਾ ਕਿੰਨਾ ਸਹੀ ਜਾ ਕਿੰਨਾ ਗਲਤ ਹੈ, ਅਹਿਮ ਇਹ ਹੈ ਕਿ ਇੰਞ ਕਰਨ ਦੀ ਲੋੜ ਕਿਉਂ ਮਹਿਸੂਸ ਹੋਈ ? ਸੁਭਾਵਿਕ ਹੈ ਕਿ ਤਾਕਤਾਂ ਦੇ ਕੇਂਦਰੀਕਰਨ ਵਿਰੁੱਧ ਕੀਤੀ ਜਾ ਰਹੀ ਜੰਗ ਵਿੱਚ ਵੀ ਜੇਕਰ ਤਾਕਤਾਂ ਦਾ ਕੇਂਦਰੀਕਰਨ ਹੋਵੇਗਾ ਤਾਂ ਲੋਕਾਂ ਦੀਆਂ ਭਾਵਨਾਵਾਂ ਦੀ ਇਹ ਸਹੀ ਤਰਜ਼ਮਾਨੀ ਨਹੀਂ ਹੋਵੇਗੀ। ਕਿਸਾਨ ਆਗੂਆਂ ਨੂੰ ਇਮਾਨਦਾਰੀ ਦੇ ਨਾਲ ਵਾਪਰੇ ਦੀ ਅਤੇ ਵਾਪਰ ਰਹੇ ਦੀ ਪੜਚੋਲ ਕਰ ਕੇ ਹੋਈਆਂ ਗਲਤੀਆਂ ਨੂੰ ਸਮੇਂ ਸਰ ਦਰੁਸਤ ਕਰਨ ਵੱਲ ਕਦਮ ਪੁੱਟਣੇ ਚਾਹੀਦੇ ਹਨ ਅਤੇ ਭਵਿੱਖ ਵਿੱਚ ਮੁੜ ਅਜਿਹਾ ਨਹੀਂ ਹੋਵੇਗਾ ਇਸ ਗੱਲ ਦਾ ਵੀ ਸਹਿਯੋਗੀਆਂ ਨੂੰ ਯਕੀਨ ਦਵਾਉਣਾ ਚਾਹੀਦਾ ਹੈ। ਹਰ ਵਿਚਾਰ ਨੂੰ ਬਣਦੀ ਥਾਂ ਦੇ ਕੇ ਸਹਿਯੋਗੀ ਭਾਵਨਾਵਾਂ ਅਤੇ ਅਗਵਾਈ ਦਾ ਤਵਾਜ਼ਨ ਆਪਣੇ ਅਮਲਾਂ ਰਾਹੀਂ ਮੁੜ ਬਹਾਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

# ਜਨਤਕ ਹੱਕਾਂ 'ਤੇ ਜਨੂਨੀ ਸਰਕਾਰਾਂ ਤੇ ਗ਼ੱਦਾਰਾਂ ਦੇ ਡਾਕੇ

**ਅਵਤਾਰ ਸਿੰਘ ਮਿਸ਼ਨਰੀ**
(੫੧੦੪੩੨੫੮੨੭)

ਜਦ ਦਾ ਵੀ ਸੰਸਾਰ ਹੋਂਦ ਵਿੱਚ ਆਇਐ ਇਸ ਵਿੱਚ ਕਰਤਾਰ ਨੇ ਭਾਂਤ ਸੁਭਾਂਤੇ ਜੀਵ ਜੰਤੂ ਅਤੇ ਹੋਰ ਬਹੁਤ ਕੁਝ ਪੈਦਾ ਕਰ ਉਸ ਨੇ ਆਪਣੇ ਹੁਕਮ ਵਿੱਚ ਸਭ ਲਈ ਖਾਣ, ਪੀਣ ਅਤੇ ਰਹਿਣ ਲਈ ਸਾਧਨ ਵੀ ਪੈਦਾ ਕੀਤੇ ਹਨ। ਹਵਾ, ਪਾਣੀ, ਅਕਾਸ਼ ਅਤੇ ਧਰਤੀ ਉਸ ਪ੍ਰਵਦਗਾਰ ਨੇ ਸਭ ਲਈ ਦਿੱਤੇ ਹਨ। ਉਹ ਦਾਤਾ ਅਤੇ ਸਭ ਨੂੰ ਦੇਵਣਹਾਰ ਹੈ- ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥ (੨੫੭) ਉਹ ਕਰਤਾਰ ਹੀ ਸਭ ਦਾ ਪਿਤਾ ਹੈ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਉਸ ਦੇ ਪੈਦਾ ਕੀਤੇ ਹੋਏ ਪਦਾਰਥਾਂ ਦੇ ਸਾਰੇ ਹੀ ਸਾਂਝੀਵਾਲ ਹਨ-ਸਭੇ ਸਾਂਝੀਵਾਲ ਸਦਾਇਨਿ॥ (੯੭)

ਦੇਖੋ! ਜਦ ਤੋਂ ਛੋਟੇ ਕਬੀਲੇ, ਰਾਜ ਅਤੇ ਸਰਕਾਰਾਂ ਹੋਂਦ ਵਿੱਚ ਆਈਆਂ, ਸੁਆਰਥੀ, ਪਾਰਟੀਬਾਜ਼ ਅਤੇ ਚਾਲਬਾਜ਼ ਲੋਕ ਆਗੂ ਬਣੇ, ਉਨ੍ਹਾਂ ਨੇ ਜਨਤਾ ਦੇ ਹੱਕਾਂ ਤੇ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਆਪਣੇ ਸੁਆਰਥਾਂ ਅਤੇ ਲਾਲਚਾਂ ਲਈ, ਰਾਜ ਸ਼ਕਤੀ ਅਤੇ ਗੰਦੀ ਰਾਜਨੀਤੀ ਦੀ ਧੌਂਸ ਨਾਲ, ਅਣਮਨੁੱਖੀ ਵਰਤਾਰੇ ਵਰਤਾ ਅਤੇ ਆਪ ਹੁਦਰੇ ਹੁਕਮ ਚਲਾ ਕੇ, ਜਨਤਾ ਨੂੰ ਲੁੱਟਿਆ, ਕੁੱਟਿਆ ਅਤੇ ਜਬਰੀ ਉਨ੍ਹਾਂ ਦੇ ਹੱਕ ਖੋਹੇ ਹਨ। ਇਸ ਕਰਕੇ ਜਦ ਵੀ ਜਨਤਾ ਆਪਣੇ ਹੱਕਾਂ ਲਈ ਜਾਗੀ, ਉਸ ਨੇ ਹਰ ਹੀਲਾ ਚਾਰਾ, ਨੀਤੀ ਅਤੇ ਮੌਕੇ ਦੇ ਹਥਿਆਰ ਵਰਤ ਕੇ ਕਈ ਵਾਰ ਰਾਜ ਪਲਟੇ ਵੀ ਕੀਤੇ।

ਸੱਚ, ਹੱਕ ਅਤੇ ਇਨਸਾਫ਼ ਲਈ ਕਈ ਧਾਰਮਿਕ ਅਤੇ ਸਮਾਜਿਕ ਆਗੂਆਂ ਨੇ ਵੀ ਅਵਾਜ਼ ਉਠਾਈ ਭਾਵੇਂ ਉਹ ਹਿੰਦੂ, ਮੁਸਲਿਮ, ਈਸਾਈ, ਬੋਧੀ, ਸਿੱਖ ਜਾਂ ਕੋਈ ਹੋਰ ਮਨੁੱਖਤਾ ਨਾਲ ਹਮਦਰਦੀ ਰੱਖਣ ਵਾਲਾ ਆਗੂ ਸੀ ਪਰ ਵਕਤਿਆਂ ਜਾਬਰ ਸਰਕਾਰਾਂ ਨੇ ਉਨ੍ਹਾਂ ਨੂੰ ਵੀ ਭਿਆਨਕ ਤੋਂ ਭਿਆਨਕ ਸਜਾਵਾਂ ਦਿੱਤੀਆਂ ਅਤੇ ਬਹੁਤਿਆਂ ਨੂੰ ਬੜੀ ਬੇਕਿਰਕੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ, ਪਰ ਸੱਚ, ਹੱਕ ਅਤੇ ਇਨਸਾਫ਼ ਦੀ ਗੱਲ ਕਰਨ ਵਾਲੇ ਲੋਕ ਹਰ ਸਮੇਂ ਪੈਦਾ ਹੁੰਦੇ ਰਹੇ ਅਤੇ ਰਹਿਣਗੇ।

ਦੁਨੀਆ ਦਾ ਇਤਿਹਾਸ ਤਾਂ ਬਹੁਤ ਵੱਡਾ ਹੈ ਪਰ ਆਪਾਂ ਭਾਰਤ ਵਰਗੇ ਮੰਨੇ ਜਾਂਦੇ ਰਿਸ਼ੀਆਂ, ਮੁਨੀਆਂ, ਭਗਤਾਂ ਅਤੇ ਗੁਰੂਆਂ ਪੀਰਾਂ ਦੇ ਦੇਸ਼ ਨੂੰ ਜ਼ਾਲਮ ਮੁਗ਼ਲ ਅਤੇ ਫ਼ਰੰਗੀ ਸਰਕਾਰਾਂ ਤੋਂ ਅਜ਼ਾਦ ਕਰਾਉਣ ਲਈ, ਘੱਟ ਤੋਂ ਘੱਟ ਗਿਣਤੀ ਵਿੱਚ ਹੁੰਦੇ ਹੋਏ ਵੱਧ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਪੰਜਾਬੀ ਖ਼ਾਸ ਕਰਕੇ ਸਿੱਖਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਭਾਰਤ ਸਰਕਾਰ ਬਣਨ ਤੋਂ ਥੋੜ੍ਹਾ ਚਿਰ ਬਾਅਦ ਜਰਾਇਮ-ਪੇਸ਼ਾ ਕੌਮ ਕਹਿ ਕੇ ਦਬਾਉਣਾ ਅਤੇ ਕੌਮ ਦੇ ਲੀਡਰਾਂ ਨੂੰ ਵੱਡੇ-ਵੱਡੇ ਲਾਲਚ ਦੇ ਕੇ ਪਾੜੋ ਅਤੇ ਰਾਜ ਕਰੋ ਨੀਤੀ ਤਹਿਤ ਖ੍ਰੀਦਣਾਂ ਸ਼ੁਰੂ ਕਰ ਦਿੱਤਾ। ਅਣਖੀ ਪੰਜਾਬੀਆਂ ਅਤੇ ਸਿੱਖਾਂ ਨੇ ਆਪਣੇ ਹੱਕਾਂ ਲਈ ਕਈ ਮੋਰਚੇ ਲਾਏ ਪਰ ਫ਼ਿਰਕਾਪ੍ਰਸਤ ਸਰਕਾਰ ਨੇ ਇੱਡੇ ਵੱਡੇ ਭਾਰਤ ਵਿੱਚ, ਮਹਾਂ ਪੰਜਾਬ ਨੂੰ ਵੀ ਪੰਜਾਬੀ ਬੋਲਦੇ ਬਹੁਤੇ ਇਲਾਕੇ ਕੱਟ ਕੇ ਲੰਗੜਾ ਜਿਹਾ ਪੰਜਾਬ ਦਿੱਤਾ ਪਰ ਉਸ ਵਿੱਚ ਵੀ ਮਤਰੇਈ ਮਾਂ ਵਾਲਾ ਵਿਤਕਰਾ ਕਰਦੇ ਹੋਏ ਪੰਜਾਬੀ ਸਿੱਖਾਂ ਦੇ ਹੱਕ ਖੋਹ ਲਏ ਗਏ।

ਆਪਣੇ ਹੱਕਾਂ ਦੀ ਖ਼ਾਤਰ ਪੰਜਾਬੀਆਂ ਅਤੇ ਖ਼ਾਸ ਕਰ ਸਿੱਖਾਂ ਨੇ ਮੋਰਚੇ ਲਾਏ, ਵੱਡੀਆਂ-ਵੱਡੀਆਂ ਕਾਨੂੰਨੀ ਲੜਾਈਆਂ ਲੜੀਆਂ ਪਰ ਬਦਨੀਤ ਭਾਰਤ ਸਰਕਾਰ ਨੇ ਗੁਰ ਦੇ ਨਾਂ ਤੇ ਵੱਸਦੇ ਪੰਜਾਬ ਨੂੰ ਹੱਕ ਤਾਂ ਕੀ ਦੇਣੇ ਸੀ ਸਗੋਂ ਹੋਰ ਲੁੱਟਣਾ, ਕੁੱਟਣਾ ਅਤੇ ਉਜਾੜਨਾ ਸ਼ੁਰੂ ਕਰ ਦਿੱਤਾ। ਪੰਜਾਬ ਵਿੱਚ ਲੱਚਰਤਾ ਫੈਲਾਈ, ਨਸ਼ਿਆਂ ਦੀ ਭਰਮਾਰ ਕੀਤੀ ਅਤੇ ਵਹਿਸ਼ੀ ਪੰਜਾਬ-ਪੁਲਿਸ ਰਾਹੀਂ ਪੰਜਾਬ ਦੇ ਜਵਾਨਾਂ ਦਾ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਪੰਜਾਬ ਦੀਆਂ ਧੀਆਂ-ਭੈਣਾਂ ਨਾਲ ਵੀ ਬਦਤਮੀਜ਼ੀ ਸ਼ੁਰੂ ਕਰ ਦਿੱਤੀ। ਉਸ ਵੇਲੇ ਅਕਾਲੀਆਂ ਨੇ ਮੋਰਚਿਆਂ ਅਤੇ ਰੋਸ-ਮਾਰਚਾਂ ਦੇ ਰੂਪ ਵਿੱਚ ਇਸ ਸਭ ਕੁਝ ਦਾ ਵਿਰੋਧ ਵੀ ਕੀਤਾ। ਜਦ ਸਰਕਾਰ ਨੇ ਦਲੀਲ, ਅਪੀਲ ਅਤੇ ਵਕੀਲ ਦੀ ਵੀ, ਕੋਈ ਪ੍ਰਵਾਹ ਨਾ ਕੀਤੀ ਤਾਂ ਸਰਕਾਰੀ ਅੱਤਿਆਚਾਰ ਦੇ ਸਤਾਏ ਹੋਏ ਪੰਜਾਬੀ ਸਿੱਖ ਜਵਾਨਾਂ ਨੇ ਹਥਿਆਰ ਚੁੱਕ ਲਏ ਅਤੇ ਆਪਣੇ ਹੱਕਾਂ ਲਈ ਲੜਨਾ-ਮਰਨਾ ਸ਼ੁਰੂ ਕਰ ਦਿੱਤਾ। ਇਸ ਘਰੇਲੂ ਲੜਾਈ ਵਿੱਚ ਜਦ ਵੱਡੇ-ਵੱਡੇ ਫ਼ਿਰਕਾਪ੍ਰਸਤ ਤੇ ਹੰਕਾਰੀ ਲੀਡਰ ਮਰਨ ਲੱਗੇ ਤਾਂ ਹੱਕ ਮੰਗ ਰਹੇ ਲੋਕਾਂ ਨੂੰ ਖ਼ਾਸ ਕਰਕੇ ਸਿੱਖਾਂ ਨੂੰ ਨੇਸਤੋ-ਨਾਬੂਤ ਕਰਨ ਲਈ ਵੱਡੀ ਪੱਧਰ ਤੇ ਫ਼ੌਜ ਅਤੇ ਪੁਲਿਸ ਨੂੰ ਬੇਮੁਹਾਰੀ ਤਾਕਤ ਦੇ ਕੇ, ਬੇਕਸੂਰ ਪੰਜਾਬੀ ਨੌਜਵਾਨਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਵੱਡੀ ਪੱਧਰ ਤੇ ਫਿਰੌਤੀਆਂ ਲੈ ਲੈ ਕੇ ਘਰਾਂ ਦੇ ਘਰ ਉਜਾੜ ਦਿੱਤੇ। ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲਾ ਸਿੱਖਾਂ ਦਾ ਕੇਂਦਰੀ ਅਸਥਾਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕਈ ਹੋਰ ਇਤਿਹਾਸਕ ਗੁਰਦੁਆਰਿਆਂ ਉੱਤੇ ਭਾਰਤ ਸਰਕਾਰ ਵੱਲੋਂ ਫ਼ੌਜੀ ਹਮਲਾ ਕਰਕੇ, 'ਸ਼ਬਦ ਗੁਰੂ ਗ੍ਰੰਥ ਸਾਹਿਬ' ਦੇ ਸੈਂਕੜੇ ਇਤਿਹਾਸਕ ਸਰੂਪ ਆਦਿਕ ਸਿੱਖ ਲਿਟ੍ਰੇਚਰ ਸਾੜਿਆ ਅਤੇ ਲੱਖਾਂ ਦੀ ਗਿਣਤੀ ਵਿੱਚ ਨੌਜਵਾਨਾਂ ਨੂੰ ਮਾਰ ਮੁਕਾਇਆ। ਐਮਰਜੈਂਸੀ ਲਾ ਕੇ, ਰਾਸ਼ਟਰਪਤੀ ਰਾਜ ਸ਼ੁਰੂ ਕਰ ਦਿੱਤਾ। ਕੇਂਦਰੀ ਸਰਕਾਰ ਨੇ ਝੋਲੀ ਚੁੱਕ ਗ਼ੱਦਾਰ ਲੀਡਰਾਂ ਨਾਲ ਮਿਲ ਕੇ ਪੰਜਾਬ ਵਿੱਚ ਲੰਗੜੀਆਂ ਸਰਕਾਰਾਂ ਬਣਾਈਆਂ, ਜਿਨ੍ਹਾਂ ਨੇ ਗੁਰੂਆਂ ਪੀਰਾਂ ਦੇ ਹਰੇ ਭਰੇ ਪੰਜਾਬ ਨੂੰ ਅੱਜ ਬਿਲਕੁਲ ਸੁਕਾ ਕੇ ਰੱਖ ਦਿੱਤਾ ਹੈ।

ਕਾਂਗਰਸ ਤੋਂ ਬਾਅਦ ਹੁਣ ਅਖੌਤੀ ਅਕਾਲੀ ਸਰਕਾਰ ਸੀ ਜੋ ਤੰਗ-ਦਿਲ ਅਤੇ ਮੁਤੱਸਬੀ ਪਾਰਟੀ ਭਾਜਪਾ ਨਾਲ ਮਿਲ ਕੇ ਰਾਜ ਕਰ ਰਹੀ ਸੀ। ਇਸ ਨੇ ਤਾਂ ਵੋਟਾਂ ਦੀ ਖ਼ਾਤਰ ਸਾਰੇ ਹੱਦ-ਬੰਨੇ ਹੀ ਟੱਪ ਦਿੱਤੇ ਹਨ। ਸਿੱਖਾਂ ਦੀ ਸ਼੍ਰੋਮਣੀ ਕਮੇਟੀ ਉੱਤੇ ਸਰਕਾਰੀ ਦਖ਼ਲ ਨਾਲ ਕਬਜ਼ਾ, ਦੇਹਧਾਰੀ ਗੁਰੂ ਡੰਮ ਚਲਾ ਕੇ ਜਨਤਾ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟਣ ਵਾਲੇ ਡੇਰੇਦਾਰ ਸਾਧ ਸੰਪ੍ਰਦਾਈਆਂ ਨੂੰ ਪ੍ਰਮੋਟ ਕੀਤਾ ਹੈ। ਚੋਣਾਂ ਵਿੱਚ ਸ਼ਰਾਬ, ਭੁੱਕੀ ਤੋਂ ਲੈ ਕੇ ਹਰ ਪ੍ਰਕਾਰ ਦਾ ਨਸ਼ਾ ਤੇ ਪੈਸਾ ਵੰਡਿਆ ਜਾਂਦਾ ਅਤੇ ਦਲ ਬਦਲੂ ਲੀਡਰ ਖ਼ਰੀਦੇ ਜਾਂਦੇ ਹਨ। ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਸ਼੍ਰੋਮਣੀ ਅਤੇ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਵੀ ਸਿੱਖ ਧਰਮ ਵਿਰੁੱਧ ਨਸ਼ੇ ਵਰਤਾਏ ਅਤੇ ਵੋਟਰ ਖ਼ਰੀਦੇ ਜਾਣ ਲੱਗ ਪਏ ਹਨ।

ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਰਾਹੀਂ ਪ੍ਰਕਾਸ਼ਤ ਪੁਸਤਕਾਂ ਵਿੱਚ ਸਿੱਖ ਗੁਰੂਆਂ ਨੂੰ ਡਾਕੂ, ਚੋਰ, ਬਦਮਾਸ਼ ਅਤੇ ਚਰ੍ਰਿਤਹੀਨ ਲਿਖਿਆ ਜਾਂਦਾ ਹੈ। ਗੁਰਦੁਆਰਿਆਂ ਵਿੱਚ ਅਨਮਤੀ ਤਿਉਹਾਰ ਪੁੰਨਿਆਂ, ਮੱਸਿਆ, ਸੰਗ੍ਰਾਂਦ, ਪੰਚਕਾਂ ਅਤੇ ਲੋਹੜੀਆਂ ਆਦਿਕ ਮਨਾਈਆਂ ਜਾਂਦੀਆਂ ਹਨ। ਸਿੱਖ ਕੌਮ ਦੀ ਵੱਖਰੀ ਹੋਂਦ ਦਾ ਲਖਾਇਕ ਨਾਨਕਸ਼ਾਹੀ-ਕੈਲੰਡਰ, ਬਿਕਰਮੀ-ਕੈਲੰਡਰ ਨਾਲ ਰਲ ਗੱਡ ਕਰਕੇ ਵਿਗਾੜ ਦਿੱਤਾ ਅਤੇ 'ਸ਼ਬਦ ਗੁਰੂ ਗ੍ਰੰਥ' ਦੇ ਬਰਾਬਰ ਅਖੌਤੀ ਦਸਮ ਗ੍ਰੰਥ ਖੜ੍ਹਾ ਕਰ ਦਿੱਤਾ ਗਿਆ ਹੈ। ਆਰ. ਐਸ. ਐਸ. ਅਤੇ ਡੇਰੇਦਾਰ ਸਾਧਾਂ ਨੇ ਸਿੱਖ ਵਿਰਸੇ, ਇਤਿਹਾਸ ਅਤੇ ਗ੍ਰੰਥਾਂ ਵਿੱਚ ਰਲਾ ਕਰਨਾ ਸ਼ੁਰੂ ਕਰ ਦਿੱਤਾ ਹੈ। ਗੁਰੂ ਬਾਬਾ ਨਾਨਕ ਦੇ ਨਿਰਮਲ ਪੰਥ ਵਿੱਚ ਵਹਿਮਾਂ, ਭਰਮਾਂ, ਥੋਥੇ ਕਰਮ-ਕਾਂਡਾਂ, ਜਾਤ-ਪਾਤ, ਛੂਆ-ਛਾਤ, ਪਾਖੰਡੀ ਸਾਧਾਂ ਅਤੇ ਲਾਲਚੀ ਪ੍ਰਚਾਰਕਾਂ ਦੀ ਮੈਲ ਪਾਉਣੀ ਸ਼ੁਰੂ ਕਰ ਦਿੱਤੀ ਹੈ। ਕੇਂਦਰੀ ਸਿੱਖ ਗੁਰਧਾਮਾਂ-ਤਖ਼ਤਾਂ ਆਦਿਕ ਉੱਤੇ ਆਪਣੀ ਮਰਜ਼ੀ ਦੇ ਪੁਜਾਰੀ ਜਥੇਦਾਰ ਥਾਪ ਕੇ, ਕੌਮੀ ਅਤੇ ਪੰਥ ਦਰਦੀ ਸਿੱਖ ਵਿਦਵਾਨਾਂ ਅਤੇ ਲੀਡਰਾਂ ਨੂੰ ਪੰਥ 'ਚੋਂ ਛੇਕਣਾ ਸ਼ੁਰੂ ਕੀਤਾ ਅਤੇ ਮੀਡੀਏ ਉੱਤੇ ਵੀ ਸਰਕਾਰੀ ਕੰਟਰੋਲ ਦਾ ਸ਼ਕੰਜਾ ਕੱਸਿਆ ਹੋਇਆ ਹੈ।

ਅੱਜ ਜੇ ਥੋੜ੍ਹੀ ਬਹੁਤੀ ਸਿੱਖੀ ਬਚੀ ਹੈ ਤੇ ਪੰਜਾਬੀ ਅਤੇ ਸਿੱਖ ਆਪਣੇ ਹੱਕਾਂ ਦੀ ਅਵਾਜ਼ ਬੁਲੰਦ ਕਰਦੇ ਹਨ ਤਾਂ ਉਹ ਵਿਦੇਸ਼ੀ ਰਹਿੰਦੇ ਹੋਣ ਕਰਕੇ ਕਰਦੇ ਹਨ ਕਿਉਂਕਿ ਓਥੇ ਸਰਕਾਰਾਂ ਲੋਕਾਂ ਦੇ ਹੱਕਾਂ ਪ੍ਰਤੀ ਸੁਹਿਰਦ, ਮੀਡੀਆ ਅਜ਼ਾਦ ਅਤੇ ਹਰ ਕੋਈ ਆਪਣੇ ਹੱਕਾਂ ਦੀ ਗੱਲ ਕਰ ਸਕਦਾ ਹੈ।

ਕੁਝ ਸਾਲ ਪਹਿਲੇ ਪੰਜਾਬੀ ਨੌਜਵਾਨਾਂ ਨੇ ਪੰਜਾਬ ਵਿੱਚ ਵਾਪਰੇ ਕਾਲੇ ਦੌਰ ਦੀ ਸੰਖੇਪ ਕਹਾਣੀ, ਆਪਣੇ ਵੱਲੋਂ ਵੱਡਾ ਖਰਚਾ ਕਰਕੇ ਪੰਜਾਬੀ ਫ਼ਿਲਮ ਸਾਡਾ ਹੱਕ ਦੇ ਰੂਪ ਵਿੱਚ ਪੇਸ਼ ਕੀਤੀ, ਜਿਸ ਨੂੰ ਸੈਂਸਰ ਬੋਰਡ ਨੇ ਕਈ ਵਾਰ ਚੈੱਕ ਕਰਕੇ ਪਾਸ ਕਰ ਦਿੱਤਾ, ਸ਼੍ਰੋਮਣੀ ਕਮੇਟੀ ਨੇ ਵੀ ਫ਼ਿਲਮ ਦੇ ਹੱਕ ਵਿੱਚ ਸੈਂਸਰ ਬੋਰਡ ਨੂੰ ਪੱਤਰ ਲਿਖਿਆ ਅਤੇ ਸਿੰਘ ਸਾਹਿਬਾਨਾਂ ਨੇ ਵੀ ਸ਼ਲਾਘਾ ਅਤੇ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਪਰ ਜਿਨ੍ਹਾਂ ਦੇ ਜ਼ੁਲਮ-ਪਾਪਾਂ ਅਤੇ ਅੱਤਿਆਚਾਰ ਦੇ ਸਤਾਏ ਹੋਏ ਨੌਜਵਾਨ ਹਥਿਆਰ ਚੁੱਕਣ ਲਈ ਮਜਬੂਰ ਹੋ ਗਏ ਸਨ। ਉਨ੍ਹਾਂ ਹਾਕਮਾਂ ਅਤੇ ਅਖੌਤੀ ਅਕਾਲੀਆਂ ਨੂੰ ਇਹ ਫ਼ਿਲਮ ਖੜੱਪੇ-ਸੱਪ ਵਾਂਗ ਲੜੀ ਅਤੇ ਹਮੇਸ਼ਾ ਦੀ ਤਰ੍ਹਾਂ ਵੋਟ ਅਤੇ ਫ਼ਿਰਕਾਪ੍ਰਸਤ ਨੀਤੀ ਨੂੰ ਸਾਹਮਣੇ ਰੱਖ ਕੇ, ਹੁਣ ਰਿਲੀਜ਼ ਹੋਣ ਦੇ ਮੌਕੇ 'ਤੇ ਪਾਬੰਦੀ ਲਾ ਦਿੱਤੀ। ਕੀ ਕਿਸੇ ਵੇਲੇ ਆਪਣੇ ਹੱਕਾਂ ਲਈ ਮੋਰਚੇ ਲਾਉਣ, ਜਲਸੇ ਕਰਨ ਅਤੇ ਅਨੇਕਾਂ ਨੌਜਵਾਨਾਂ ਨੂੰ ਪੰਥ ਦੇ ਨਾਂ ਤੇ ਉਕਸਾ ਕੇ ਮਰਵਾਉਣ ਵਾਲੇ ਅਕਾਲੀ ਅੱਜ ਰਾਜਸੱਤਾ ਦੇ ਨਸ਼ੇ ਵਿੱਚ ਆਪਣੇ ਹੱਕ ਭੁੱਲ ਗਏ ਹਨ? ਕੀ ਉਲਟਾ ਆਪਣੇ ਹੱਕਾਂ ਤੋਂ ਸਰਕਾਰ ਅਤੇ ਜਨਤਾ ਨੂੰ ਜਾਗ੍ਰਿਤ ਕਰਨ ਵਾਲੇ ਨੌਜਵਾਨਾਂ ਦੇ ਹੱਕਾਂ ਤੇ ਡਾਕੇ ਨਹੀਂ ਮਾਰ ਰਹੇ? ਅੱਜ ਮੋਦੀ ਸਰਕਾਰ ਜੋ ਕੱਟੜਵਾਦੀ ਸੰਘ ਦੀ ਦੁਬੇਲ ਹੈ ਕਾਲੇ ਕਨੂੰਨ ਬਣਾ ਕੇ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹੱਕਾਂ 'ਤੇ ਡਾਕੇ ਮਾਰ ਕੇ ਸਭ ਕੁਝ ਅਬਾਨੀਆਂ-ਅਡਾਨੀਆਂ ਦੇ ਹੱਥ ਦੇ ਰਹੀ ਹੈ। ਇਸ ਲਈ ਪੰਜਾਬ ਦੇ ਗ਼ੈਰਤਮੰਦ ਕਿਸਾਨਾਂ ਨੇ ਮੋਦੀ ਸਰਕਾਰ ਵਿਰੁੱਧ ਹੱਕਾਂ ਲਈ ਮੋਰਚਾ ਲਾਇਆ, ਦਿੱਲੀ ਘੇਰੀ, ਪਰ ਸਰਕਾਰ ਅਜੇ ਤੱਕ ਵੀ ਟੱਸ ਤੋਂ ਮੱਸ ਨਹੀਂ ਹੋਈ। ਹੁਣ ਜਿੱਥੇ ਸਾਰੇ ਭਾਰਤ ਦੇ ਕਿਸਾਨ ਇਸ ਮੋਰਚੇ ਵਿਚ ਸ਼ਾਮਲ ਹੋ ਗਏ ਓਥੇ ਹਰ ਵਰਗ ਦੇ ਸਤਾਏ ਹੋਏ ਲੋਕ ਕਿਸਾਨ ਮਜ਼ਦੂਰਾਂ ਦੀ ਹਮਾਇਤ ਤੇ ਆ ਗਏ ਹਨ। ਵਿਦੇਸ਼ਾਂ ਵਿੱਚ ਵੀ ਇਸ ਹੱਕੀ ਮੋਰਚੇ ਦੀ ਅਵਾਜ਼ ਗੂੰਜੀ ਹੈ। ਬੀਬੀ ਰਿਹਾਨਾ ਵਰਗੇ ਟੌਪ ਸਟਾਰ ਤੇ ਵਿਦੇਸ਼ੀ ਲੀਡਰ ਵੀ ਕਿਸਾਨਾਂ ਦੀ ਪਿੱਠ 'ਤੇ ਆ ਗਏ ਹਨ। ਇਸ ਲਈ ਅਗਲੀਆਂ 22 ਦੀਆਂ ਚੋਣਾਂ ਵਿਚ ਮੋਦੀ ਸਰਕਾਰ ਦਾ ਤਖ਼ਤਾ ਪਲਟ ਸਕਦਾ ਹੈ।

ਜਰਾ ਸੋਚੋ! ਕੀ ਆਪਣੇ ਹੱਕਾਂ ਦੀ ਗੱਲ ਕਰਨਾ, ਹੱਕ ਮੰਗਣਾ ਜਾਂ ਹੱਕਾਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨਾ ਗੁਨਾਹ ਹੈ? ਲੋਕ ਹੁਣ ਕਿੰਨਾ ਕੁ ਚਿਰ ਇਨ੍ਹਾਂ ਆਪਣੇ ਦਿਸਣ ਵਾਲੇ ਅਖੌਤੀ ਲੀਡਰਾਂ ਉੱਤੇ ਵਿਸ਼ਵਾਸ ਕਰਨਗੇ? ਬਾਕੀ ਫ਼ਿਰਕਾਪ੍ਰਸਤ ਤੇ ਮੌਕਾਪ੍ਰਸਤ ਪਾਰਟੀਆਂ ਅਤੇ ਸਰਕਾਰਾਂ ਨੇ ਤਾਂ ਸਾਡੇ ਹੱਕਾਂ ਦਾ ਵਿਰੋਧ ਭਾਵੇਂ ਕਰਨਾ ਸੀ ਪਰ ਸਾਡੇ ਆਪਣੇ ਹੀ ਆਪਣੇ ਹੱਕਾਂ ਦਾ ਵਿਰੋਧ ਕਰਕੇ, ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰ ਰਹੇ ਹਨ।

ਦਾਸ ਲੇਖਕ ਅਤੇ ਪ੍ਰਚਾਰਕ ਹੋਣ ਦੇ ਨਾਤੇ, ਆਪਣੇ ਹਮਸਾਥੀ ਲੇਖਕਾਂ, ਪ੍ਰਚਾਰਕਾਂ ਅਤੇ ਧਰਮ, ਸਮਾਜਸੇਵੀ ਸੰਸਥਾਵਾਂ ਅਤੇ ਪੰਥਕ ਜਥੇਬੰਦੀਆਂ ਨੂੰ ਪੁਰਜ਼ੋਰ ਬੇਨਤੀ ਕਰਦਾ ਹੈ ਕਿ ਆਪਣੀਆਂ ਕਲਮਾਂ ਅਤੇ ਵਿਚਾਰਾਂ ਨੂੰ ਆਪਣੇ ਹੱਕਾਂ ਲਈ ਵਰਤੋਂ, ਧਰਮ ਅਸਥਾਨਾਂ ਅਤੇ ਮੀਡੀਏ ਰਾਹੀਂ ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨਾਂ ਅਤੇ ਸੰਸਥਾਵਾਂ ਦੇ ਹੱਕ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਦੇ ਹੋਏ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕਰੋ, ਇਹ ਤੁਹਾਡਾ ਹੱਕ ਹੈ। ਸਦਾ ਯਾਦ ਰੱਖੋ! ਹੱਕ ਮੰਗੇ ਨਹੀਂ ਸਗੋਂ ਆਪਾ ਵਾਰ ਕੇ, ਖੋਹੇ ਜਾਂ ਪ੍ਰਾਪਤ ਕੀਤੇ ਜਾਂਦੇ ਹਨ ਜਿਵੇਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵਰਗੇ ਯੋਧਿਆਂ ਨੇ ਵੀ ਸਿੱਖਾਂ ਵਾਂਗ ਫ਼ਰੰਗੀਆਂ ਤੋਂ ਆਪਾ ਵਾਰ ਕੇ ਖੋਹੇ ਅਤੇ ਭਾਰਤ ਨੂੰ ਅਜ਼ਾਦ ਕਰਵਾਇਆ ਸੀ। ਅੱਜ ਅਜ਼ਾਦ ਭਾਰਤ ਵਿੱਚ ਘੱਟ ਗਿਣਤੀਆਂ ਖ਼ਾਸ ਕਰਕੇ ਪੰਜਾਬੀ ਸਿੱਖ ਹਰ ਪੱਖੋਂ ਗ਼ੁਲਾਮ ਹਨ ਜੋ ਕਿਸੇ ਤਰ੍ਹਾਂ ਵੀ ਆਪਣੇ ਹੱਕਾਂ ਦੀ ਅਵਾਜ਼ ਨਹੀਂ ਉਠਾ ਸਕਦੇ, ਜੇ ਕਦੇ ਸਿੰਘ ਸੁਭਾਅ ਕਰਕੇ ਉਠਾਉਂਦੇ ਵੀ ਹਨ ਤਾਂ ਉਨ੍ਹਾਂ ਦੇ ਹੱਕਾਂ ਦੀ ਅਵਾਜ਼ ਨੂੰ ਸਰਕਾਰੀ ਜ਼ਬਰ-ਜ਼ੁਲਮ ਨਾਲ ਦਬਾਅ ਦਿੱਤਾ ਜਾਂਦਾ ਹੈ ਜਾਂ ਮਾਰ-ਕੁਟਾਈ, ਬੇਇੱਜ਼ਤੀ ਕਰਕੇ ਜੇਲ੍ਹਾਂ ਵਿੱਚ ਡੱਕ ਅਤੇ ਫਾਂਸੀ ਦੇ ਤਖ਼ਤੇ 'ਤੇ ਚਾੜ੍ਹ ਦਿੱਤਾ ਜਾਂਦਾ ਹੈ। ਇਉਂ ਆਏ ਦਿਨ ਸਾਡੇ ਹੱਕਾਂ ਤੇ ਸਰਕਾਰੀ ਜਨੂਨੀਆਂ ਅਤੇ ਫ਼ਿਰਕਾਪ੍ਰਸਤ ਪਾਰਟੀਆਂ ਵੱਲੋਂ ਬੇਖ਼ੌਫ ਡਾਕੇ ਮਾਰਨੇ ਜਾਰੀ ਹਨ। ਕੀ ਅਜੇ ਵੀ ਸਿੱਖ ਜਥੇਬੰਦੀਆਂ ਕੇਵਲ ਤੇ ਕੇਵਲ 'ਸ਼ਬਦ ਗੁਰੂ ਗ੍ਰੰਥ ਸਾਹਿਬ' ਦੀ ਛਤਰ-ਛਾਇਆ ਹੇਠ ਇਕੱਠੀਆਂ ਹੋ ਕੇ, ਘੱਟ ਤੋਂ ਘੱਟ ਸਿੱਖ ਸਿਧਾਂਤਾਂ ਦਾ ਮਲੀਆਮੇਟ ਕਰਨ ਵਾਲੀ ਸਰਕਾਰ ਅਤੇ ਸਰਕਾਰੀ ਹੱਥ-ਠੋਕੇ ਡੇਰੇਦਾਰਾਂ ਤੇ ਜਥੇਦਾਰਾਂ ਦਾ ਖਹਿੜਾ ਨਹੀਂ ਛੱਡਣਗੀਆਂ? ਜੋ ਹੱਕਾਂ ਲਈ ਲੜਨ ਵਾਲਿਆਂ ਦੀਆਂ ਮੁਖਬਰੀਆਂ ਕਰਕੇ ਅਤੇ ਸਿੱਖ ਸਿਧਾਤਾਂ ਨੂੰ ਪੈਰਾਂ ਵਿੱਚ ਰੋਲ ਕੇ ਸਿੱਖ ਕੌਮ ਦੀ ਜੜੀਂ ਤੇਲ ਦੇ ਰਹੇ ਹਨ।

# ਮੋਦੀ ਸਰਕਾਰ ਹੁਣ ਤੱਕ 12 ਲੱਖ ਕਰੋੜ ਦੀ ਕਰਜ਼ਾਈ

## ✪ ਜਨਤਕ ਖੇਤਰ ਅਦਾਰਿਆਂ ਨੂੰ ਵੇਚਣ ਤੁਰੀ ਮੋਦੀ ਸਰਕਾਰ (ਬਜਟ 2021-22) ✪ ਸਰਕਾਰ ਵਲੋਂ ਨਿੱਜੀਕਰਨ ਵੱਡੀਆਂ ਆਫ਼ਤਾਂ ਦਾ ਸੰਕੇਤ, ਮਹਿੰਗਾਈ ਹੋਰ ਵੀ ਬੇਲਗਾਮ ਹੋਏਗੀ



- ਗੁਰਮੀਤ ਸਿੰਘ ਪਲਾਹੀ
9815802070

ਪਿਛਲੇ ਇੱਕ ਸਾਲ ਵਿੱਚ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਡਿਗ ਗਿਆ ਹੈ। ਭਾਰਤ ਵਿੱਚ ਮਹਿੰਗਾਈ 'ਤੇ ਲਗਾਮ ਨਹੀਂ ਰਹੀ। ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਖ਼ਰਚ ਕਾਬੂ ਕਰਨੇ ਮੁਸ਼ਕਲ ਹੋ ਰਹੇ ਹਨ। ਕੋਵਿਡ-19 ਨੇ ਲੋਕਾਂ ਦੇ ਰਹਿਣ-ਸਹਿਣ ਵਿੱਚ ਗਿਰਾਵਟ ਲਿਆਂਦੀ ਹੈ। ਪਰ ਦੇਸ਼ ਦੇ ਮੌਜੂਦਾ ਬਜਟ ਨੇ ਆਮ ਲੋਕਾਂ ਦੇ ਜ਼ਖ਼ਮਾਂ ਉੱਤੇ ਰੂੰ ਦੇ ਫੰਬੇ ਨਹੀਂ ਲਗਾਏ, ਮਲ੍ਹਮ ਨਹੀਂ ਲਾਈ, ਸਗੋਂ ਉੱਚੜੇ ਜ਼ਖ਼ਮਾਂ ਨੂੰ ਹੋਰ ਛਿੱਲ ਦਿੱਤਾ ਹੈ।

ਗੱਲ ਘਰ ਦੀ ਰਸੋਈ ਤੋਂ ਜੇਕਰ ਸ਼ੁਰੂ ਕਰੀਏ ਤਾਂ ਘਰੇਲੂ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ ਵਾਧਾ ਹੋਇਆ ਹੈ। ਤੇਲ ਮਾਰਕੀਟਿੰਗ ਕੰਪਨੀਆਂ ਨੇ ਐੱਲ.ਪੀ.ਜੀ. ਦੇ ਭਾਅ ਪ੍ਰਤੀ ਸਿਲੰਡਰ 25 ਰੁਪਏ ਵਧਾ ਦਿੱਤੇ ਹਨ। ਇਸ ਤੋਂ ਪਹਿਲਾਂ ਵਪਾਰਕ ਸਿਲੰਡਰ ਦੀਆਂ ਕੀਮਤਾਂ 190 ਰੁਪਏ ਪ੍ਰਤੀ ਸਿਲੰਡਰ ਵਧਾਈਆਂ ਗਈਆਂ ਸਨ। ਕੰਪਨੀਆਂ ਨੇ ਪਿਛਲੇ ਸਾਲ ਦਸੰਬਰ ਦੋ ਨੂੰ ਘਰੇਲੂ ਗੈਸ ਸਿਲੰਡਰਾਂ ਦੇ ਮੁੱਲ ਵਿੱਚ 50 ਰੁਪਏ ਦਾ ਵਾਧਾ ਕੀਤਾ ਸੀ ਅਤੇ ਫਿਰ 15 ਦਸੰਬਰ ਨੂੰ 50 ਰੁਪਏ ਵਧਾਏ ਸਨ। ਹੁਣ ਦਿੱਲੀ ਵਿੱਚ ਘਰੇਲੂ ਗੈਸ ਸਿਲੰਡਰ ਦੀ ਕੀਮਤ 719 ਰੁਪਏ ਹੋ ਗਈ ਹੈ।

ਗੱਲ ਇੱਥੇ ਹੀ ਨਹੀਂ ਮੁੱਕਦੀ, ਪਿਛਲੇ 7 ਦਿਨਾਂ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵੀ 35 ਪੈਸੇ ਪ੍ਰਤੀ ਲਿਟਰ ਵਧ ਗਈਆਂ ਹਨ। ਇੱਕ ਸਾਧਾਰਨ ਜਿਹੀ ਸਮਝ ਦੀ ਗੱਲ ਹੈ ਕਿ ਇਸ ਨਾਲ ਮਹਿੰਗਾਈ ਵਿੱਚ ਹੋਰ ਵਾਧਾ ਹੋਏਗਾ। ਸਰਕਾਰ ਦੇ ਲੋਕ-ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦਾ ਇਹ ਬਜਟ ਕਾਰਪੋਰੇਟ ਜਗਤ ਦਾ ਹੱਥ ਠੋਕਾ ਬਣਨ ਦੀ ਸਿੱਧੇ ਤੌਰ 'ਤੇ ਵਕਾਲਤ ਕਰਨ ਵਾਲਾ ਬਜਟ ਜਾਪਦਾ ਹੈ, ਜਿਹੜਾ ਆਮ ਜਨਤਾ ਦੀਆਂ ਵੱਡੀਆਂ ਉਮੀਦਾਂ ਨੂੰ ਖੇਰੂੰ-ਖੇਰੂੰ ਕਰਦਾ ਦਿਖਾਈ ਦਿੰਦਾ ਹੈ।

ਲੋਕਾਂ ਦਾ ਵਿਸ਼ਵਾਸ ਸੀ ਕਿ ਸਰਕਾਰ ਦਾ ਇਹ ਬਜਟ ਟੈਕਸ ਦਰ ਵਿੱਚ ਕਟੌਤੀ ਕਰੇਗਾ ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਸਗੋਂ ਸਰਕਾਰ ਨੇ ਇੱਕੋ ਸਿੱਧਾ ਰਾਹ ਅਖਤਿਆਰ ਕੀਤਾ ਹੈ ਕਿ ਸਰਕਾਰੀ ਜਾਇਦਾਦ ਵੇਚ ਕੇ ਸਰਕਾਰੀ ਖ਼ਜ਼ਾਨਾ ਭਰਿਆ ਜਾਵੇ, ਜਿਹੜਾ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਦੇ ਆਪਹੁਦਰੇ ਖ਼ਰਚਿਆਂ ਕਾਰਨ ਲਗਾਤਾਰ ਖਾਲੀ ਹੋ ਰਿਹਾ ਹੈ। ਸਰਕਾਰ ਹੁਣ ਤਕ 12 ਲੱਖ ਕਰੋੜ ਦੀ ਕਰਜ਼ਾਈ ਹੈ। ਮਾਲੀ ਘਾਟੇ ਵਿੱਚ ਰਫ਼ਤਾਰ ਨੂੰ ਵੇਖਦਿਆਂ ਸਰਕਾਰ ਹੋਰ ਕਰਜ਼ਾ ਅਗਲੇ ਵਿੱਤੀ ਵਰ੍ਹੇ ਵਿੱਚ ਲਵੇਗੀ। ਇਸੇ ਕਰਕੇ ਸਰਕਾਰ ਨੇ ਨਿੱਜੀਕਰਨ ਉੱਤੇ ਜ਼ੋਰ ਦਿੱਤਾ ਹੈ ਅਤੇ ਗੇਲ ਇੰਡੀਆ, ਇੰਡੀਅਨ ਆਇਲ ਕਾਰਪੋਰੇਸ਼ਨ ਅਤੇ ਐੱਚ.ਪੀ.ਸੀ.ਐੱਲ. ਦੀਆਂ ਪਾਈਪ ਲਾਈਨਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ, ਭਾਵ ਵੇਚਣ ਦਾ ਇਰਾਦਾ ਕਰ ਲਿਆ ਹੈ, ਜੋ ਆਮ ਲੋਕਾਂ ਲਈ ਵੱਡੀਆਂ ਆਫ਼ਤਾਂ ਦਾ ਸੰਕੇਤ ਹੈ, ਕਿਉਂਕਿ ਇਸ ਨਾਲ ਮਹਿੰਗਾਈ ਹੋਰ ਵੀ ਬੇਲਗਾਮ ਹੋਏਗੀ।

ਦੇਸ਼ ਦਾ 2021-22 ਦਾ ਬਜਟ 2.23 ਲੱਖ ਕਰੋੜ ਰੁਪਏ ਦਾ ਹੈ। ਇਸ ਵਿੱਚ 135 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਪਹਿਲਾਂ ਇਹ ਬਜਟ 94 ਹਜ਼ਾਰ ਕਰੋੜ ਦਾ ਸੀ। ਬਜਟ ਵਿੱਚ ਆਤਮ ਨਿਰਭਰ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਪੀ.ਐੱਮ. ਆਤਮ ਨਿਰਭਰ ਸਿਹਤਮੰਦ ਭਾਰਤ ਯੋਜਨਾ ਤਹਿਤ 75000 ਦਿਹਾਤੀ ਸਿਹਤ ਕੇਂਦਰ ਖੋਲ੍ਹੇ ਜਾਣਗੇ। 602 ਜ਼ਿਲ੍ਹਿਆਂ ਵਿੱਚ ਕ੍ਰਿਟੀਕਲ ਕੇਅਰ ਹਸਪਤਾਲ ਖੁੱਲ੍ਹਣਗੇ। ਦੇਸ਼ ਵਿੱਚ ਸੌ ਨਵੇਂ ਸੈਨਿਕ ਸਕੂਲ ਖੁੱਲ੍ਹਣਗੇ ਅਤੇ ਪਹਿਲੇ 15000 ਸਕੂਲਾਂ ਨੂੰ ਮਜ਼ਬੂਤ ਬਣਾਇਆ ਜਾਏਗਾ। ਉੱਚ ਸਿੱਖਿਆ ਕਮਿਸ਼ਨ ਦਾ ਗਠਨ ਹੋਏਗਾ। ਸ਼ਹਿਰੀ ਅਬਾਦੀ ਲਈ 2.87 ਲੱਖ ਕਰੋੜ ਰੁਪਏ ਜਲ ਜੀਵਨ ਮਿਸ਼ਨ ਲਾਂਚ ਕਰਨ 'ਤੇ ਖ਼ਰਚ ਹੋਣਗੇ। ਡੀਜ਼ਲ ਉੱਤੇ ਚਾਰ ਰੁਪਏ ਅਤੇ ਪੈਟਰੋਲ ਉੱਤੇ ਢਾਈ ਰੁਪਏ ਸੈੱਸ ਲਗਾਇਆ ਜਾਏਗਾ। ਸਾਰਿਆਂ ਨੂੰ ਰਿਆਇਤੀ ਦਰ 'ਤੇ ਘਰ ਦੇਣਾ ਮਿੱਥਿਆ ਗਿਆ ਹੈ। ਗਰੀਬੀ ਮੁਕਤੀ ਲਈ ਮਿਸ਼ਨ ਪੋਸ਼ਨ-20 ਲਾਂਚ ਹੋਏਗਾ। ਇੱਕ ਕਰੋੜ ਹੋਰ ਲਾਭਪਾਤਰੀਆਂ ਨੂੰ ਉਜਵਲ ਯੋਜਨਾ ਅਧੀਨ ਲਿਆਂਦਾ ਜਾਏਗਾ। ਪੁਲਾੜ ਖੋਜ ਲਈ 4, 499 ਕਰੋੜ ਦਾ ਵਾਧਾ ਕੀਤਾ ਗਿਆ। ਵਾਤਾਵਰਣ ਸੁਰੱਖਿਆ ਸਕੀਮਾਂ ਜਾਰੀ ਰਹਿਣਗੀਆਂ। ਹੋਰ ਨਵੇਂ ਐਲਾਨਾਂ ਦੀ ਥਾਂ ਮੌਜੂਦਾ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੰਬੇ ਸਮੇਂ ਤਕ ਆਰਥਿਕ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਪੇਂਡੂ ਵਿਕਾਸ ਲਈ 40 ਹਜ਼ਾਰ ਕਰੋੜ ਅਤੇ ਕਿਸਾਨ ਕਰਜ਼ਿਆਂ ਲਈ 16.5 ਲੱਖ ਕਰੋੜ ਰੱਖੇ ਗਏ ਹਨ।

ਇਸ ਵਿਕਾਸ ਦੀਆਂ ਸਾਰੀਆਂ ਮੱਦਾਂ ਆਮ ਤੌਰ 'ਤੇ ਹਰ ਬਜਟ ਵਿੱਚ ਵੇਖਣ ਨੂੰ ਮਿਲਦੀਆਂ ਹਨ। ਰੇਲਵੇ ਸਮੇਤ ਦੇਸ਼ ਦੇ ਹੋਰ ਮਹਿਕਮਿਆਂ, ਰੱਖਿਆ, ਵਾਤਾਵਰਣ, ਸੜਕ ਪਰਵਹਿਨ ਆਦਿ ਉੱਤੇ ਖ਼ਰਚੇ ਮਿੱਥ ਲਏ ਜਾਂਦੇ ਹਨ। ਚਾਲੂ ਸਕੀਮਾਂ ਵਿੱਚ ਵਾਧਾ-ਘਾਟਾ ਕਰਕੇ ਪਿਛਲੇ ਬਜਟਾਂ ਨੂੰ ਅੱਗੇ ਤੋਰਿਆ ਜਾਂਦਾ ਹੈ। ਪਰ ਕੁਝ ਇੱਕ ਨੀਤੀਗਤ ਫ਼ੈਸਲੇ ਸਰਕਾਰਾਂ ਹਰ ਬਜਟ ਵੇਲੇ ਕਰਦੀਆਂ ਹਨ। ਮੌਜੂਦਾ ਸਰਕਾਰ ਦਾ ਵੱਡਾ ਨੀਤੀਗਤ ਫ਼ੈਸਲਾ ਨਿੱਜੀਕਰਨ ਵੱਲ ਜ਼ੋਰ ਦੇਣ ਅਤੇ ਕੌਮੀ ਜਾਇਦਾਦ ਕਾਰਪੋਰੇਟ ਮਿੱਤਰਾਂ ਨੂੰ ਵੇਚਣ ਦਾ ਹੈ। ਬਜਟ ਤੋਂ ਸਾਫ ਝਲਕਾਰਾ ਪੈਂਦਾ ਹੈ ਕਿ ਰੇਲਵੇ, ਬੀਮਾ ਖੇਤਰ, ਸਿੱਖਿਆ ਖੇਤਰ ਵਿੱਚ ਪ੍ਰਾਈਵੇਟ ਲੋਕਾਂ ਦਾ ਦਖ਼ਲ ਵਧੇਗਾ ਅਤੇ ਪ੍ਰਾਈਵੇਟ ਅਦਾਰੇ ਖੁੱਲ੍ਹ ਖੁੱਲ੍ਹਣਗੇ ਜਿਸ ਨਾਲ ਮਹਿੰਗਾਈ ਦੇ ਨਾਲ-ਨਾਲ ਆਮ ਆਦਮੀ ਦੀਆਂ ਹੋਰ ਸਮੱਸਿਆਵਾਂ ਵੀ ਵਧਣਗੀਆਂ। ਬੈਂਕਾਂ ਦੇ ਨਿੱਜੀਕਰਨ ਦੀਆਂ ਗੱਲਾਂ ਵੀ ਸਰਕਾਰ ਦੀ ਨੀਅਤ ਅਤੇ ਨੀਤੀ ਨੂੰ ਸਪੱਸ਼ਟ ਕਰਦੀਆਂ ਹਨ। ਅਸਲ ਵਿੱਚ ਤਾਂ ਕੇਂਦਰ ਸਰਕਾਰ ਦਾ ਇਹ ਬਜਟ, ਆਮ ਆਦਮੀ, ਮੱਧ ਵਰਗ ਅਤੇ ਕਿਸਾਨਾਂ ਤੋਂ ਪੂਰੀ ਤਰ੍ਹਾਂ ਮੂੰਹ ਮੋੜ ਲੈਣ ਵਾਲਾ ਬਜਟ ਹੈ। ਕਿਸਾਨਾਂ ਲਈ ਕਰਜ਼ੇ ਦਾ ਪ੍ਰਾਵਧਾਨ ਵੱਡਾ ਹੈ, ਪਰ ਕਿਸਾਨਾਂ ਲਈ ਹੋਰ ਕੋਈ ਸਹੂਲਤ ਨਹੀਂ ਦਿੱਤੀ ਗਈ, ਭਾਵੇਂ ਕਿ ਸਰਕਾਰ ਦਾ ਮੁਖੀ ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਦੇ ਵਾਅਦੇ ਨਿੱਤ ਕਰਦਾ ਹੈ ਅਤੇ ਇਹ ਵੀ ਕਹਿੰਦਾ ਹੈ ਕਿ ਕਿਸਾਨਾਂ ਦੀ ਜ਼ਮੀਨ ਕੋਈ ਨਹੀਂ ਖੋਹ ਸਕਦਾ ਪਰ ਖੇਤੀ ਖੇਤਰ ਵਿੱਚ ਤਿੰਨ ਕਾਨੂੰਨ ਪਾਸ ਕਰਕੇ ਚੋਰ ਮੋਰੀ ਰਾਹੀਂ ਠੇਕਾ ਅਧਾਰਤ ਕਾਰਪੋਰੇਟ ਖੇਤੀ ਲਾਗੂ ਕਰਕੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਦਾ ਛੜਜੰਤਰ ਰਚਦਾ ਹੈ। ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਦੇ ਵਾਅਦਿਆਂ ਦੇ ਉਲਟ, ਬਜਟ ਪੈਟਰੋਲ-ਡੀਜ਼ਲਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਪ੍ਰਾਵਧਾਨ ਕਰਦਾ ਹੈ। ਯੂਰੀਆ, ਡੀ ਏ ਪੀ ਖਾਦ ਦੀ ਕੀਮਤ ਵਧਾਉਣ ਦੇ ਲੱਛਣ ਪੈਦਾ ਕਰਦਾ ਹੈ ਅਤੇ ਮੱਧ ਵਰਗ ਦੇ ਲੋਕਾਂ ਨੂੰ ਆਮਦਨ ਕਰ ਸਲੈਬ ਨੂੰ ਜਿਉਂ ਦੀ ਤਿਉਂ ਰੱਖ ਕੇ ਕੋਈ ਛੋਟ ਨਹੀਂ ਦਿੰਦਾ ਜਦਕਿ ਕੋਵਿਡ-19 ਕਾਰਨ ਦੇਸ਼ ਦਾ ਮੱਧ ਵਰਗ ਪੂਰੀ ਤਰ੍ਹਾਂ ਪੀੜਤ ਹੋਇਆ ਹੈ।

ਦੇਸ਼ ਦੇ ਸਾਹਮਣੇ ਇਸ ਵੇਲੇ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ। ਮੌਜੂਦਾ ਸਰਕਾਰ ਨੇ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਪੈਦਾ ਕਰਨ ਦੀ ਗੱਲ ਕਹੀ ਸੀ। ਕਿਸਾਨਾਂ ਨੂੰ ਡਾ. ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ।

ਬਾਕੀ ਸਫ਼ਾ 30 'ਤੇ

# ਚੀਨ ਦੀ ਨਿਰੰਕੁਸ਼ਤਾ ਭਰੀ ਵਿਸ਼ਵ ਸਰਦਾਰੀ ਨੂੰ ਰੋਕਣਾ ਜ਼ਰੂਰੀ

## ✪ ਆਰਥਿਕ, ਸੰਸਕ੍ਰਿਤ ਤੇ ਤਕਨੀਕੀ ਹਮਲੇ ਕਰ ਰਿਹਾ ਹੈ ਵਿਸ਼ਵ ਉੱਪਰ ✪ ਵਿਸ਼ਵ ਭਰ ਦੇ ਲੋਕਤੰਤਰੀ ਰਾਸ਼ਟਰਾਂ ਨੂੰ ਅੱਗੇ ਆਉਣ ਦੀ ਲੋੜ

ਦਰਬਾਰਾ ਸਿੰਘ

ਪਿਛਲੇ ਲੰਬੇ ਸਮੇਂ ਤੋਂ ਚੀਨ ਇਕ ਲਚਕਦਾਰ ਅਤੇ ਨਰਮ ਘੁਸਪੈਠੀ ਰਣਨੀਤੀ ਨਾਲ ਪੂਰੇ ਵਿਸ਼ਵ ਦੇ ਰਣਨੀਤਕ, ਆਰਥਿਕ, ਵਪਾਰਕ, ਭੂਗੋਲਿਕ ਖੇਤਰਾਂ ਵਿਚ ਪੂਰੀ ਤਾਕਤ ਨਾਲ ਅੱਗੇ ਵੱਧ ਰਿਹਾ ਹੈ। ਕੋਵਿਡ-19 ਗਲੋਬਲ ਮਹਾਂਮਾਰੀ ਵਿਚ ਜਦੋਂ ਵਿਸ਼ਵ ਥਾਣੇਦਾਰ ਕਹਾਉਣ ਵਾਲੀ ਮਹਾਂਸ਼ਕਤੀ ਅਮਰੀਕਾ, ਯੂਰਪੀ ਦੇਸ਼, ਏਸ਼ੀਅਨ, ਉੱਤਰੀ ਅਤੇ ਦੱਖਣੀ ਅਮਰੀਕਨ, ਆਪਸੀ ਅਤੇ ਘਰੇਗੀ ਜੰਗਾਂ ਵਿਚ ਉਲਝੇ ਅਫ਼ਰੀਕਨ ਦੇਸ਼, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਆਦਿ ਇਸ ਦੀ ਡਾਢੀ ਮਾਰ ਹੇਠ ਆਏ ਅਤੇ ਬਚਾਅ ਕਾਰਜਾਂ ਵਿਚ ਰੁੱਝੇ ਰਹੇ ਜਦਕਿ ਚੀਨ ਬੜੀ ਮੁਸਤੈਦੀ ਨਾਲ ਇਨ੍ਹਾਂ ਸਭ ਰਾਸ਼ਟਰਾਂ ਅੰਦਰ ਘੁਸਪੈਠ ਕਰਦਾ ਚਲਾ ਗਿਆ।

ਇਸ ਰਣਨੀਤਕ ਅਤੇ ਯੁੱਧਨੀਤਕ ਘੁਸਪੈਠ ਦੀ ਉਸ ਨੇ ਵਿਸ਼ਵ ਦੇ ਤਾਕਤਵਰ ਦੇਸ਼ਾਂ ਨੂੰ ਸੂਹ ਹੀ ਨਹੀਂ ਲੱਗਣ ਦਿੱਤੀ। ਚੀਨ ਦੀ ਅਜੋਕੀ ਸ਼ੀ ਜਿਨਪਿੰਗ ਲੀਡਰਸ਼ਿਪ ਸਮਝਦੀ ਹੈ ਕਿ ਲਚਕਦਾਰ ਅਤੇ ਨਰਮ ਘੁਸਪੈਠ ਥੋੜ੍ਹਾ ਕੀਤੇ ਕਿਸੇ ਅਤਿ ਆਧੁਨਿਕ ਅਤੇ ਮੁਸਤੈਦ ਰਾਸ਼ਟਰ ਦੀ ਪਕੜ ਵਿਚ ਨਹੀਂ ਆਉਂਦੀ।

ਵਿਕਸਤ ਰਾਸ਼ਟਰਾਂ ਦੀ ਬੌਧਿਕ ਸੰਪਦਾ ਨੂੰ ਅਤਿ-ਆਧੁਨਿਕ ਹੱਥ ਦੀ ਸਫ਼ਾਈ ਨਾਲ ਚੋਰੀ ਕਰਨ ਵਿਚ ਚੀਨ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਇਸ ਕਲਾ ਨੂੰ ਉਹ ਆਪਣੇ ਢੰਗ ਨਾਲ ਵਿਕਸਤ ਕਰ ਕੇ ਬਹੁਤ ਅਨੁਚਿਤ ਅਤੇ ਘਟੀਆ ਤੋਂ ਘਟੀਆ ਤਰੀਕਿਆਂ ਨਾਲ ਦੂਸਰੇ ਰਾਸ਼ਟਰਾਂ ਅੰਦਰ ਵਰਤਦਾ ਹੈ। ਵੱਖ-ਵੱਖ ਦੇਸ਼ਾਂ ਦੀਆਂ ਯੂਨੀਵਰਸਿਟੀਆਂ, ਤਕਨੀਕੀ, ਸਾਇੰਸ ਸੰਸਥਾਵਾਂ ਵਿਚ ਆਪਣੀਆਂ ਕਨਫਿਊਸ਼ੀਅਸ ਸੰਸਥਾਵਾਂ ਦੇ ਮਾਧਿਅਮ ਨਾਲ ਉਹ ਘੁਸਪੈਠ ਕਰ ਰਿਹਾ ਹੈ। ਆਰਥਿਕ ਅਤੇ ਸੰਸਕ੍ਰਿਤ, ਤਕਨੀਕੀ ਹਮਲੇ ਕਰ ਰਿਹਾ ਹੈ ਤਾਂ ਕਿ ਪੂਰੇ ਵਿਸ਼ਵ ਵਿਚ ਆਪਣੀ ਧਾਕ ਜਮਾਈ ਜਾ ਸਕੇ। ਬਰਤਾਨਵੀ ਫ਼ੌਜ ਦੇ ਮੁਖੀ ਜਨਰਲ ਨਿੱਕ ਕਾਰਟਰ ਦਾ ਕਹਿਣਾ ਹੈ ਚੀਨ ਪੱਛਮ ਨੂੰ ਹਰਾਉਣ ਲਈ ਕਈ ਮਨਸੂਬਿਆਂ 'ਤੇ ਕੰਮ ਕਰ ਰਿਹਾ ਹੈ। ਉਸ ਦੇ ਹਮਲੇ ਬਹੁਤ ਤੇਜ਼-ਤਰਾਰ ਤੇ ਲੁਕਵੇਂ ਹਨ। ਮਕਸਦ ਕੌਮਾਂਤਰੀ ਕਾਨੂੰਨਾਂ ਦੀ ਮਾਰ ਤੋਂ ਬਚਣਾ ਹੈ। ਇਸ ਦੇ ਮੁਕਾਬਲੇ ਵਿਚ ਬਰਤਾਨੀਆ ਨਹਿਲੇ 'ਤੇ ਦਹਿਲੇ ਵਾਲੀ ਤਕਨੀਕੀ ਪ੍ਰਕਿਰਿਆ, ਕੂੜ-ਪ੍ਰਚਾਰ ਮੁਹਿੰਮ ਸ਼ੁਰੂ ਕਰ ਰਿਹਾ ਹੈ।

ਕੈਨੇਡਾ ਭਲੀਭਾਂਤ ਜਾਣਕਾਰੀ ਰੱਖਦਾ ਹੈ ਕਿ ਕਿਵੇਂ ਚੀਨ ਵਿਸ਼ਵ ਪੱਧਰ 'ਤੇ ਸਰਦਾਰੀ ਕਾਇਮ ਕਰਨ ਲਈ ਬਹੁ-ਪੱਖੀ ਯੋਜਨਾਵਾਂ 'ਤੇ ਕੰਮ ਕਰ ਰਿਹਾ ਹੈ। ਇਹ ਯੋਜਨਾਵਾਂ ਹਨ (1) ਹਮਲਾਵਰ ਡਿਪਲੋਮੈਸੀ (2) ਨਵੀਨਤਮ ਤਕਨੀਕੀ ਕਾਰਵਾਈਆਂ (3) ਵਿਸ਼ਮ ਗੈਰ-ਸਮਰੂਪੀ ਕਾਰਵਾਈਆਂ (4) ਫ਼ੌਜੀ ਹਥਿਆਰਾਂ ਦੀ ਦੌੜ ਤੀਬਰ ਕਰਨ ਵਾਲੀਆਂ ਕਾਰਵਾਈਆਂ। ਉਹ ਪੱਛਮੀ ਜਗਤ ਅਤੇ ਗੁਆਂਢੀ ਭਾਰਤ ਵਿਚ ਮਹੱਤਵਪੂਰਨ ਦਖ਼ਲਅੰਦਾਜ਼ੀ ਵਾਲੀਆਂ ਕਾਰਵਾਈਆਂ ਜਾਰੀ ਰੱਖ ਰਿਹਾ ਹੈ। ਪਰਵਾਸੀ ਲੋਕਾਂ, ਮੀਡੀਆ, ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਯੂਨੀਵਰਸਿਟੀ ਕੈਂਪਸਾਂ ਨੂੰ ਨਿਸ਼ਾਨੇ 'ਤੇ ਰੱਖ ਰਿਹਾ ਹੈ। ਕਾਰਪੋਰੇਸ਼ਨਾਂ ਦੇ ਮੇਅਰਾਂ, ਕਾਰਜਕਾਰੀ ਅਧਿਕਾਰੀਆਂ, ਸੂਬਾਈ ਅਤੇ ਫੈਡਰਲ ਸਿਸਟਮ, ਰਾਜ ਦੀਆਂ ਮਹੱਤਵਪੂਰਨ ਸੰਸਥਾਵਾਂ ਨਿਸ਼ਾਨੇ 'ਤੇ ਲੈਣ ਲਈ ਪਾਰਲੀਮੈਂਟ ਮੈਂਬਰਾਂ, ਮੰਤਰੀਆਂ, ਵਿਧਾਇਕਾਂ, ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ, ਕੰਪਨੀਆਂ ਦੇ ਮੁਖੀਆਂ, ਟਰੇਡ ਯੂਨੀਅਨਾਂ, ਵਿਦਿਆਰਥੀ ਸੰਗਠਨਾਂ, ਤੋੜ-ਫੋੜ ਕਰਨ ਵਾਲੇ ਗਰੁੱਪਾਂ ਅੰਦਰ ਘੁਸਪੈਠ ਕਰ ਰਿਹਾ ਹੈ। ਚੀਨ ਦੀ ਸ਼ੈਨਜ਼ੂਹੇਨ ਜ਼ੈਨਹੁਆ ਡਾਟਾ ਤਕਨਾਲੋਜੀ ਕੰਪਨੀ ਨੇ 2.4 ਮਿਲੀਅਨ ਵਿਸ਼ੇਸ਼ ਲੋਕਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੋਈ ਹੈ।

ਆਸਟ੍ਰੇਲੀਅਨ ਸਾਈਬਰ ਸੁਰੱਖਿਆ ਫ਼ਰਮ ਅਨੁਸਾਰ ਇਸ ਵਿਚ 52000 ਅਮਰੀਕੀ, 35000 ਆਸਟ੍ਰੇਲੀਅਨ, 9700 ਬ੍ਰਿਟਿਸ਼ ਅਤੇ 5000 ਕੈਨੇਡੀਅਨ ਸ਼ਾਮਲ ਹਨ। ਚੀਨ ਭਾਵੇਂ ਇਸ ਤੋਂ ਇਨਕਾਰ ਕਰਦਾ ਹੈ ਪਰ ਮਾਈਕਲ ਸ਼ੂਬ੍ਰਿਜ, ਡਾਇਰੈਕਟਰ ਆਸਟ੍ਰੇਲੀਅਨ ਸੁਰੱਖਿਆ, ਯੁੱਧ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਦਾ ਕਹਿਣਾ ਹੈ, ਚੀਨ ਦੇ ਇਨਕਾਰ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਚੀਨੀ ਕਾਨੂੰਨ ਦੇਸ਼ ਦੀਆਂ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਚੀਨੀ ਸੁਰੱਖਿਆ ਅਤੇ ਗੁਪਤਚਰ ਏਜੰਸੀਆਂ ਦਾ ਸਹਿਯੋਗ ਕਰਨ ਪਰ ਜਨਤਕ ਤੌਰ 'ਤੇ ਅਜਿਹਾ ਕਰਨ ਤੋਂ ਇਨਕਾਰੀ ਹੋ ਜਾਣ।

ਚੀਨ ਦੀ ਦੋਗਲੀ ਅਸੀਮਤ ਜੰਗ ਇਕ ਅਜਿਹੀ ਅਸਿੱਧੀ ਜੰਗ ਹੈ ਜਿਸ ਰਾਹੀਂ ਉਹ ਗੈਰ-ਰਵਾਇਤੀ ਜੁਗਤਾਂ ਰਾਹੀਂ ਸਿੱਧੀ ਜੰਗ ਛੇੜੇ ਬਗੈਰ ਆਪਣੇ ਇਰਾਦਿਆਂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਸੰਨ 1949 ਵਿਚ ਚੀਨੀ ਇਨਕਲਾਬ ਤੋਂ ਛੇਤੀ ਬਾਅਦ ਚੀਨੀ ਕਮਿਊਨਿਸਟ ਪਾਰਟੀ ਨੇ ਆਪਣਾ ਗਲੋਬਲ ਏਜੰਡਾ ਜਾਰੀ ਕਰਦੇ ਰਾਸ਼ਟਰ ਨੂੰ ਇਕ ਵਿਸ਼ਵ-ਵਿਆਪੀ ਮਹਾਸ਼ਕਤੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ। ਚੀਨੀ ਕਮਿਊਨਿਸਟ ਪਾਰਟੀ ਦੀ ਆਲੋਚਨਾ ਨੂੰ ਚੀਨੀ ਰਾਸ਼ਟਰ ਅਤੇ ਚੀਨੀ ਲੋਕਾਂ ਦੀ ਆਲੋਚਨਾ ਘੋਸ਼ਿਤ ਕਰ ਦਿੱਤਾ ਸੀ।

ਪੰਜਾਹਵਿਆਂ ਵਿਚ ਵਧੀਆ ਕੁਆਲਿਟੀ ਵਾਲੀ ਸਟੀਲ ਦੇ ਉਤਪਾਦਨ ਰਾਹੀਂ ਉਸ ਨੇ 5 ਸਾਲਾਂ ਵਿਚ ਬ੍ਰਿਟੇਨ ਅਤੇ 10 ਸਾਲਾਂ ਵਿਚ ਅਮਰੀਕਾ ਨੂੰ ਮਾਤ ਦੇਣ ਦੇ ਏਜੰਡੇ 'ਤੇ ਕੰਮ ਕਰਨਾ ਆਰੰਭਿਆ ਪਰ ਇਹ ਏਜੰਡਾ ਉਲਟ ਪੈ ਗਿਆ। ਸੰਨ 1959-62 ਦਰਮਿਆਨ ਇਸ ਆਰਥਿਕ ਮੰਦਹਾਲੀ ਨਾਲ ਹੀ ਭਿਆਨਕ ਕਾਲ ਰਾਹੀਂ ਭੁੱਖਮਰੀ ਕਾਰਨ ਚੀਨ ਦੇ 40 ਮਿਲੀਅਨ ਲੋਕ ਮਰ ਗਏ। ਕਲਚਰਲ ਇਨਕਲਾਬ ਰਾਹੀਂ 20 ਮਿਲੀਅਨ ਲੋਕਾਂ ਦਾ ਸਫ਼ਾਇਆ ਕੀਤਾ।

ਪ੍ਰਸਾਰਵਾਦ ਨੀਤੀ ਤਹਿਤ ਤਿੱਬਤ ਨੂੰ ਹੜੱਪਣ ਤੋਂ ਬਾਅਦ ਭਾਰਤ ਨਾਲ ਸੰਨ 1962 ਵਿਚ ਜੰਗ ਛੇੜਦਿਆਂ ਇਸ ਦੇ ਲੱਦਾਖ ਖੇਤਰ ਵਿਚ ਵੱਡੇ ਇਲਾਕੇ 'ਤੇ ਕਬਜ਼ਾ ਕਰ ਲਿਆ। ਅਤਿ ਆਧੁਨਿਕ ਤਕਨੀਕ ਅਤੇ ਹਥਿਆਰਾਂ ਨਾਲ ਲੈਸ ਤਾਕਤਵਰ ਫ਼ੌਜ ਤਿਆਰ ਕਰ ਲਈ। ਕਨਫਿਊਸ਼ੀਅਸ ਸੰਸਥਾਵਾਂ ਅਤੇ ਵਿਦਿਆਰਥੀ ਸੰਗਠਨਾਂ ਰਾਹੀਂ ਦੂਸਰੇ ਦੇਸ਼ਾਂ ਦੇ ਅਕਾਦਮਿਕ ਸਿਸਟਮ ਨੂੰ ਪ੍ਰਭਾਵਿਤ ਕਰ ਕੇ ਉਨ੍ਹਾਂ ਦੀਆਂ ਨਵੀਨਤਮ ਤਕਨੀਕੀ ਈਜਾਦਾਂ ਅਤੇ ਖੋਜ ਪੱਤਰਾਂ 'ਤੇ ਹੱਥ ਸਾਫ਼ ਕੀਤਾ। ਉਨ੍ਹਾਂ ਦੇ ਬਲਬੂਤੇ ਆਪਣੇ ਦੇਸ਼ ਦੀ ਤਰੱਕੀ ਨੂੰ ਤੇਜ਼ੀ ਨਾਲ ਅੱਗੇ ਵਧਾਇਆ। ਇਸ ਨਾਲ ਹੀ ਪੂਰਬੀ ਏਸ਼ੀਆ ਉਪਰੰਤ ਪੂਰੇ ਵਿਸ਼ਵ ਅੰਦਰ ਪ੍ਰਸਾਰਵਾਦੀ ਅਸੀਮਤ ਦੋਗਲੀ ਜੰਗ ਤੇਜ਼ ਕਰ ਦਿੱਤੀ।

ਜਿਸ ਕੈਨੇਡਾ ਨੇ ਸੰਨ 1989 ਵਿਚ ਇਸ ਵੱਲੋਂ ਤਿਆਨਾਨਮੇਨ ਚੌਕ ਬੀਜਿੰਗ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਬੇਦਰਦੀ ਨਾਲ ਮੌਤ ਦੇ ਘਾਟ ਉਤਾਰਨ ਤੋਂ ਬਾਅਦ ਵਿਸ਼ਵ ਭਰ ਵਿਚ ਫੈਲੀ ਨਾਰਾਜ਼ਗੀ ਕਰ ਕੇ ਇਕੱਲਤਾ ਦੇ ਆਲਮ 'ਚੋਂ ਬਾਹਰ ਕੱਢਣ ਲਈ ਸਭ ਤੋਂ ਪਹਿਲਾਂ ਹੱਥ ਵਧਾਇਆ, ਅੱਜ ਇਹ ਉਸ ਵਿਰੁੱਧ ਗੈਰ-ਡਿਪਲੋਮੈਟਿਕ ਹਰਕਤਾਂ 'ਤੇ ਉੱਤਰਿਆ ਪਿਆ ਹੈ।

ਭਾਰਤ ਨਾਲ ਦੋਗਲੀ ਅਸੀਮਤ ਜੰਗ ਲੱਦਾਖ ਖੇਤਰ ਵਿਚ ਗਲਵਾਨ ਘਾਟੀ, ਅਰੁਣਾਚਲ ਖੇਤਰ ਵਿਚ 4-5 ਕਿਲੋਮੀਟਰ ਸਰਹੱਦ ਅੰਦਰ ਇਕ ਪਿੰਡ ਚੁੱਪ-ਚਪੀਤੇ ਉਸਾਰ ਕੇ, ਨਾਕੁਲਾ (ਸਿੱਕਮ) ਵਿਚ ਘੁਸਪੈਠ ਕਰ ਕੇ, ਪਾਕਿਸਤਾਨ ਨੂੰ ਲਗਾਤਾਰ ਭਾਰਤ ਵਿਰੁੱਧ ਉਕਸਾ ਕੇ, ਮਕਬੂਜ਼ਾ ਕਸ਼ਮੀਰ ਵਿਚ ਪਾਕਿਸਤਾਨ ਦੀ ਮਿਲੀਭੁਗਤ ਨਾਲ ਘੁਸਪੈਠ ਕਰ ਕੇ ਛੇੜ ਰੱਖੀ ਹੈ। ਅਮਰੀਕਾ ਨਾਲ ਮਿਲ ਕੇ ਭਾਰਤ ਵੱਲੋਂ ਤਿੱਬਤ ਦੀ ਆਜ਼ਾਦੀ ਦਾ ਮੁੱਦਾ ਉਠਾਉਣ 'ਤੇ ਚੀਨ ਨੂੰ ਬਹੁਤ ਮਿਰਚਾਂ ਲੱਗੀਆਂ ਹਨ। ਭਾਰਤ ਵੱਲੋਂ ਇਸ ਦੇ ਮਾਲ, ਟਿਕ-ਟਾਕ ਸਮੇਤ ਕਈ ਕੰਪਨੀਆਂ ਦੇ ਬਾਈਕਾਟ ਕਾਰਨ ਇਹ ਉਸ ਵਿਰੁੱਧ ਜ਼ਹਿਰੀਲੇ ਪ੍ਰਚਾਰ ਅਤੇ ਗਲੋਬਲ ਵਿਰੋਧ 'ਤੇ ਉੱਤਰਿਆ ਪਿਆ ਹੈ।

ਵਿਸ਼ਵ ਅੰਦਰ ਕਈ ਦੇਸ਼ਾਂ ਵਿਚ ਚੀਨ ਵਿਰੁੱਧ ਮੁਸਤੈਦ ਹੋਣ ਕਰ ਕੇ ਕਈ ਥਾਵਾਂ 'ਤੇ ਇਸ ਦੇ ਸਾਇੰਸਦਾਨ, ਤਕਨੀਕੀ ਮਾਹਿਰ ਅਤੇ ਵਪਾਰਕ ਘੁਸਪੈਠੀਏ ਰੰਗੇ ਹੱਥੀਂ ਦਸਤਾਵੇਜ਼ ਚੋਰੀ ਕਰਦੇ ਫੜੇ ਗਏ ਹਨ। ਮਿਸਾਲ ਵਜੋਂ ਅਮਰੀਕਾ ਦੀ ਹਰਵਾਰਡ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਜਾਅਲੀ ਫੰਡਿੰਗ ਰਾਹੀਂ ਘੁਸਪੈਠ, 41 ਸਾਲਾ ਹਾਓ ਜੰਗ ਅਮਰੀਕਾ ਦੇ ਵਪਾਰਕ ਭੇਦ ਚੁਰਾਉਂਦਾ ਫੜਿਆ ਜਾਣਾ।

ਸੰਨ 2018 ਵਿਚ ਐੱਫਬੀਆਈ ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਨੇ ਤਸਦੀਕ ਕੀਤਾ ਸੀ ਕਿ ਚੀਨ ਵਿਸ਼ਵ ਅੰਦਰ ਸਰਕਾਰਾਂ ਦੇ ਪੂਰੇ ਤੰਤਰ 'ਤੇ ਹੀ ਨਹੀਂ, ਸਮਾਜ ਦੇ ਪੂਰੇ ਤੰਤਰ ਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਦਾ ਨਿਸ਼ਚਾ ਕਰੀ ਬੈਠਾ ਹੈ। ਇਸ ਨਾਲ ਟੱਕਰਨ ਲਈ ਉਲਟੀ ਚੀਨੀ ਸਮਾਜਿਕ ਤੰਤਰ ਨੂੰ ਪ੍ਰਭਾਵਿਤ ਕਰਨ ਵਾਲੀ ਨੀਤੀ ਅਪਣਾਉਣ ਦੀ ਲੋੜ ਹੈ। ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਨੇ ਹੁਆਵੇ ਕੰਪਨੀ ਦੀ ਪਜੀ ਸੇਵਾ 'ਤੇ ਰੋਕ ਲਾ ਦਿੱਤੀ ਹੈ, ਬਰਤਾਨੀਆ ਇਸ 'ਤੇ ਰੋਕ ਲਾਉਣ 'ਤੇ ਕੰਮ ਕਰ ਰਿਹਾ ਹੈ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦਾ ਜ਼ਮੀਨੀ, ਸਮੁੰਦਰੀ, ਵਪਾਰਕ ਪ੍ਰਸਾਰਵਾਦ, ਜ਼ੁਆਂਗ, ਹੁਈ, ਮਾਂਚੋ, ਉਈਗਰ, ਤਿੱਬਤੀ ਘੱਟ ਗਿਣਤੀਆਂ ਵਿਰੁੱਧ ਜਬਰ ਰੋਕਣ ਲਈ ਆਪਣੇ ਪੱਛਮੀ, ਨਾਟੋ, ਜਾਪਾਨ, ਦੱਖਣੀ ਕੋਰੀਆ ਆਦਿ ਸਹਿਯੋਗੀਆਂ ਨੂੰ ਇਕ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਹੈ। ਕਮਿਊਨਿਸਟ ਵਿਚਾਰਧਾਰਾ ਦੇ ਨਕਾਬ ਹੇਠ ਇਸ ਦੀ ਨਿਰੰਕੁਸ਼ਤਾ ਭਰੀ ਨਿਰਦਈ ਵਿਸ਼ਵ ਸਰਦਾਰੀ ਨੂੰ ਰੋਕਣਾ ਅਤਿ ਜ਼ਰੂਰੀ ਹੈ। ਇਸ ਲਈ ਵਿਸ਼ਵ ਭਰ ਦੇ ਲੋਕਤੰਤਰੀ ਰਾਸ਼ਟਰਾਂ ਨੂੰ ਅੱਗੇ ਆਉਣ ਦੀ ਲੋੜ ਹੈ।

# ਕਿਸਾਨੀ ਅੰਦੋਲਨ ਵਿਚ ਸਿੱਖ ਬਲੀ ਦੇ ਬੱਕਰੇ

## ਮੈਂ ਉਦਾਸ ਹਾਂ, ਬਹੁਤ ਬਹੁਤ ਉਦਾਸ, ਹਾਲਾਤ 84 ਵਰਗੇ ਕਿਸਾਨੀ ਮੋਰਚੇ ਵਾਲੇ ਬਾਰਡਰ ਬਣ ਗਏ ਖੁੱਲੀਆਂ ਜੇਲਾਂ।

### ਪ੍ਰੋਫੈਸਰ ਬਲਵਿੰਦਰਪਾਲ ਸਿੰਘ

ਮੈਂ ਕੀ ਲਿਖਾਂ, ਸਮਝ ਨਹੀਂ ਪੈਂਦੀ। ਮੈਂ ਉਦਾਸ ਹਾਂ, ਬਹੁਤ ਬਹੁਤ ਉਦਾਸ। ਜੋ ਮੇਰੇ ਪੰਥ ਨਾਲ ਬੀਤ ਰਹੀ ਹੈ। ਅਜੀਬ ਜਿਹੇ ਦ੍ਰਿਸ਼ ਦੇਖ ਰਿਹਾ ਚੌਰਾਸੀ ਵਰਗੇ। ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਅੰਦੋਲਨ ਨੇ 26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਕਈ ਖ਼ਤਰਨਾਕ ਮੋੜ ਲਏ ਹਨ। ਕਈ ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਨੇ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਇਸ ਦਾ ਫ਼ਾਇਦਾ ਚੁੱਕਦਿਆਂ ਕੇਂਦਰ ਸਰਕਾਰ ਨੇ ਸੰਘਰਸ਼ ਖ਼ਤਮ ਕਰਨ ਦੇ ਸ਼ਹੀਨ ਬਾਗ ਵਾਲੇ ਡਿਜਾਇਨ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕਈ ਬਾਰਡਰ ਵੀ ਖ਼ਾਲੀ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਭਾਵੁਕ ਹੋਏ ਰਾਕੇਸ ਟਿਕੈਟ ਦੇ ਦੋ ਮਿੰਟ ਨੇ ਕਮਾਲ ਦਾ ਅਸਰ ਕੀਤਾ।'

ਉਨਾਂ ਦੋ ਮਿੰਟਾਂ ਨੇ ਇਹ ਸੰਘਰਸ਼ ਮੁੜ ਆਪਣੇ ਪੈਰਾਂ 'ਤੇ ਖੜਾ ਹੀ ਨਹੀਂ ਕੀਤਾ ਸਗੋਂ ਹੋਰ ਵੱਡਾ ਕਰ ਦਿੱਤਾ। ਹੁਣ ਕਰੀਬ ਹਰ ਪਿੰਡ ਵਿੱਚ ਇਹ ਫ਼ੈਸਲਾ ਹੋ ਗਿਆ ਕਿ ਕਾਨੂੰਨ ਵਾਪਸ ਹੋਣ ਤੱਕ ਪਿੱਛੇ ਨਹੀਂ ਹਟਾਂਗੇ।'

ਜੋ ਸਿੱਖ ਵਿਰੋਧੀ ਨੈਰੇਟਿਵ ਸਰਕਾਰ ਨੇ ਘੜਿਆ ਹੈ, ਉਸ ਦੇ ਪ੍ਰਭਾਵ ਲੰਬੇ ਸਮੇਂ ਵਿੱਚ ਗੰਭੀਰ ਹੋ ਸਕਦੇ ਹਨ। ਸਿੰਘੂ ਬਾਰਡਰ ਤੋਂ ਪੁਲਿਸ ਦੀ ਮੌਜੂਦਗੀ ਵਿੱਚ ਕਿਸਾਨਾਂ 'ਤੇ ਹਮਲੇ ਕਰਾਉਣ ਦੀਆਂ ਤਸਵੀਰਾਂ ਸਾਹਮਣੇ ਆਈਆਂ, ਇਹ ਨਵੰਬਰ '84 ਤੋਂ ਵੱਖਰੇ ਹਾਲਾਤ ਨਹੀਂ ਹਨ। ਸਿੰਘੂ, ਗਾਜੀਪੁਰ ਅਤੇ ਟਿਕਰੀ ਬਾਰਡਰਾਂ ਉੱਤੇ ਵਿਸ਼ਾਲ ਬੈਰੀਕੈਡਿੰਗ ਕਰਕੇ ਸਰਕਾਰ ਨੇ ਇਹਨਾਂ ਮੋਰਚੇ ਸਥਾਨਾਂ ਨੂੰ ਖੁੱਲੀਆਂ ਜੇਲਾਂ ਬਣਾ ਦਿੱਤਾ ਗਿਆ ਹੈ। ਪੁਲਿਸ ਨੇ ਰਾਹ ਬੰਦ ਕਰ ਰੱਖੇ ਹਨ। ਸਿੰਘੂ ਬਾਰਡਰ ਦੇ ਨੇੜੇ ਸੜਕ ਪੂਰੀ ਤਰਾਂ ਪੁੱਟ ਦਿੱਤੀ ਗਈ ਹੈ। ਦਿੱਲੀ ਪੁਲਿਸ ਵੱਲੋਂ ਗਾਜੀਪੁਰ ਬਾਰਡਰ 'ਤੇ ਕਿੱਲਾਂ ਲਗਾਈਆਂ ਗਈਆਂ ਹਨ। ਦਿੱਲੀ ਤੋਂ ਯੂਪੀ ਆਉਣ ਵਾਲਾ ਕੇਵਲ ਇੱਕ ਰਾਹ ਖੋਲਿਆ ਹੋਇਆ ਹੈ ਜੋ ਕਿ ਆਨੰਦ ਵਿਹਾਰ ਤੋਂ ਹੁੰਦੇ ਹੋਏ ਗਾਜ਼ੀਆਬਾਦ ਆਉਂਦਾ ਹੈ। ਟਿਕਰੀ ਬਾਰਡਰ ਤੋਂ ਪੁਲਿਸ ਨੇ ਕੰਕਰੀਟ ਦੇ ਸਲੈਬ ਲਗਾਏ ਹਨ। ਇਸ ਦੇ ਨਾਲ ਹੀ ਸੜਕ 'ਤੇ ਨੁਕੀਲੇ ਸਰੀਏ ਵੀ ਗੱਡੇ ਹਨ ਤਾਂ ਜੋ ਵਾਹਨ ਪਾਰ ਨਾ ਕਰ ਸਕਣ। ਸਰਹੱਦ 'ਤੇ ਰੋਡ ਰੋਲਰ ਵੀ ਖੜੇ ਕਰ ਦਿੱਤੇ ਗਏ ਹਨ ਤਾਂ ਜੋ ਕਿਸਾਨ ਜੇ ਦਿੱਲੀ 'ਚ ਵੜਨ ਦੀ ਕੋਸ਼ਿਸ਼ ਕਰਨ ਤਾਂ ਉਨਾਂ ਨੂੰ ਰੋਕਣ ਲਈ ਰੋਡ ਰੋਲਰ ਨੂੰ ਸੜਕ 'ਤੇ ਖੜਾ ਕੀਤਾ ਜਾ ਸਕੇ। ਬਾਰਡਰ 'ਤੇ ਸੁਰੱਖਿਆ ਬਲਾਂ ਦੀਆਂ 15 ਕੰਪਨੀਆਂ ਪਹਿਲਾਂ ਤੋਂ ਤਾਇਨਾਤ ਹਨ। ਗਣਤੰਤਰ ਦਿਵਸ 'ਤੇ ਟਰੈਕਟਰ ਪਰੇਡ ਦੌਰਾਨ ਹੋਈ ਘਟਨਾ ਤੋਂ ਬਾਅਦ ਇੱਥੇ ਹਰ ਰੋਜ਼ ਸੁਰੱਖਿਆ ਵਿਵਸਥਾ ਸਖ਼ਤ ਕੀਤੀ ਜਾ ਰਹੀ ਹੈ। ਹਰ ਰੋਜ਼ ਵੱਧ ਰਹੀ ਸੁਰੱਖਿਆ ਵਿਵਸਥਾ ਤੇ ਬੈਰੀਕੇਡਿੰਗ ਨਾਲ ਕਿਸਾਨਾਂ 'ਚ ਵੀ ਦਹਿਸ਼ਤ ਪੈਦਾ ਹੋ ਰਹੀ ਹੈ। ਜਿਸ ਤਰਾਂ ਦੀ ਕੰਧ ਉਸਾਰਨ ਦਾ ਐਲਾਨ ਟਰੰਪ ਨੇ ਅਮਰੀਕਾ ਅਤੇ ਮੈਕਸੀਕੋ ਦੀ ਹੱਦ 'ਤੇ ਕੀਤਾ ਸੀ, ਮੋਦੀ ਸਰਕਾਰ ਦਿੱਲੀ ਅਤੇ ਹਰਿਆਣਾ ਦੀ ਹੱਦ 'ਤੇ ਅਜਿਹੀ ਹੀ ਕੰਧ ਖੜੀ ਕਰ ਰਹੀ ਹੈ।'

ਟਵਿੱਟਰ ਨੇ ਕਿਸਾਨ ਏਕਤਾ ਮੋਰਚਾ, ਦਿ ਕਾਰਵਾਂ ਸਣੇ ਕਈ ਟਵਿੱਟਰ ਅਕਾਊਂਟਜ ਨੂੰ ਭਾਰਤ ਵਿੱਚ 'ਵਿਦਹੈਲਡ' ਕਰ ਦਿੱਤਾ ਸੀ ਯਾਨਿ ਕਿ ਉਨਾਂ ਦਾ ਕੰਮਕਾਜ ਰੋਕ ਦਿੱਤਾ ਗਿਆ। ਹਾਲਾਂਕਿ ਕਿਸਾਨ ਏਕਤਾ ਮੋਰਚਾ ਅਤੇ ਦਿ ਕਾਰਵਾਂ ਦਾ ਟਵਿੱਟਰ ਅਕਾਊਂਟ ਹੁਣ ਬਹਾਲ ਕਰ ਦਿੱਤਾ ਹੈ । ਟਵਿੱਟਰ ਨੇ ਇਨਾਂ ਅਕਾਊਂਟਜ ਦੇ ਕੰਮਕਾਜ ਨੂੰ ਬੰਦ ਕਰਨ ਦਾ ਕਾਰਨ ਭਾਰਤ ਸਰਕਾਰ ਵੱਲੋਂ ਲੀਗਲ ਡਿਮਾਂਡ ਯਾਨਿ ਕਾਨੂੰਨੀ ਮੰਗ ਦੱਸਿਆ। 'ਹੈਰਾਨ ਵੀ ਹਾਂ। ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਹਨ। ਕੀ ਤੁਸੀਂ ਸੋਚ ਸਕਦੇ ਹੋ ਕਿ ਕੋਈ ਦੁਸ਼ਟ ਹਰਦੁਆਰ, ਕਾਂਸ਼ੀ ਧਾਮਾਂ ਅੱਗੇ ਨਫ਼ਰਤ ਨਾਰੇ ਮਾਰਕੇ ਲੰਘ ਜਾਵੇ। ਕਨੂੰਨ ਉਸਨੂੰ ਸੁਕਾ ਨਹੀਂ ਜਾਣ ਦੇਵੇਗਾ। ਕੁਛ ਫ਼ਿਰਕੂ ਗੁਰਦੁਆਰਾ ਸੀਸ ਗੰਜ ਅੱਗੇ ਘਟੀਆ ਨਾਅਰੇ ਮਾਰਦੇ ਕਿਵੇਂ ਲੰਘ ਗਏ । ਸਾਡੇ ਦੁਆਲੇ ਵਾੜਾਂ ਕਿਉਂ ਤੇ ਕਿਵੇਂ। ਮੈਂ ਲੇਖਕ ਹਾਂ। ਲੇਖਕ ਦੀ ਮਾਨਸਿਕਤਾ ਬਾਕੀ ਲੋਕਾਂ ਨਾਲ ਬਹੁਤ ਸੰਵੇਦਨਸ਼ੀਲ ਤੇ ਭਾਵੁਕ ਹੁੰਦੀ ਹੈ। ਜੋ ਲਿਖ ਰਿਹਾ ਇਹ ਮੇਰੇ ਰੂਹ ਵਿਚੋਂ ਨਿਕਲੇ ਸ਼ਬਦ ਹਨ। ਗੁਰੂ ਨਾਨਕ ਸਾਹਿਬ ਜੀ ਦੇ ਸ਼ਬਦ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ ਧੁਨਾਂ ਮੇਰੀ ਰੂਹ ਵਿਚ ਗੂੰਜਾਰ ਪਾ ਰਹੀਆਂ ਹਨ। ਸੰਘ ਪਰਿਵਾਰ ਬਹੁਤ ਵਾਰ ਕਹਿੰਦਾ ਹੈ ਕਿ ਸਿੱਖ ਸਾਡੇ ਵਿਚੋਂ ਹਨ। ਪਰ ਫਿਰ ਸਾਡੇ ਨਾਲ ਪੰਜਾਬ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ। ਸੰਘ ਵਾਲੇ ਸੱਜਣੋਂ ਇੰਦਰਾ ਤੋਂ ਵੱਖਰੀ ਸੋਚ ਸਾਡੇ ਹੱਕ ਵਿਚ ਤੁਹਾਡੀ ਹੋਣੀ ਚਾਹੀਦੀ ਸੀ। ਤੁਸੀਂ ਆਖਦੇ ਹੋ ਕਿ ਸਵਾਮੀ ਵਿਵੇਕਾਨੰਦ ਸਾਡਾ ਰੱਬ, ਫ਼ਿਲਾਸਫ਼ਰ ਹੈ। ਮੈਂ ਉਸਨੂੰ ਤੁਹਾਡੇ ਨਾਲ ਵਧ ਪੜਿਆ ਜਾਣਿਆ ਹੈ ਇਸ ਮਹਾਂਪੁਰਖ ਨੂੰ। ਨਿਊਯਾਰਕ ਵਿਚ ਦਿੱਤਾ ਸਵਾਮੀ ਵਿਵੇਕਾਨੰਦ ਜੀ ਦਾ ਭਾਸ਼ਣ ਤੇ ਉਹਨਾਂ ਦੇ ਅਨੇਕਾਂ ਦਾਰਸ਼ਨਿਕ ਵਿਚਾਰ ਮੇਰੀ ਰੂਹ ਵਿਚ ਪਏ ਨਿਰੰਤਰ ਸਫ਼ਰ ਵੀ ਕਰਦੇ ਹਨ। ਸਵਾਮੀ ਵਿਵੇਕਾਨੰਦ ਜੀ ਕਹਿੰਦੇ ਹਨ ਕਿ ਸਿੱਖ ਸਾਡੇ ਵੱਡੇ ਭਰਾ ਹਨ। ਗੁਰੂ ਤੇਗ ਬਹਾਦਰ ਸਿਰਫ਼ ਸਾਡੇ ਗੁਰੂ ਹੀ ਨਹੀਂ, ਸਾਡੇ ਭਗਵਾਨ ਹਨ, ਗੁਰੂ ਗੋਬਿੰਦ ਸਿੰਘ ਜੀ ਵੀ ਸਾਡੇ ਲਈ ਭਗਵਾਨਾਂ ਤੋਂ ਉੱਤਮ ਸਥਾਨ ਰੱਖਦੇ ਹਨ ਜਿਹਨਾਂ ਸਾਡੀ ਹੋਂਦ ਮਿਟਣ ਤੋਂ ਬਚਾਈ। ਮੈਂ ਭਾਰਤ ਦੇ ਆਪਣੇ ਹਿੰਦੂ ਭਾਈਚਾਰੇ ਨੂੰ ਕਹਿਣਾ ਚਾਹੁੰਦਾ ਕਿ ਸਿੱਖਾਂ ਦਾ ਹਮੇਸ਼ਾ ਸਤਿਕਾਰ ਕਰਿਉ। ਜੇ ਆਪਣੇ ਵਜੂਦ ਬਚਾਉਣੇ ਹਨ ਤੇ ਦੇਸ ਦੀ ਰੱਖਿਆ ਕਰਨੀ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਮਾਰਗ ਤੇ ਇਤਿਹਾਸ ਨੂੰ ਆਪਣਾ ਸਮਝਿਉ । ਗੁਰੂ ਗ੍ਰੰਥ ਸਾਹਿਬ ਵਿਚ ਵੇਦਾਂ ਦੀ ਉੱਤਮ ਵਿਆਖਿਆ ਹੈ, ਤੁਹਾਨੂੰ ਕਿਤੇ ਨਹੀਂ ਮਿਲ ਸਕਦੀ। ਇਹ ਹਨ ਸਵਾਮੀ ਵਿਵੇਕਾਨੰਦ ਜੀ ਦੇ ਵਿਚਾਰ। ਸੰਘ ਵਾਲੇ ਸੱਜਣੋ, ਕੀ ਤੁਸੀਂ ਆਪਣੇ ਰੱਬ ਦੇ ਵਿਚਾਰਾਂ ਨੂੰ ਮੰਨਿਆ ਹੈ। ਅਸੀਂ ਸਿੱਖ ਪੰਥ ਵਾਲੇ ਮੰਨਕੇ ਚਲਦੇ ਹਾਂ ਕਿ ਗੁਰੂ ਸਾਡਾ ਰਾਖਾ ਹੈ। ਸਾਡੇ ਸਿੱਖਾਂ ਦੇ ਜਰੇ ਜਰੇ ਵਿਚ ਗੁਰੂ ਵੱਸਦਾ ਹੈ। ਸਾਡੀਆਂ ਦਾਦੀਆਂ, ਤਾਈਆਂ, ਮਾਵਾਂ ਸਾਨੂੰ ਗੋਦ ਵਿਚ ਲੈ ਕੇ ਇਹੀ ਲੋਰੀਆਂ ਦਿੰਦੀਆਂ ਹਨ: 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥ ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥ ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥ ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ ॥ ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨਾ ਮੇਰਾ ਸਤਿਗੁਰੁ ਤੁਠਾ ॥ ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੨॥੧੯॥' ਪੰਨਾ ੪੫੦-੪੫੧

ਇਹ ਧਰਤੀ ਸਾਡੀ ਹੈ। ਸਰਬੱਤ ਭਾਈਚਾਰੇ ਦੀ ਹੈ ਜੋ ਇੱਥੋਂ ਦਾ ਬਸ਼ਿੰਦਾ ਹੈ । ਗੁਰੂ ਨਾਨਕ ਸਾਹਿਬ ਨੇ ਸਾਨੂੰ ਇਹੀ ਉਦੇਸ਼ ਸੰਦੇਸ਼ ਦਿੱਤਾ ਹੈ। ਅਸੀਂ ਵਾਰ ਵਾਰ ਇਹ ਧਰਤੀ ਤੇ ਇਸਦੇ ਲੋਕ ਦੁਸ਼ਮਣਾਂ ਤੋਂ ਬਚਾਏ ਹਨ। ਹੁਣ ਵੀ ਚੀਨ ਤੋਂ ਬਚਾਵਾਂਗੇ। ਜੇਤੂ ਵੀ ਹੋਵਾਂਗੇ। ਸਾਡੀ ਇਹੀ ਸਾਂਝੀਵਾਲਤਾ ਮਨੁੱਖਤਾ ਪੱਖੀ ਸੋਚ ਹੈ। ਸਾਡੇ ਤੋਂ ਵੱਡਾ ਇਸ ਧਰਤੀ ਉੱਪਰ ਮਨੁੱਖਤਾ ਦਾ ਰਾਖਾ ਕੋਈ ਨਹੀਂ। ਕੀ ਸਾਨੂੰ ਕਿਸੇ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਹੈ ਕਿ ਅਸੀਂ ਕੀ ਹਾਂ ਤੇ ਸਾਡਾ ਵਜੂਦ ਕੀ ਹੈ। ਪਰ ਅਸੀਂ ਆਪਣੇ ਇਤਿਹਾਸ ਰਾਹੀਂ ਸੁੱਤੇ ਸਿੱਧ ਕੀਤਾ ਹੈ, ਆਪਣੇ ਸੁਭਾਅ ਵਿਚਾਰ ਤੇ ਹਿੱਕ ਦੇ ਜ਼ੋਰ ਨਾਲ।

**ਭਖਦਾ ਮਸਲਾ**

# ਨਹੀਂ ਬਾਜ ਆ ਰਹੀ ਸਰਕਾਰ ਦੋਗਲੀਆਂ ਨੀਤੀਆਂ ਤੋਂ

### ਹਰਕੀਰਤ ਕੌਰ
੯੭੭੯੧੧੮੦੬੬

ਸਿਆਣੇ ਕਹਿੰਦੇ ਨੇ ਕਿ ਦੋਗਲਾ ਬੰਦਾ ਭਰੋਸੇ ਦੇ ਲਾਇਕ ਨਹੀਂ ਹੁੰਦਾ। ਉਹ ਆਪ ਤਾਂ ਡੁੱਬਦਾ ਹੀ ਹੈ ਨਾਲ ਜਿਨਾਂ ਦੋ ਬੇੜੀਆਂ ਵਿੱਚ ਪੈਰ ਰੱਖਿਆ ਹੁੰਦਾ ਉਹਨਾਂ ਨੂੰ ਵੀ ਡੋਬ ਦਿੰਦਾ। ਜੇਕਰ ਗੱਲ ਮੁੱਦੇ ਦੀ ਕੀਤੀ ਜਾਵੇ ਤਾਂ 'ਮਨ ਕੀ ਬਾਤ' ਸੁਣਾਉਣ ਵਾਲੇ ਸ਼ਾਇਦ ਇਹ ਭੁੱਲ ਗਏ ਕਿ ਲੋਕਤੰਤਰ ਵਿੱਚ ਮਨ ਕੀ ਬਾਤ ਨਾਲੋਂ 'ਜਨਤਾ ਕੀ ਬਾਤ' ਸੁਣਨਾ ਜਰੂਰੀ ਹੈ। ਖੈਰ ਦੋ ਮਹੀਨਿਆਂ ਤੋ ਵੱਧ ਸਮਾਂ ਹੋ ਚੱਲਿਆ ਸਾਡੇ ਕਿਸਾਨੀ ਸੰਘਰਸ਼ ਨੂੰ ਚੱਲਦਿਆਂ ਪਰ ਕਿਸੇ ਵੀ ਤਰਾਂ ਦਾ ਕੋਈ ਨਤੀਜਾ ਨਿਕਲ ਕੇ ਸਾਹਮਣੇ ਨਹੀਂ ਆ ਰਿਹਾ ਸਿਵਾਏ ਸਰਕਾਰ ਦੇ ਦੋਗਲੇ ਚਿਹਰੇ ਅਤੇ ਨਿਕੰਮੀਆਂ ਸਾਜ਼ਿਸ਼ਾਂ ਤੋਂ। 26 ਜਨਵਰੀ ਦੀ ਘਟਨਾ ਉਪਰੰਤ ਕਿਸਾਨੀ ਸੰਘਰਸ਼ ਨੇ ਆਪਣੇ ਦੂਸਰੇ ਪੜਾਅ ਵਿੱਚ ਕਦਮ ਰੱਖਿਆ। ਓਧਰ ਸਰਕਾਰ ਨੇ ਹਰ ਕੋਝੀ ਚਾਲ ਖੇਡ ਕਿਸਾਨਾਂ ਉੱਪਰ ਤਸ਼ੱਦਦ ਕੀਤੇ। ਅੱਥਰੂ ਗੈਸ ਦੇ ਗੋਲੇ ਛੱਡੇ ਗਏ। ਲਾਠੀਆਂ, ਰੋੜੇ, ਪੱਥਰ ਮਾਰ ਕਿਸਾਨਾਂ ਨੂੰ ਜ਼ਖ਼ਮੀ ਕੀਤਾ। ਪੱਗਾਂ ਉਤਾਰੀਆਂ। ਥੋੜੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ 84 ਤੋਂ ਲੈ ਕੇ ਅੱਜ ਤੱਕ ਸਾਡੇ ਲਈ ਬਦਲਿਆ ਤਾਂ ਕੁਝ ਵੀ ਨਹੀਂ ਸਿਵਾਏ ਜ਼ੁਲਮ ਕਰਨ ਵਾਲਿਆਂ ਦੇ ਚਿਹਰਿਆਂ ਤੋਂ। ਜੇਕਰ ਗੱਲ ਦੋਗਲੇਪਣ ਦੀ ਕਰਾਂ ਤਾਂ ਇੱਕ ਪਾਸੇ ਤਾਂ ਸਾਡੇ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ ਮੈਂ ਇੱਕ ਫੋਨ ਕਾਲ ਉੱਤੇ ਉਪਲਬਧ ਹਾਂ ਕਿਸਾਨ ਜਦੋਂ ਮਰਜ਼ੀ ਮੇਰੇ ਨਾਲ ਗੱਲ ਕਰਨ, ਦੂਸਰੇ ਪਾਸੇ ਸੜਕਾਂ ਪੁੱਟ ਕੇ ਦੇਸ਼ ਦੀ ਸੰਪਤੀ ਨੂੰ ਨੁਕਸਾਨ ਪਹੁੰਚਾ ਕੇ ਬੈਰੀਗੈਡਾਂ ਦੀ ਦੀਵਾਰ ਉਸਾਰਨੀ ਵਿੱਚ ਕਿੱਲ ਠੋਕਣੇ, ਪੱਥਰਾਂ ਦੇ ਢੇਰ ਲਗਵਾਉਣੇ ਆਦਿ ਘਟਨਾਵਾਂ ਸਰਕਾਰ ਦੇ ਦੋਮੂੰਹੀ ਵਰਗੇ ਚਿਹਰੇ ਨੂੰ ਨੰਗਾ ਕਰਦੀਆਂ ਹਨ। ਹੈਰਾਨਗੀ ਦੀ ਗੱਲ ਇਹ ਹੈ ਕਿ ਜਿੰਨੇ ਪ੍ਰਬੰਧ ਸਰਕਾਰ ਦੇ ਨਾਗਰਿਕਾਂ ਦੇ ਡਰ ਵਿੱਚ ਆ ਕੇ ਕਰ ਰਹੀ ਕਿਤੇ ਇਹੀ ਪ੍ਰਬੰਧ ਸਰਹੱਦਾਂ ਉੱਪਰ ਕੀਤੇ ਹੁੰਦੇ ਤਾਂ ਸਾਡੇ ਕਈ ਜਵਾਨ ਸ਼ਹੀਦ ਹੋਣੋਂ ਬਚ ਜਾਣ। ਇਹ ਪੈਸਾ ਜੇ ਪੁੱਲ ਬਣਾਉਣ ਜਾਂ ਕਿਸੇ ਹੋਰ ਵਿਕਾਸ ਦੇ ਕਾਰਜ ਲਈ ਵਰਤਿਆ ਹੁੰਦਾ ਤਾਂ ਦੇਸ਼ ਦੇ ਕਿਸੇ ਕੰਮ ਆ ਸਕਦਾ ਸੀ।

ਭਾਵੇਂ ਸਾਡੇ ਕਿਸਾਨ ਵੀਰ ਏਨਾ ਹੌਸਲਾ ਤੇ ਤਾਕਤ ਰੱਖਦੇ ਹਨ ਕਿ ਉਹ ਸਰਕਾਰ ਦੀ ਹਰ ਕੋਝੀ ਸਾਜ਼ਿਸ਼ ਨੂੰ ਨਾਕਾਮ ਕਰਕੇ ਸਰਕਾਰ ਦੇ ਮੂੰਹ ਤੇ ਕਰਾਰਾ ਥੱਪੜ ਜੜਦੇ ਹਨ , ਪਰ ਫਿਰ ਵੀ ਇਹ ਦੁੱਖ ਅਸਹਿ ਹੈ। ਸਾਡੇ ਅਰਮਾਨਾਂ ਦਾ ਗਲਾ ਘੁੱਟਿਆ ਜਾ ਰਿਹਾ ਅਤੇ ਭਲਮਾਣਸੀ ਦਾ ਫ਼ਾਇਦਾ ਚੁੱਕਿਆ ਜਾ ਰਿਹਾ। ਇੱਥੇ ਮੈ ਇਹ ਵੀ ਲਿਖਣ ਤੋਂ ਗੁਰੇਜ਼ ਨਹੀਂ ਕਰਾਂਗੀ ਕਿ ਪੰਜਾਬ ਦੀ ਬਦਕਿਸਮਤੀ ਰਹੀ ਹੈ ਕਿ ਸਾਡੀਆਂ ਰਾਜਨੀਤਿਕ ਪਾਰਟੀਆਂ ਨੇ ਕਿਸੇ ਤਰਾਂ ਦਾ ਯੋਗਦਾਨ ਨਹੀਂ ਪਾਇਆ। ਬਲਕਿ ਉਹ ਬਿਪਤਾ ਸਮੇਂ ਵੀ ਇਹ ਆਸ ਰੱਖ ਰਹੀਆਂ ਹਨ ਕਿ ਕੋਈ ਸਾਨੂੰ ਸੱਦਾ ਦੇਵੇ ਅਤੇ ਅਸੀਂ ਅੰਦੋਲਨ ਵਿੱਚ ਸ਼ਾਮਲ ਹੋਈਏ। ਜੇਕਰ ਸੱਚਮੁੱਚ ਏਨਾ ਰਾਜਨੀਤਕ ਪਾਰਟੀਆਂ ਨੂੰ ਕਿਸਾਨਾਂ ਦਾ ਦਰਦ ਹੁੰਦਾ ਤਾਂ ਭਾਵੇਂ ਇਨਾਂ ਨੂੰ ਅੰਦੋਲਨ ਵਿੱਚ ਸ਼ਾਮਿਲ ਹੋਣ ਦਿੱਤਾ ਜਾਂਦਾ ਜਾਂ ਨਾ ਪਰ ਹਰ ਪਾਰਟੀ ਘੱਟੋ ਘੱਟ ਲੱਖਾਂ ਦੀ ਗਿਣਤੀ ਵਿੱਚ ਪਏ ਆਪਣੇ ਪਾਰਟੀ ਵਰਕਰਾਂ ਨੂੰ ਲੈ ਕੇ ਹੀ ਧਰਨੇ ਤੇ ਬੈਠ ਜਾਂਦੇ ਪਰ ਏਨੀ ਹਿੰਮਤ, ਏਨਾ ਜਿਗਰਾ ਤੇ ਦਰਦ ਕਿੱਥੋਂ ਆਵੇ ? ਇਹ ਤਾਂ ਸਿਰਫ਼ ਸਿਆਸੀ ਰੋਟੀਆਂ ਸੇਕਣ ਤੱਕ ਹੀ ਸੀਮਤ ਹਨ। ਗੱਲ ਏਥੇ ਮੁੱਕਦੀ ਹੈ ਕਿ ਅੱਜ ਕਿਸਾਨੀ ਅਤੇ ਕਿਸਾਨ ਦੇ ਹਾਲਾਤ ਕੁਝ ਸੁਖਾਵੇਂ ਨਹੀਂ। ਦੋਗਲੀ ਸਰਕਾਰ ਦੋਗਲੀਆਂ ਨੀਤੀਆਂ ਖੇਡ ਭਲੇਮਾਣਸ ਕਿਸਾਨਾਂ ਉੱਪਰ ਜੁਲਮ ਕਰ ਰਹੀ ਹੈ, ਪਰ ਸਰਕਾਰ ਨੂੰ ਆਪਣੀਆਂ ਇਹ ਨੀਤੀਆਂ ਤੋਂ ਬਾਜ ਆਉਣਾ ਚਾਹੀਦਾ ਹੈ ਨਹੀਂ ਤਾਂ ਇਸਦਾ ਅੰਤ ਬਹੁਤ ਖ਼ਤਰਨਾਕ ਹੋਵੇਗਾ ਕਿਉਂਕਿ ਸਾਡੇ ਗੁਰੂ ਸਾਹਿਬ ਦਾ ਵੀ ਫੁਰਮਾਨ ਹੈ;

'ਪਾਪੀ ਕੈ ਮਾਰਨੈ ਕੋ ਪਾਪੁ ਮਹਾਬਲੀ ਹੈ।।'


**Buying or Selling home in Sacramento??**

**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।**

**MOBILE 916-513-8094**




*Put my knowledge, Service, experience and professionalism to work for you.*



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

A CENTENNIAL COMMEMORATION OF
SAKA NANKANA SAHIB.

# Repression against freedom of Religion and Protest

**ON FEB 16TH, 2021 AT 8:00 A.M.(PST), 11:00 A.M. (EST)**



**Congressman John Garamendi,**
Co-Chair, American Sikh Congressional Caucus



**Congressman David Valadao,**
Co-Chair, American Sikh Congressional Caucus



**Dr Iqtidar Cheema,**
Member UN Global steering Committee



**Ms Nadine Maenza,**
Commissioner., USCIRF



**Pat Meehan,**
Ex Congressman



**Jaspreet Kaur,**
Advisor ( voices for freedom), and immigration defense attorney, for Gell & Gell, LLC



**Prof. Kashmir Singh,**
B.A. LLB. (Panjab); LL.M. (Delhi); Ph.D. (Guru Nanak University)



**Harpreet Singh,**
Executive Director, ASCC

AMERICAN SIKH CAUCUS COMMITTEE

organised by:
**American Sikh Caucus Committee**

Zoom link
will be released soon

# ਇਤਿਹਾਸ .ਫੈਸਲਾ ਕਰੇਗਾ ਕਿ ਸਰਦਾਰ ਕੌਣ ਹੈ ਤੇ .ਗੱਦਾਰ ਕੌਣ ਹੈ...



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ .ਫੈਡਰੇਸ਼ਨ ਭਿੰਡਰਾਂਵਾਲ਼ਾ)
88722-93883

ਜਦ ਵੀ ਕੋਈ ਜੰਗ ਜਾਂ ਸੰਘਰਸ਼ ਲੜਿਆ ਜਾ ਰਿਹਾ ਹੋਵੇ ਤਾਂ ਉਸ ਵਿੱਚ ਬਹੁਤ ਕੁਝ ਅਜਿਹਾ ਹੁੰਦਾ ਹੈ ਜੋ ਆਮ ਬੰਦੇ ਦੀ ਸਮਝ ਤੋਂ ਪਰ੍ਹੇ ਹੁੰਦਾ ਹੈ ਕਿਉਂਕਿ ਇਹ ਸਾਰਾ ਮਾਹੌਲ ਸਰਕਾਰ, ਏਜੰਸੀਆਂ, ਮੀਡੀਆ ਅਤੇ ਵਿਕਾਊ, .ਗੱਦਾਰ, ਚਲਾਕ, ਖ਼ੁਦਗਰਜ ਤੇ ਡਰਪੋਕ ਆਗੂਆਂ ਅਤੇ ਉਹਨਾਂ ਦੇ ਚਾਪਲੂਸਾਂ ਅਤੇ ਕਿਰਾਏ 'ਤੇ ਭਰਤੀ ਕੀਤੇ ਬੰਦਿਆਂ ਤੇ ਵਿਰੋਧੀਆਂ ਨੇ ਸਿਰਜਿਆ ਹੁੰਦਾ ਹੈ ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ ਤਾਂ ਉਸ ਘਟਨਾਕ੍ਰਮ, ਵਰਤਾਰੇ ਤੇ ਭੇਦਾਂ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਇੱਕ ਦਿਨ ਸੱਚ ਅਤੇ ਝੂਠ ਦਾ ਨਿਤਾਰਾ ਹੋ ਜਾਂਦਾ ਹੈ। ਗੁਰਬਾਣੀ ਦਾ ਵੀ ਅਟੱਲ ਫੁਰਮਾਨ ਹੈ 'ਕੂੜੁ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥'

ਜਦ ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ, ਮੁਰਦ-ਏ-ਮੁਜ਼ਾਹਿਦ, ਬਾਬਾ-ਏ-ਕੌਮ ਅਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਪੰਥ ਅਤੇ ਪੰਜਾਬ ਦੇ ਹੱਕਾਂ ਲਈ ਧਰਮ ਯੁੱਧ ਮੋਰਚਾ ਚਲਾ ਰਹੇ ਸਨ ਤਾਂ ਉਸ ਸਮੇਂ ਪੰਜਾਬ ਅਤੇ ਭਾਰਤ 'ਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਸੀ ਤਾਂ ਸਰਕਾਰ, ਪੁਲਿਸ, ਮੀਡੀਆ, ਏਜੰਸੀਆਂ, ਵਿਰੋਧੀ ਬੰਦੇ ਅਤੇ ਅਕਾਲੀ ਦਲ ਉਸ ਸਮੇਂ ਸੰਤਾਂ ਨੂੰ ਨਿੰਦਦਾ-ਭੰਡਦਾ ਹੁੰਦਾ ਸੀ ਤੇ ਹਰ ਘਟਨਾ ਲਈ ਉਹਨਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਸੀ। ਅੱਤਵਾਦੀ, ਵੱਖਵਾਦੀ, ਦਹਿਸ਼ਤਗਰਦ, ਹਿੰਦੂਆਂ ਦਾ ਕਾਤਲ, ਦਰਿੰਦਾ ਆਦਿਕ ਕਹਿ ਕੇ ਵੀ ਉਹਨਾਂ ਨੂੰ ਬਦਨਾਮ ਕਰਨ ਦੇ ਯਤਨ ਕੀਤੇ ਗਏ ਸਨ।

ਅਕਾਲੀ ਦਲ ਦਾ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਤਾਂ ਸੰਤਾਂ ਨੂੰ ਕਾਂਗਰਸ ਦਾ ਏਜੰਟ ਵੀ ਕਹਿੰਦੇ ਰਹੇ ਸਨ ਤੇ ਇਹ ਵੀ ਇਲਜ਼ਾਮ ਲਾਇਆ ਕਿ ਸੰਤ ਭਿੰਡਰਾਂਵਾਲ਼ੇ ਤਾਂ 1978 ਦੇ ਸ਼ਹੀਦਾਂ ਦੇ ਨਾਮ 'ਤੇ ਪੈਸੇ ਇਕੱਠੇ ਕਰਦੇ ਹਨ। ਸੰਤ ਭਿੰਡਰਾਂਵਾਲ਼ੇ ਮੰਜੀ ਸਾਹਿਬ ਦੀ ਸਟੇਜ ਤੋਂ ਨਹੀਂ ਬੋਲਣਗੇ ਇਥੋਂ ਤਕ ਪਾਬੰਦੀਆਂ ਲਾਈਆਂ ਗਈਆਂ। ਇਹ ਸਾਰਾ ਕੁਝ ਤਾਂ ਹੋਇਆ ਕਿਉਂਕਿ ਸੰਤ ਭਿੰਡਰਾਂਵਾਲ਼ੇ ਅੰਦਰੋਂ-ਬਾਹਰੋਂ ਇੱਕੋ ਜਿਹੇ ਸਨ, ਉਹਨਾਂ ਨੂੰ ਕੋਈ ਵੱਲ-ਛਲ਼ ਨਹੀਂ ਸੀ ਆਉਂਦਾ, ਉਹ ਸੱਚ ਦੇ ਪਹਿਰੇਦਾਰ ਸਨ, ਉਹ ਅਕਾਲੀਆਂ ਵਾਂਗ ਮੋਰਚਾ ਨਹੀਂ ਸੀ ਛੱਡਣਾ ਚਾਹੁੰਦੇ, ਉਹ ਅਕਾਲੀਆਂ ਵਾਂਗ ਚੋਰੀ-ਛਿਪੇ ਦਿੱਲੀ ਜਾ ਕੇ ਇੰਦਰਾ ਨਾਲ਼ ਮੀਟਿੰਗਾਂ ਨਹੀਂ ਸਨ ਕਰਦੇ, ਉਹ ਅਨੰਦਪੁਰ ਸਾਹਿਬ ਦੇ ਮਤੇ ਤੋਂ ਇੱਕ ਇੰਚ ਵੀ ਪਿਛਾਂਹ ਨਹੀਂ ਸੀ ਹਟਣਾ ਚਾਹੁੰਦੇ ਤੇ ਨਾ ਹੀ ਉਹ ਅਕਾਲੀਆਂ ਨੂੰ ਪਿੱਛੇ ਹਟਣ ਦੇਣਾ ਚਾਹੁੰਦੇ ਸਨ, ਉਹ ਆਪਣੇ ਨਿਸ਼ਾਨੇ ਪ੍ਰਤੀ ਦ੍ਰਿੜ ਤੇ ਕਹਿਣੀ-ਕਰਨੀ ਦੇ ਸੂਰਬੀਰ ਸਨ।

ਸੰਤ ਭਿੰਡਰਾਂਵਾਲ਼ੇ ਜਿਸ ਕਾਂਗਰਸ ਹਕੂਮਤ ਵਿਰੁੱਧ ਲੜ ਰਹੇ ਸਨ ਉਹਨਾਂ ਨੂੰ ਉਸੇ ਕਾਂਗਰਸ ਦਾ ਏਜੰਟ ਕਹਿ ਕੇ ਪ੍ਰਚਾਰਿਆ ਗਿਆ, ਕੁਝ ਲੋਕਾਂ ਦੇ ਮਨ 'ਚ ਵੀ ਇਹ ਗੱਲ ਘਰ ਕਰ ਗਈ ਤੇ ਉਹ ਸੰਤ ਜੀ ਸਖ਼ਸ਼ੀਅਤ ਉੱਤੇ ਸ਼ੱਕ ਕਰਨ ਲਗ ਪਏ। ਕਾਂਗਰਸ ਸਰਕਾਰ ਨੇ ਜੂਨ 1984 'ਚ ਸੰਤਾਂ ਨੂੰ ਸ਼ਹੀਦ ਕਰ ਦਿੱਤਾ। ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਕਿ ਇਹ ਗੱਲ ਉਭਰ ਕੇ ਸਾਹਮਣੇ ਆ ਗਈ ਕਿ ਸੰਤਾਂ ਉੱਤੇ ਲੱਗੇ ਸਾਰੇ ਇਲਜ਼ਾਮ ਝੂਠੇ ਸਨ ਤੇ ਅਸਲ ਵਿੱਚ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂ ਹੀ .ਗੱਦਾਰ ਸਨ ਜਿਨ੍ਹਾਂ ਨੇ ਘੱਲੂਘਾਰੇ 'ਚ .ਗੱਦਾਰੀਆਂ ਕਰ ਕੇ ਵਿਖਾ ਦਿੱਤੀਆਂ ਤੇ .ਫੌਜ ਨੂੰ ਵੇਖ ਕੇ ਬਾਂਹਾਂ ਖੜ੍ਹੀਆਂ ਕਰ ਲਈਆਂ ਤੇ ਸੰਗਤਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਉਹ ਇੰਦਰਾ ਦੇ ਬੀਬੇ ਪੁੱਤ ਬਣ ਕੇ ਬਾਹਰ ਨਿਕਲੇ, ਇਥੋਂ ਤਕ ਕਿ ਅਕਾਲੀ ਦਲ ਨੇ ਚਿੱਠੀਆਂ ਲਿਖ ਕੇ ਹਮਲਾ ਕਰਵਾਉਣ 'ਚ ਵੀ ਯੋਗਦਾਨ ਪਾਇਆ। ਸੰਤ ਜਰਨੈਲ ਸਿੰਘ ਜੀ ਤਾਂ ਸੂਰਜ ਵਾਂਗ ਦਿਨੋਂ-ਦਿਨ ਚਮਕਦੇ ਜਾ ਰਹੇ ਹਨ ਪਰ .ਗੱਦਾਰ ਲੌਂਗੋਵਾਲ ਦਾ ਜੋ ਹਸ਼ਰ ਹੋਇਆ ਉਹ ਸਾਡੇ ਸਭ ਦੇ ਸਾਹਮਣੇ ਹੈ।

ਜਦ .ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਨੇ 1979 'ਚ ਸ਼੍ਰੋਮਣੀ ਕਮੇਟੀ ਚੋਣ ਲੜੀ ਸੀ ਤਾਂ ਉਹਨਾਂ ਉੱਤੇ ਵੀ ਕਾਂਗਰਸੀ ਅਤੇ .ਗੱਦਾਰ ਹੋਣ ਦੇ ਠੱਪੇ ਲੱਗੇ ਸਨ। ਜਦ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਰੂਪੋਸ਼ ਹੋ ਕੇ ਹਥਿਆਰਬੰਦ ਸੰਘਰਸ਼ ਲੜ ਰਹੇ ਸਨ ਤਾਂ ਉਹਨਾਂ ਉੱਤੇ ਵੀ ਇਲਜ਼ਾਮ ਲਾਏ ਗਏ ਕਿ ਉਹ ਕਾਂਗਰਸੀ ਗ੍ਰਹਿ ਮੰਤਰੀ ਬੂਟਾ ਸਿੰਘ ਦੀ ਕੋਠੀ ਵਿੱਚ ਰਹਿੰਦੇ ਹਨ। ਬਾਬਾ ਮਾਨੋਚਾਹਲ ਨੇ ਓਦੋਂ ਕਿਹਾ ਸੀ ਕਿ 'ਸਮਾਂ ਦੱਸੇਗਾ ਕਿ ਸਰਦਾਰ ਕੌਣ ਹੈ ਤੇ .ਗੱਦਾਰ ਕੌਣ ਹੈ।' ਬਾਬਾ ਮਾਨੋਚਾਹਲ ਤਾਂ ਕੌਮ ਲਈ ਜੂਝਦੇ ਹੋਏ ਸ਼ਹੀਦੀ ਪਾ ਗਏ ਪਰ ਉਹਨਾਂ ਨੂੰ .ਗੱਦਾਰ ਕਹਿਣ ਵਾਲ਼ੇ ਖ਼ਾਲਿਸਤਾਨ ਤੋਂ ਮੁਨਕਰ ਹੋ ਕੇ ਹਥਿਆਰ ਸੁੱਟ ਕੇ ਤੇ ਦਿੱਲੀ ਦਰਬਾਰ ਅੱਗੇ ਗੋਡੇ ਟੇਕ ਕੇ ਘਰ ਬੈਠੇ ਹਨ।

ਸੰਨ 1981 'ਚ ਸੰਤ ਭਿੰਡਰਾਂਵਾਲ਼ਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਜਹਾਜ ਅਗਵਾ ਕਰਨ ਵਾਲ਼ੇ ਸਿੰਘਾਂ ਦੀ ਜਥੇਬੰਦੀ ਦਲ ਖ਼ਾਲਸਾ ਨੂੰ ਵੀ ਕਾਂਗਰਸ ਦਾ ਉਪਜ ਕਹਿ ਕੇ ਭੰਡਿਆ ਗਿਆ। ਪਰ ਸਮੇਂ ਨਾਲ ਸੱਚ ਦੀ ਜਿੱਤ ਹੋਈ ਤੇ ਦਲ ਖ਼ਾਲਸਾ ਅੱਜ ਵੀ ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਹੈ।

ਮੈਂ 15 ਸਾਲਾਂ ਤੋਂ ਪੰਥਕ ਸਫ਼ਾਂ 'ਚ ਵਿਚਰਦਾ ਆ ਰਿਹਾ ਹਾਂ ਤੇ ਬਹੁਤ ਕੁਝ ਵੇਖਿਆ ਹੈ। ਜਦ ਅਸੀਂ ਕਾਂਗਰਸ ਦੇ ਜ਼ੁਲਮਾਂ ਦਾ ਵਿਰੋਧ ਕਰਦੇ ਹਾਂ ਤਾਂ ਕਾਂਗਰਸ ਕਹਿੰਦੀ ਹੈ ਕਿ ਤੁਸੀਂ ਅੱਤਵਾਦੀ ਹੋ, ਵੱਖਵਾਦੀ ਹੋ, ਦੇਸ਼ ਧ੍ਰੋਹੀ ਹੋ ਤੇ ਜਾਂ ਕਹਿ ਦਿੰਦੇ ਨੇ ਇਹ ਬਾਦਲ ਦਲੀਏ ਹਨ। ਜਦ ਅਸੀਂ ਅਕਾਲੀ ਦਲ ਬਾਦਲ ਦੇ ਪੰਥ ਵਿਰੋਧੀ ਕਾਰਿਆਂ ਅਤੇ .ਫੈਸਲਿਆਂ ਦਾ ਗੁਰਮਤਿ ਅਤੇ ਇਤਿਹਾਸ ਤੋਂ ਸੇਧ ਲੈ ਕੇ ਵਿਰੋਧ ਕਰਦੇ ਹਾਂ ਤਾਂ ਬਾਦਲ ਦਲੀਏ ਸਾਨੂੰ ਕਾਂਗਰਸੀ ਹੋਣ ਦਾ ਸਰਟੀਫਿਕੇਟ ਦਿੰਦੇ ਹਨ ਪਰ ਭਾਜਪਾ ਨਾਲ਼ੋਂ ਸਾਂਝ ਟੁੱਟਣ ਤੋਂ ਬਾਅਦ ਬਾਦਲ ਦਲੀਏ ਹੁਣ ਸਾਨੂੰ ਭਾਜਪਾ ਅਤੇ ਆਰ.ਐੱਸ.ਐੱਸ. ਦੇ ਏਜੰਟ ਐਲਾਨਦੇ ਹਨ।

ਜਦ-ਜਦ ਵੀ ਕੋਈ ਜਬਰ-ਜ਼ੁਲਮ ਵਿਰੁੱਧ ਜੂਝਦਾ ਹੈ, ਆਪਣੇ ਹੱਕਾਂ ਦੀ ਗੱਲਾਂ ਕਰਦਾ ਹੈ ਤਾਂ ਉਸ ਨੂੰ ਅੱਤਵਾਦੀ, ਵੱਖਵਾਦੀ, ਦੇਸ਼ਧ੍ਰੋਹੀ, ਕਾਂਗਰਸ ਜਾਂ ਭਾਜਪਾ ਦਾ ਏਜੰਟ ਆਦਿਕ ਸਰਟੀਫਿਕੇਟ ਦੇਣੇ ਇੱਕ ਰਿਵਾਜ ਹੀ ਚਲ ਪਿਆ ਹੈ।

ਹੁਣ ਜਦ ਕਾਲ਼ੇ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੇ ਬਾਰਡਰਾਂ 'ਤੇ ਮੋਰਚੇ ਚਲ ਰਹੇ ਹਨ ਤਾਂ ਕਾਮਰੇਡ ਲਾਣੇ ਦੀ ਚਾਲ ਵਿੱਚ ਫਸ ਕੇ, ਸਰਕਾਰ ਅਤੇ ਮੀਡੀਆ ਦੀ ਬੋਲੀ ਬੋਲਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਅਖੌਤੀ ਆਗੂਆਂ ਨੇ ਇਤਿਹਾਸਕ ਗਲਤੀ ਕਰਦਿਆਂ ਅਦਾਕਾਰ ਦੀਪ ਸਿੱਧੂ, ਸਮਾਜ ਸੇਵੀ ਲੱਖਾ ਸਿਧਾਣਾ, ਸਿੱਖ ਵਿਦਵਾਨ ਡਾ. ਸੁਖਪ੍ਰੀਤ ਸਿੰਘ ਉਦੋਕੇ, ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਆਗੂ ਕਨੂੰ ਪ੍ਰੀਆ ਅਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਤਨਾਮ ਸਿੰਘ ਪੰਨੂ ਅਤੇ ਸਰਵਨ ਸਿੰਘ ਪੰਧੇਰ ਅਤੇ ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਵਾਲ਼ੇ ਨੌਜਵਾਨ ਜੁਗਰਾਜ ਸਿੰਘ ਅਤੇ ਓਥੇ ਪਹੁੰਚੇ ਹੋਰ ਨੌਜਵਾਨਾਂ ਤੇ ਲੋਕਾਂ ਨੂੰ .ਗਦਾਰ ਐਲਾਨਿਆ ਹੈ। ਜਿਸ ਕਰਕੇ ਸੋਸ਼ਲ ਮੀਡੀਆ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਅਖੌਤੀ ਆਗੂਆਂ ਦਾ ਭਾਰੀ ਵਿਰੋਧ ਹੋ ਰਿਹਾ ਹੈ ਅਤੇ ਦੀਪ ਸਿੱਧੂ, ਲੱਖਾ ਸਿਧਾਣਾ ਤੇ ਹੋਰਾਂ ਸੰਘਰਸ਼ਸ਼ੀਲ ਯੋਧਿਆਂ ਦੇ ਹੱਕ 'ਚ ਇੱਕ ਵੱਡੀ ਲਹਿਰ ਖੜ੍ਹੀ ਹੋ ਚੁੱਕੀ ਹੈ। ਲੱਖਾ ਸਿਧਾਣਾ ਅਤੇ ਦੀਪ ਸਿੱਧੂ ਦੇ ਪਿੰਡਾਂ ਦੇ ਲੋਕ ਉਨ੍ਹਾਂ ਦੇ ਸਮਰਥਨ ਵਿਚ ਨਿੱਤਰ ਆਏ ਹਨ।

ਕਿਸਾਨ ਯੂਨੀਅਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਦਾ .ਫੈਸਲਾ ਕੋਈ ਇਲਾਹੀ ਹੁਕਮ ਨਹੀਂ ਹੈ ਜੋ ਲੋਕ ਉਹਨਾਂ ਦੇ ਕਹਿਣ 'ਤੇ ਮੰਨ ਲੈਣਗੇ। ਦੀਪ ਸਿੱਧੂ, ਲੱਖਾ ਸਿਧਾਣਾ ਅਤੇ ਡਾ. ਸੁਖਪ੍ਰੀਤ ਸਿੰਘ ਉਦੋਕੇ ਉਹ ਯੋਧੇ ਹਨ ਜਿਨ੍ਹਾਂ ਨੇ ਪਹਿਲੇ ਦਿਨ ਤੋਂ ਹੀ ਕਿਸਾਨੀ ਸੰਘਰਸ਼ ਦਾ ਸਾਥ ਦਿੱਤਾ, ਨੌਜਵਾਨਾਂ ਨੂੰ ਲਾਮਬੰਦ ਕੀਤਾ, ਇੱਕ ਲਹਿਰ ਖੜ੍ਹੀ ਕੀਤੀ, ਸ਼ਹਿਰੀ ਭਾਈਚਾਰੇ ਨੂੰ ਕਿਸਾਨਾਂ ਦੇ ਸਮਰਥਨ 'ਚ ਲਿਆਂਦਾ। ਦੀਪ ਸਿੱਧੂ ਆਪਣਾ ਕੈਰੀਅਰ, ਭਵਿੱਖ ਤੇ ਫਿਲਮੀ ਕੰਮ-ਕਾਜ ਛੱਡ ਕੇ ਤੇ ਪੰਜਾਬ ਪ੍ਰਤੀ ਆਪਣੀ ਜ਼ਿੰਮੇਵਾਰੀ ਪਛਾਣ ਕੇ ਉਹ ਕਿਸਾਨਾਂ ਲਈ ਡਟਿਆ। ਪੰਜਾਬ-ਹਰਿਆਣਾ ਦੀ ਹੱਦ 'ਤੇ ਸ਼ੰਭੂ ਮੋਰਚਾ ਲਾ ਕੇ ਉਸ ਨੇ ਪੰਜਾਬ ਦੇ ਨੌਜਵਾਨਾਂ ਨੂੰ ਇੱਕ ਪਲ਼ੈਟਫਾਰਮ ਦਿੱਤਾ, ਕਿਸਾਨੀ ਸੰਘਰਸ਼ ਦੀ ਵੱਡੀ ਵਿਆਖਿਆ ਕੀਤੀ, ਉਸ ਨੇ ਕਿਸਾਨੀ ਸੰਘਰਸ਼ ਨੂੰ ਪੰਜਾਬ ਦੀ ਅਣਖ਼, ਹੋਂਦ ਤੇ ਆਰਥਿਕਤਾ ਦੀ ਜੰਗ ਦੱਸੀ, ਉਸ ਨੇ ਪੰਜਾਬ ਅਤੇ ਕਿਸਾਨਾਂ ਦੇ ਸੁਨਹਿਰੀ ਭਵਿੱਖ ਲਈ ਪੰਜਾਬ ਦੀ ਖ਼ੁਦਮੁਖਤਿਆਰੀ ਦਾ ਮੁੱਦਾ ਚੁੱਕਿਆ।

26 ਨਵੰਬਰ 2020 ਨੂੰ ਦੀਪ ਸਿੱਧੂ ਕਿਸਾਨ ਯੂਨੀਅਨਾਂ ਦੇ ਪ੍ਰੋਗਰਾਮ 'ਤੇ ਫੁੱਲ ਚੜ੍ਹਾਉਂਦਿਆਂ ਦਿੱਲੀ ਚਲੋ ਮਾਰਚ 'ਚ ਸ਼ਾਮਲ ਹੋਇਆ, ਪੁਲਿਸ ਨਾਲ ਜੂਝਿਆ, ਬੈਰੀਕੇਡ ਤੋੜੇ ਤੇ ਨੌਜਵਾਨਾਂ ਦੀ ਉਸ ਨੇ ਅਗਵਾਈ ਕੀਤੀ ਤੇ ਦੂਜੇ ਪਾਸਿਓਂ ਲੱਖਾ ਸਿਧਾਣਾ ਨਿੱਤਰਿਆ। ਫਿਰ ਸਿੰਘੂ ਬਾਰਡਰ 'ਤੇ ਆ ਕੇ ਇਨ੍ਹਾਂ ਨੇ ਕੋਈ ਵੱਖਰੀ ਸਟੇਜ ਨਹੀਂ ਲਾਈ ਭਾਵੇਂ ਕਿ ਦੀਪ ਸਿੱਧੂ ਉੱਤੇ ਪਾਬੰਦੀ ਲਾਈ ਗਈ ਕਿ ਉਹ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਨਹੀਂ ਬੋਲ ਸਕਦਾ, ਪਰ ਫਿਰ ਵੀ ਉਹ ਸਬਰ 'ਚ ਰਿਹਾ ਤੇ ਉਸ ਨੇ ਕਦੇ ਵੀ ਕੋਈ ਵੱਖਰਾ ਪ੍ਰੋਗਰਾਮ ਨਹੀਂ ਦਿੱਤਾ।

ਬਾਕੀ ਸਫ਼ਾ 30 'ਤੇ



# ਮੋਦੀ ਸਰਕਾਰ ਸਟੇਟ ਦੇ ਡੰਡੇ ਨਾਲ ਕਿਸਾਨੀ ਸੰਘਰਸ਼ ਕੁਚਲਨ ਲੱਗੀ

**✪ ਕਿਸਾਨਾਂ ਨੂੰ ਦੁਸ਼ਮਣ ਨੰਬਰ ਇਕ ਸਮਝੀ ਬੈਠੀ ਹੈ ਕੇਂਦਰ ਸਰਕਾਰ-ਕਿਸਾਨ ਆਗੂ ✪ ਪ੍ਰਧਾਨ ਮੰਤਰੀ ਜੀ, ਆਪਣੇ ਕਿਸਾਨਾਂ ਨਾਲ ਹੀ ਯੁੱਧ ਕਿਉਂ : ਪ੍ਰਿਅੰਕਾ**

**ਨਵੀਂ ਦਿੱਲੀ /ਏ.ਟੀ.ਨਿਊਜ਼:** ਗਾਜ਼ੀਪੁਰ ਵਿਚ ਪਿਛਲੇ ਵੀਰਵਾਰ ਦੀ ਸ਼ਾਮ ਕਿਸਾਨਾਂ ਦੇ ਇਕੱਠ ਨੂੰ ਖਦੇੜਨ ਲਈ ਪੁਲਿਸ ਪਹੁੰਚੀ। ਇਹ ਕਿਸਾਨ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਹਨ। ਸਰਕਾਰ ਲਗਾਤਾਰ ਖੇਤੀ ਕਾਨੂੰਨਾਂ ਨੂੰ ਸਹੀ ਦਰਸਾਉਂਦੀ ਹੋਈ ਇਹ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਗੁਮਰਾਹ ਕੀਤਾ ਗਿਆ ਹੈ। ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਪਹੁੰਚਣ ਤੋਂ ਵੀ ਰੋਕਿਆ ਅਤੇ ਦਿੱਲੀ ਵਿਚ ਰਾਮ ਲੀਲ੍ਹਾ ਮੈਦਾਨ ਜਾਂ ਜੰਤਰ-ਮੰਤਰ ਵਿਚ ਮੁਜ਼ਾਹਰਾ ਕਰਨ ਤੋਂ ਵੀ। ਸਰਕਾਰ ਕਿਸਾਨਾਂ ਨੂੰ ਸਿੰਘੂ, ਟਿੱਕਰੀ, ਗਾਜ਼ੀਪੁਰ, ਸ਼ਾਹਜਹਾਨਪੁਰ ਤੇ ਹੋਰ ਥਾਵਾਂ ਤੋਂ ਉਠਾਉਣਾ ਚਾਹੁੰਦੀ ਹੈ ਅਤੇ ਇਸ ਤਰ੍ਹਾਂ ਪੁਲਿਸ ਦੇ ਗਾਜ਼ੀਪੁਰ ਆਉਣ ਨੂੰ ਸੁਭਾਵਕ ਸਰਕਾਰੀ ਕਾਰਵਾਈ ਹੈ। ਉੱਥੇ ਭਾਰਤੀ ਕਿਸਾਨ ਯੂਨੀਅਨ ਦਾ ਆਗੂ ਰਾਕੇਸ਼ ਟਿਕੈਤ ਵੀ ਹਾਜ਼ਰ ਸੀ ਅਤੇ ਉਸ ਨੇ ਕਿਹਾ ਕਿ ਉਹ ਅਤੇ ਉਸ ਦੇ ਸਾਥੀ ਪੁਲੀਸ ਦੀਆਂ ਲਾਠੀਆਂ ਖਾਣ ਲਈ ਤਿਆਰ ਹਨ ਪਰ ਨਾਲ ਹੀ ਉਸ ਨੇ ਕਿਹਾ ਕਿ ਉਹ ਦੇਖ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਇਕ ਆਗੂ ਅਤੇ ਉਸ ਦੇ ਹਮਾਇਤੀ ਕਿਸਾਨਾਂ 'ਤੇ ਹਮਲਾ ਕਰਨ ਆਏ ਹੋਏ ਹਨ। ਰਾਕੇਸ਼ ਟਿਕੈਤ ਭਾਵੁਕ ਹੋ ਗਿਆ। ਉਸ ਦੀਆਂ ਅੱਖਾਂ 'ਚੋਂ ਹੰਝੂ ਡਿੱਗੇ ਅਤੇ ਉਸ ਨੇ ਐਲਾਨ ਕੀਤਾ ਕਿ ਕਿਸਾਨ ਆਪਣੀ ਥਾਂ ਛੱਡ ਕੇ ਨਹੀਂ ਜਾਣਗੇ।

ਇਸੇ ਤਰ੍ਹਾਂ ਕੁਝ ਹੁੱਲੜਬਾਜ਼ਾਂ ਨੇ ਡਾਂਗਾਂ-ਸੋਟਿਆਂ ਨਾਲ ਸਿੰਘੂ ਬਾਰਡਰ 'ਤੇ ਸ਼ਾਂਤਮਈ ਢੰਗ ਨਾਲ ਬੈਠੇ ਕਿਸਾਨਾਂ 'ਤੇ ਹਮਲਾ ਕਰ ਦਿੱਤਾ। ਇਨ੍ਹਾਂ ਸ਼ਰਾਰਤੀ ਅਨਸਰਾਂ ਨੇ ਕਿਸਾਨਾਂ ਦੇ ਪਿੰਡਿਆਂ 'ਤੇ ਡਾਂਗਾਂ-ਸੋਟਿਆਂ ਦਾ ਮੀਂਹ ਵਰਸਾ ਦਿੱਤਾ। ਕਿਸਾਨ ਸ਼ਾਂਤਮਈ ਢੰਗ ਨਾਲ ਬੈਠੇ ਵਾਹਿਗੁਰੂ/ਪ੍ਰਭੂ ਦਾ ਜਾਪ ਕਰਦੇ ਰਹੇ। ਸ਼ਾਂਤਮਈ ਰਹਿਣਾ ਇਸ ਅੰਦੋਲਨ ਦੀ ਤਾਕਤ ਬਣਿਆ ਹੈ ਅਤੇ ਕਿਸਾਨ ਆਗੂ ਤੇ ਕਿਸਾਨ ਸ਼ਾਂਤਮਈ ਰਹਿਣ ਲਈ ਵਚਨਬੱਧ ਹਨ। ਸਥਾਨਕ ਲੋਕ ਹੁਣ ਵੀ ਕਿਸਾਨਾਂ ਦੇ ਨਾਲ ਹਨ। ਸਵਾਲ ਇਹ ਹੈ ਕਿ ਇਹ ਹਿੰਸਕ ਤੇ ਹਮਲਾਵਰ ਗੁੰਡੇ ਕੌਣ ਸਨ। ਇਨ੍ਹਾਂ ਹੁੱਲੜਬਾਜ਼ਾਂ ਨੂੰ ਉੱਥੇ ਕੌਣ ਲਿਆਇਆ। ਤੀਸਰਾ ਸਵਾਲ ਪੁਲਿਸ ਦੀ ਭੂਮਿਕਾ ਬਾਰੇ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਪੁਲਿਸ ਤਾਇਨਾਤ ਹੋਣ ਦੇ ਬਾਵਜੂਦ ਇਹ ਸ਼ਰਾਰਤੀ ਅਨਸਰ,



ਜਿਨ੍ਹਾਂ ਦਾ ਵਿਹਾਰ ਗੁੰਡਿਆਂ ਵਾਲਾ ਸੀ, ਕਿਸਾਨਾਂ ਦੇ ਇਕੱਠ ਤੱਕ ਕਿਵੇਂ ਪਹੁੰਚੇ, ਪੁਲਿਸ ਨੇ ਉਨ੍ਹਾਂ ਨੂੰ ਰੋਕਿਆ ਕਿਉਂ ਨਾ? ਇਹ ਸਵਾਲ ਵੱਡੀ ਤਫ਼ਤੀਸ਼ ਦੀ ਮੰਗ ਕਰਦਾ ਹੈ। ਫਰਵਰੀ 2020 ਵਿਚ ਦਿੱਲੀ ਵਿਚ ਸ਼ਾਹੀਨ ਬਾਗ ਵਿਚ ਦਸੰਬਰ 2019 ਤੋਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪੁਰਅਮਨ ਧਰਨਾ ਦਿੱਤਾ ਜਾ ਰਿਹਾ ਸੀ। ਸ਼ਾਹੀਨ ਬਾਗ ਦੀਆਂ ਨਾਨੀਆਂ, ਦਾਦੀਆਂ ਅਤੇ ਹਰ ਉਮਰ ਦੀਆਂ ਔਰਤਾਂ ਇਸ ਦੀ ਅਗਵਾਈ ਕਰ ਰਹੀਆਂ ਸਨ। ਇਸ ਅੰਦੋਲਨ ਵਿਚ ਹਰ ਧਰਮ ਦੇ ਨੌਜਵਾਨਾਂ, ਵਿਦਿਆਰਥੀਆਂ, ਚਿੰਤਕਾਂ, ਕਲਾਕਾਰਾਂ, ਵਿਦਵਾਨਾਂ ਅਤੇ ਸਭ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ। ਅਚਨਚੇਤ 23 ਫਰਵਰੀ, 2020 ਨੂੰ ਉੱਤਰ-ਪੂਰਬੀ ਦਿੱਲੀ ਵਿਚ ਭਾਜਪਾ ਆਗੂ ਕਪਿਲ ਮਿਸ਼ਰਾ ਉਸ ਜ਼ਿਲ੍ਹੇ ਦੇ ਪੁਲਿਸ ਮੁਖੀ ਦੀ ਹਾਜ਼ਰੀ ਵਿਚ ਪ੍ਰਗਟ ਹੁੰਦਾ ਹੈ ਅਤੇ ਧਮਕੀ ਦਿੰਦਾ ਹੈ ਕਿ ਜੇ ਅੰਦੋਲਨਕਾਰੀ ਅੰਦੋਲਨ ਕਰਨ ਤੋਂ ਨਾ ਹਟੇ ਤਾਂ ਉਹ ਉਨ੍ਹਾਂ ਨੂੰ ਹਟਾਉਣਗੇ। ਇਹ 'ਉਹ' ਕੌਣ ਹਨ? ਨਤੀਜਾ ਇਹ ਨਿਕਲਦਾ ਹੈ ਕਿ ਦਿੱਲੀ ਵਿਚ ਫ਼ਿਰਕੂ ਹਿੰਸਾ ਭੜਕ ਉੱਠਦੀ ਹੈ। ਕਤਲੋਗਾਰਤ ਅਤੇ ਅਗਜਨੀ ਦੀਆਂ ਘਟਨਾਵਾਂ ਵਿਚ 53 ਜਾਨਾਂ ਗਈਆਂ ਅਤੇ ਸੈਂਕੜੇ ਲੋਕ ਬੇਘਰ ਹੋ ਗਏ।

ਪੁਲਿਸ ਇਸ ਹਿੰਸਾ ਨੂੰ ਭੜਕਾਉਣ ਦਾ ਦੋਸ਼ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਦੇ ਸਿਰ 'ਤੇ ਮੜ੍ਹਦੀ ਹੈ। ਵਿਦਿਆਰਥੀ ਆਗੂਆਂ ਨੂੰ ਜੇਲ੍ਹ ਵਿਚ ਡੱਕਿਆ ਜਾਂਦਾ ਹੈ ਅਤੇ ਵਿਦਵਾਨਾਂ ਤੇ ਸਮਾਜਿਕ ਕਾਰਕੁਨਾਂ ਤੋਂ ਪੁੱਛਗਿੱਛ ਕੀਤੀ ਜਾਂਦੀ ਹੈ ਪਰ ਉਹ ਸ਼ਰਾਰਤੀ ਅਨਸਰ ਜਿਹੜੇ ਕਪਿਲ ਮਿਸ਼ਰਾ ਦੇ ਪਿੱਛੇ ਖੜ੍ਹੇ ਸਨ, ਜਿਨ੍ਹਾਂ ਨੇ ਹਿੰਸਾ ਦੀ ਅੱਗ ਭੜਕਾਈ, ਦੀ ਸ਼ਨਾਖ਼ਤ ਨਹੀਂ ਹੁੰਦੀ। ਉਨ੍ਹਾਂ ਭਾਜਪਾ ਆਗੂਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ ਜਿਨ੍ਹਾਂ ਨੇ 'ਦੇਸ਼ ਕੇ ਗ਼ੱਦਾਰੋਂ ਕੋ, ਗੋਲੀ ਮਾਰੋ ਕੋ' ਜਿਹੇ ਨਾਅਰੇ ਲਾਏ। ਅਜਿਹੇ ਨਾਅਰੇ ਹੁਣ ਵੀ ਲਗ ਰਹੇ ਹਨ।

ਸਵਾਲ ਇਹ ਹੈ ਕਿ ਇਹ ਸ਼ਰਾਰਤੀ ਅਨਸਰ ਇੰਨੇ ਬੇਪਛਾਣ ਕਿਉਂ ਹਨ; ਲੋਕਾਂ ਤੋਂ ਇਨ੍ਹਾਂ ਹੁੱਲੜਬਾਜ਼ਾਂ ਦੇ ਚਿਹਰੇ ਕੌਣ ਲੁਕਾਉਂਦਾ ਹੈ? ਕੌਣ ਇਨ੍ਹਾਂ ਸ਼ਰਾਰਤੀ ਤੱਤਾਂ ਗੁੰਡਿਆਂ ਦੀ ਮਦਦ ਕਰਦਾ ਅਤੇ ਬਚਾਉਂਦਾ ਹੈ?

ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਦੀਪ ਸਿੰਘ ਵਾਲਾ, ਭਾਕਿਯੂ ਰਾਜੇਵਾਲ ਦੇ ਪ੍ਰਗਟ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਅੰਨਦਾਤੇ ਕਿਸਾਨ ਨਾਲ ਬੇਹੱਦ ਮਾੜਾ ਸਲੂਕ ਕੀਤਾ ਜਾ ਰਿਹਾ ਹੈ। ਸਰਕਾਰ ਕਿਸਾਨਾਂ ਨੂੰ ਆਪਣੇ ਨਹੀਂ ਬਲਕਿ ਦੁਸ਼ਮਣ ਨੰਬਰ ਇਕ ਸਮਝੀ ਬੈਠੀ ਹੈ।

### ਪ੍ਰਿਅੰਕਾ ਵੱਲੋਂ ਸਰਕਾਰ ਦੀ ਆਲੋਚਨਾ

ਦਿੱਲੀ ਦੇ ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਬਾਰਡਰ 'ਤੇ ਪੁਲਿਸ ਲਗਾਤਾਰ ਸੁਰੱਖਿਆ ਵਿਵਸਥਾ ਵਧਾਉਂਦੀ ਜਾ ਰਹੀ ਹੈ . ਇੱਥੇ ਤਿੱਖੀਆਂ ਤਾਰਾਂ ਨਾਲ ਬੈਰੀਕੇਡਿੰਗ ਕੀਤੀ ਗਈ। ਕੰਕਰੀਟ ਨਾਲ ਕੰਧਾਂ ਬਣਾ ਦਿੱਤੀਆਂ ਗਈਆਂ, ਤਿੱਖੀਆਂ ਕਿੱਲਾਂ ਜ਼ਮੀਨ 'ਚ ਗੱਡ ਦਿੱਤੀਆਂ ਗਈਆਂ ਹਨ ਤਾਂ ਕਿ ਕਿਸਾਨ ਅਤੇ ਉਨ੍ਹਾਂ ਦੇ ਟਰੈਕਟਰ ਦਿੱਲੀ 'ਚ ਦਾਖ਼ਲ ਨਾ ਕਰ ਸਕਣ। ਇਸ ਦੀਆਂ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕਰਕੇ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਇਆ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਟਵੀਟ ਕੀਤਾ, 'ਭਾਰਤ ਸਰਕਾਰ, ਤੁਸੀਂ ਪੁਲ ਬਣਾਓ ਕੰਧਾਂ ਨਹੀਂ, ਰਾਹੁਲ ਗਾਂਧੀ ਦੇ ਟਵੀਟ ਕਰਨ ਤੋਂ ਕੁਝ ਦੇਰ ਬਾਅਦ ਹੀ ਪ੍ਰਿਅੰਕਾ ਗਾਂਧੀ ਨੇ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਲਾਇਆ। ਪ੍ਰਿਅੰਕਾ ਗਾਂਧੀ ਨੇ ਕਿਸਾਨਾਂ ਨੂੰ ਰੋਕਣ ਲਈ ਕੀਤੀ ਗਈ ਬੈਰੀਕੇਡਿੰਗ ਦਾ ਇੱਕ ਵੀਡੀਓ ਸ਼ੇਅਰ ਕਰਦੇ ਹੋਏ ਹਮਲਾ ਬੋਲਿਆ। ਪ੍ਰਿਅੰਕਾ ਨੇ ਵੀਡੀਓ ਦੇ ਨਾਲ ਕੈਪਸ਼ਨ 'ਚ ਲਿਖਿਆ, 'ਪ੍ਰਧਾਨ ਮੰਤਰੀ ਜੀ, ਆਪਣੇ ਕਿਸਾਨਾਂ ਨਾਲ ਹੀ ਯੁੱਧ?'

# ਕਿਸਾਨ ਅੰਦੋਲਨ ਦੇ ਬੁਨਿਆਦੀ ਕਿਰਦਾਰ ਅਤੇ ਮੋਦੀ ਸਰਕਾਰ

**ਅਭੈ ਕੁਮਾਰ**

26 ਤੋਂ 28 ਜਨਵਰੀ ਦਰਮਿਆਨ ਦਿੱਲੀ ਵਿਚ ਜੋ ਕੁਝ ਹੋਇਆ, ਉਹ ਕਿਸਾਨ ਅੰਦੋਲਨ ਦੇ ਬੁਨਿਆਦੀ ਕਿਰਦਾਰ ਅਤੇ ਮੋਦੀ ਸਰਕਾਰ ਵੱਲੋਂ ਉਸ ਪ੍ਰਤੀ ਅਪਨਾਏ ਗਏ ਰਵੱਈਏ 'ਤੇ ਡੂੰਘੀ ਵਿਚਾਰ-ਚਰਚਾ ਦੀ ਮੰਗ ਕਰਦਾ ਹੈ। ਇਸ ਘਟਨਾ ਚੱਕਰ ਤੋਂ ਨਿਕਲ ਕੇ ਸਾਹਮਣੇ ਇਹ ਗੱਲ ਆਈ ਹੈ ਕਿ ਜੇਕਰ ਕਿਸੇ ਆਰਥਿਕ ਮੰਗਾਂ ਵਾਲੇ 'ਧਰਮ-ਨਿਰਪੱਖ' ਅਤੇ ਗ਼ੈਰ-ਧਾਰਮਿਕ ਅੰਦੋਲਨ ਦੇ ਪਿੱਛੇ ਧਰਮ ਅਤੇ ਭਾਈਚਾਰੇ ਦਾ ਸਮਰਥਨ ਹੋਵੇ ਅਤੇ ਸ਼ਕਤੀ ਹੋਵੇ ਤਾਂ ਉਸ ਨੂੰ ਸਰਬ-ਸ਼ਕਤੀਮਾਨ ਸਰਕਾਰ ਅਤੇ ਉਸ ਦੇ ਸਮਰਥਕ ਮੀਡੀਆ ਵੱਲੋਂ ਵੀ ਹਰਾਉਣਾ ਸੌਖਾ ਨਹੀਂ ਹੁੰਦਾ। ਅਜਿਹਾ ਅੰਦੋਲਨ ਵਿਰੋਧ ਦੀਆਂ ਉਨ੍ਹਾਂ ਹੱਦਾਂ ਦੇ ਮੁਕਾਬਲੇ ਜ਼ਿਆਦਾ ਟਿਕਾਊ ਹੁੰਦਾ ਹੈ, ਜੋ ਕਿਸਾਨਾਂ-ਮਜ਼ਦੂਰਾਂ-ਕਰਮਚਾਰੀਆਂ-ਵਿਦਿਆਰਥੀਆਂ-ਨੌਜਵਾਨਾਂ-ਔਰਤਾਂ-ਦਲਿਤਾਂ ਆਦਿ ਦੇ ਨਾਂਅ 'ਤੇ ਅਕਸਰ ਕੀਤਾ ਜਾਂਦਾ ਹੈ।

ਗਣਤੰਤਰ ਦਿਵਸ 'ਤੇ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਅੰਦੋਲਨਕਾਰੀਆਂ ਦੇ ਇਕ ਧੜੇ ਵੱਲੋਂ ਤੈਅ ਸ਼ੁਦਾ ਪ੍ਰੋਗਰਾਮ ਅਤੇ ਰਾਹ ਨੂੰ ਛੱਡਦਿਆਂ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਅੰਦੋਲਨਕਾਰੀਆਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ਸਰਕਾਰ ਨੂੰ ਲੱਗਾ ਕਿ ਇਸ ਵਾਰਦਾਤ ਦਾ ਲਾਭ ਉਠਾ ਕੇ ਉਹ ਕਿਸਾਨਾਂ ਨੂੰ ਦਿੱਲੀ ਦੀਆਂ ਸਰਹੱਦਾਂ ਤੋਂ ਹਟਾ ਸਕਦੀ ਹੈ। ਇਸ ਲਈ ਉਸ ਨੇ ਤਿੰਨ ਤਰ੍ਹਾਂ ਦੇ ਕਦਮ ਚੁੱਕੇ। ਸਭ ਤੋਂ ਪਹਿਲਾਂ ਤਾਂ ਰਾਤ ਵਿਚ ਸਰਹੱਦਾਂ 'ਤੇ ਕਿਸਾਨਾਂ ਦੇ ਇਕੱਠ ਨੂੰ ਮਿਲਣ ਵਾਲੀਆਂ ਸਹੂਲਤਾਂ (ਬਿਜਲੀ, ਪਾਣੀ, ਆਦਿ) ਬੰਦ ਕਰ ਦਿੱਤੀਆਂ ਗਈਆਂ। ਦੂਜਾ, ਸਵੇਰ ਹੁੰਦਿਆਂ ਹੀ ਇਨ੍ਹਾਂ ਸਰਹੱਦਾਂ 'ਤੇ ਸੁਰੱਖਿਆ ਬਲਾਂ ਦੀ ਗਿਣਤੀ ਕਈ ਗੁਣਾ ਵਧਾ ਦਿੱਤੀ ਗਈ ਅਤੇ ਪ੍ਰਸ਼ਾਸਨ ਨੇ ਧਰਨਾ ਦੇ ਰਹੇ ਕਿਸਾਨਾਂ ਨੂੰ ਅਲਟੀਮੇਟਮ ਦੇ ਦਿੱਤਾ ਕਿ ਉਹ ਸਰਹੱਦਾਂ ਨੂੰ ਖ਼ਾਲੀ ਕਰ ਦੇਣ, ਨਹੀਂ ਤਾਂ ਉਨ੍ਹਾਂ ਨੂੰ ਬਲ ਦੀ ਵਰਤੋਂ ਕਰਕੇ ਹਟਾ ਦਿੱਤਾ ਜਾਵੇਗਾ। ਤੀਜਾ, ਭਾਜਪਾ ਵਰਕਰਾਂ ਤੋਂ ਕਿਸਾਨਾਂ ਖ਼ਿਲਾਫ਼ ਹਿੰਸਕ ਪ੍ਰਦਰਸ਼ਨ ਕਰਵਾਏ ਗਏ ਅਤੇ ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਕਿ ਲਾਲ ਕਿਲੇ 'ਤੇ ਹੋਏ ਤਿਰੰਗੇ ਦੇ ਕਥਿਤ ਅਪਮਾਨ ਨੂੰ ਲੋਕਾਂ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ। ਇਹ ਪ੍ਰਦਰਸ਼ਨਕਾਰੀ ਖੁੱਲ ਕੇ ਕਿਸਾਨਾਂ ਨੂੰ ਖਾਲਿਸਤਾਨੀ ਏਜੰਟ ਕਹਿ ਰਹੇ ਸਨ ਅਤੇ ਅੰਨਾ ਵੀ ਵੇਖ ਸਕਦਾ ਸੀ ਕਿ ਪੁਲਿਸ ਕਿਸ ਤਰ੍ਹਾਂ ਉਨ੍ਹਾਂ ਦੀ ਮਦਦ ਕਰ ਰਹੀ ਹੈ। ਇਹ ਵੀ ਕਿ ਲਾਲ ਕਿਲੇ ਵਾਲੀ ਘਟਨਾ ਵਿਚ ਜ਼ਖ਼ਮੀ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਵੀ ਪ੍ਰਦਰਸ਼ਨ ਵਿਚ ਉਤਾਰ ਦਿੱਤਾ ਗਿਆ। ਸਰਕਾਰ ਨੂੰ ਉਮੀਦ ਸੀ ਕਿ ਇਸ ਤਿੰਨ ਪਾਸੜ ਰਣਨੀਤੀ ਨਾਲ ਕਿਸਾਨਾਂ 'ਤੇ ਜ਼ਬਰਦਸਤ ਦਬਾਅ ਪਵੇਗਾ ਅਤੇ ਲਾਲ ਕਿਲੇ ਵਾਲੀ ਘਟਨਾ ਨਾਲ ਅੰਦੋਲਨ ਵਿਚ ਜੋ ਨਿਰਾਸ਼ਾ ਆਈ ਹੈ, ਉਸ ਦਾ ਲਾਭ ਮਿਲੇਗਾ।

ਪਰ 24 ਘੰਟਿਆਂ ਵਿਚ ਬਾਜ਼ੀ ਪਲਟ ਗਈ। ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਉਣ ਤੋਂ ਸਰਕਾਰ ਨੂੰ ਲੱਗਣ ਲੱਗਾ ਸੀ ਕਿ ਸਾਰੇ ਪੱਤੇ ਉਸ ਦੇ ਹੱਥਾਂ ਵਿਚ ਆ ਗਏ ਹਨ। ਇਸ ਨਾਲ ਉਹ ਜੋਸ਼ ਵਿਚ ਆ ਗਈ ਅਤੇ ਗਰਮ ਲੋਹੇ 'ਤੇ ਜ਼ੋਰ ਨਾਲ ਸੱਟ ਮਾਰਨ ਦੇ ਚੱਕਰ ਵਿਚ ਉਸ ਨੇ ਖ਼ੁਦ ਆਪਣੇ ਆਪ ਨੂੰ ਜ਼ਖ਼ਮੀ ਕਰ ਲਿਆ। ਹੋਇਆ ਇਹ ਕਿ ਗਾਜ਼ੀਪੁਰ ਸਰਹੱਦ 'ਤੇ ਜਦੋਂ ਤੱਕ ਪੁਲਿਸ ਵਾਲੇ ਧਰਨਾ ਦੇਣ ਵਾਲੇ ਕਿਸਾਨਾਂ 'ਤੇ ਦਬਾਅ ਪਾ ਰਹੇ ਸਨ, ਉਦੋਂ ਤੱਕ ਤਾਂ ਪਲੜਾ ਸਰਕਾਰ ਦੇ ਪੱਖ ਵਿਚ ਝੁਕਿਆ ਹੋਇਆ ਸੀ। ਕਿਸਾਨ ਨੇਤਾ ਰਾਕੇਸ਼ ਟਿਕੈਤ ਅਤੇ ਉਨ੍ਹਾਂ ਦੇ ਸਾਥੀ ਪ੍ਰਸ਼ਾਸਨ ਨਾਲ ਗੱਲਬਾਤ ਦੌਰਾਨ ਆਪਣੀਆਂ ਗ੍ਰਿਫ਼ਤਾਰੀਆਂ ਦੇਣ ਲਈ ਤਿਆਰ ਹੋ ਗਏ ਸਨ। ਅਜਿਹਾ ਲੱਗ ਰਿਹਾ ਸੀ ਕਿ ਥੋੜੀ ਹੀ ਦੇਰ ਵਿਚ ਇਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ ਹੋ ਜਾਵੇਗੀ ਅਤੇ ਕੌਮੀ ਸ਼ਾਹਰਾਹ 24 ਖ਼ਾਲੀ ਕਰਵਾ ਲਿਆ ਜਾਵੇਗਾ। ਪਰ ਉਦੋਂ ਹੀ ਸਰਹੱਦਾਂ ਦੇ ਆਲ੍ਹੇ ਦੁਆਲੇ ਦੇ ਇਲਾਕਿਆਂ ਤੋਂ ਚੁਣੇ ਗਏ ਭਾਜਪਾ ਦੇ ਦੋ ਵਿਧਾਇਕਾਂ ਨੇ ਆਪਣੇ ਹਥਿਆਰਬੰਦ ਸਮਰਥਕਾਂ ਨਾਲ ਆ ਕੇ ਸਥਿਤੀ ਵਿਚ ਦਖ਼ਲਅੰਦਾਜ਼ੀ ਕੀਤੀ। ਇਹ ਲੋਕ ਸਰਕਾਰੀ ਪਾਰਟੀ ਦੇ ਸਨ ਪਰ ਸਰਕਾਰ ਅਤੇ ਪ੍ਰਸ਼ਾਸਨ ਦੇ ਨੁਮਾਇੰਦੇ ਨਹੀਂ ਸਨ। ਗੱਲ ਵਿਗੜ ਗਈ। ਟਿਕੈਤ ਨੇ ਮੰਚ 'ਤੇ ਆ ਕੇ ਹੱਟਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਲੱਗਾ ਕਿ ਜੇਕਰ ਉਹ ਗ੍ਰਿਫ਼ਤਾਰੀ ਦੇ ਕੇ ਮੌਕੇ ਤੋਂ ਚਲੇ ਗਏ ਤਾਂ ਭਾਜਪਾ ਦੇ ਹਥਿਆਰਬੰਦ ਲੋਕ ਉੱਥੇ ਹਾਜ਼ਰ ਬਾਕੀ ਕਿਸਾਨਾਂ ਨਾਲ ਰੱਜ ਕੇ ਕੁੱਟਮਾਰ ਕਰਨਗੇ। ਇਸ ਤੋਂ ਬਾਅਦ ਜੋ ਹੋਇਆ, ਉਹ ਇਤਿਹਾਸ ਬਣ ਗਿਆ। ਭਾਵੁਕ ਹੋਏ ਟਿਕੈਤ ਦੇ ਹੰਝੂਆਂ ਨੇ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਜਾਟ ਅਤੇ ਕਿਸਾਨ ਭਾਈਚਾਰੇ ਦੀਆਂ ਖਾਪ ਪੰਚਾਇਤਾਂ ਨੂੰ ਉਤੇਜਿਤ ਕਰ ਦਿੱਤਾ। ਵਿਸ਼ਾਲ ਮਹਾਂਪੰਚਾਇਤਾਂ ਦਾ ਦੌਰ ਚੱਲਿਆ। ਜੋ ਕਿਸਾਨ ਚਲੇ ਗਏ ਸਨ, ਉਹ ਤਾਂ ਵਾਪਸ ਅੰਦੋਲਨ ਵੱਲ ਪਰਤ ਹੀ ਆਏ ਸਗੋਂ ਹੋਰ ਕਿਸਾਨਾਂ ਨੇ ਵੀ ਅੰਦੋਲਨ ਵਾਲੀਆਂ ਥਾਵਾਂ 'ਤੇ ਆਪਣੀ ਮੌਜੂਦਗੀ ਨਾਲ ਕਿਸਾਨ ਅੰਦੋਲਨ ਵਿਚ ਨਵੀਂ ਊਰਜਾ ਭਰ ਦਿੱਤੀ। ਇਸ ਸਮੇਂ ਹਾਲਤ ਇਹ ਹੈ ਕਿ ਸਰਕਾਰ ਦੇ ਹੱਥਾਂ ਵਿਚ ਇਕ ਵੀ ਪੱਤਾ ਨਹੀਂ ਹੈ। ਉਸ ਦੇ ਰਣਨੀਤੀਕਾਰ ਨਹੀਂ ਕਹਿ ਸਕਦੇ ਕਿ ਹੁਣ ਇਹ ਅੰਦੋਲਨ ਕਿੰਨਾ ਸਮਾਂ ਹੋਰ ਚੱਲੇਗਾ? ਜੋ ਸਰਕਾਰ ਅਜੇ ਤੱਕ ਕਿਸਾਨਾਂ ਨਾਲ ਸਿੱਧੇ ਮੂੰਹ ਗੱਲਬਾਤ ਹੀ ਨਹੀਂ ਕਰ ਰਹੀ ਸੀ, ਉਸ ਨੂੰ ਮਜਬੂਰਨ ਸਰਬ ਪਾਰਟੀ ਮੀਟਿੰਗ ਸੱਦ ਕੇ ਸਮਝੌਤੇ ਦੀ ਪ੍ਰਕਿਰਿਆ ਨੂੰ ਹੋਰ ਵਿਸਤ੍ਰਿਤ ਬਣਾਉਣਾ ਪਿਆ।

80 ਦੇ ਦਹਾਕੇ ਵਿਚ ਰਾਕੇਸ਼ ਟਿਕੈਤ ਦੇ ਪਿਤਾ ਮਹਿੰਦਰ ਸਿੰਘ ਟਿਕੈਤ (ਜਿਨ੍ਹਾਂ ਨੂੰ ਮਹਾਤਮਾ ਟਿਕੈਤ ਦੇ ਨਾਂਅ ਨਾਲ ਵੀ ਪੁਕਾਰਿਆ ਜਾਂਦਾ ਸੀ) ਪੱਛਮੀ ਉੱਤਰ ਪ੍ਰਦੇਸ਼ ਦੇ ਜ਼ਬਰਦਸਤ ਕਿਸਾਨ ਨੇਤਾ ਬਣ ਕੇ ਉੱਭਰੇ ਸਨ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੀ ਤਤਕਾਲੀ ਵੀਰ ਬਹਾਦਰ ਸਿੰਘ ਸਰਕਾਰ ਨੂੰ ਆਪਣੇ ਸਾਹਮਣੇ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਸੀ। ਇਸੇ ਤਰ੍ਹਾਂ ਦਿੱਲੀ ਵਿਚ ਰਾਜੀਵ ਗਾਂਧੀ ਦੀ ਸਰਕਾਰ ਨੂੰ ਵੀ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਪਈਆਂ ਸਨ। ਟਿਕੈਤ ਦੇ ਕਿਸਾਨ ਅੰਦੋਲਨਕਾਰੀ ਜਿੱਥੇ ਬੈਠ ਜਾਂਦੇ ਸਨ, ਉੱਥੋਂ ਉਦੋਂ ਤੱਕ ਨਹੀਂ ਉੱਠਦੇ ਸਨ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਸਨ। ਮੈਨੂੰ ਯਾਦ ਹੈ ਕਿ ਉਸ ਸਮੇਂ 'ਜਨਸੱਤਾ' ਅਖ਼ਬਾਰ ਵਿਚ ਇਕ ਸੁਰਖ਼ੀ ਛਪੀ, 'ਟਿਕੇ ਰਹਿਣਗੇ ਟਿਕੈਤ' ਇਹ ਸੁਰਖ਼ੀ ਹਿੰਦੀ ਦੇ ਅਲੰਕਾਰ 'ਤੇ ਹੀ ਆਧਾਰਿਤ ਨਹੀਂ ਸੀ ਸਗੋਂ ਇਸ ਵਿਚ ਭਾਈਚਾਰਕ ਸ਼ਕਤੀ ਨਾਲ ਗ੍ਰਸਤ ਇਕ ਭਾਈਚਾਰੇ ਦੀ ਲੋਕਤੰਤਰੀ ਦ੍ਰਿੜਤਾ ਦਾ ਪ੍ਰਗਟਾਵਾ ਵੀ ਸੀ।

ਹੁਣ ਆਧੁਨਿਕ ਰਾਜਨੀਤੀ ਦੀ ਅਹਿਲਕਾਰੀ ਕਰਨ ਵਾਲੇ ਸਮੀਖਿਅਕਾਂ ਦੀਆਂ ਅੱਖਾਂ ਸਾਹਮਣੇ ਸਪੱਸ਼ਟ ਹੋ ਗਿਆ ਹੈ ਕਿ ਪਰੰਪਰਾ, ਭਾਈਚਾਰੇ ਅਤੇ ਧਰਮ ਤੋਂ ਨਿਕਲਣ ਵਾਲੀਆਂ ਤਾਕਤਾਂ ਨੂੰ ਗੈਰ ਧਾਰਮਿਕ ਅਤੇ ਗੈਰ ਭਾਈਚਾਰਕ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਇਸ ਅੰਦੋਲਨ ਤੋਂ ਪਹਿਲਾਂ ਹੁੰਦਾ ਇਹ ਸੀ ਕਿ ਭਾਈਚਾਰੇ ਆਪਣੇ ਹਿਤਾਂ ਲਈ ਹੋਣ ਵਾਲੇ ਅੰਦੋਲਨਾਂ ਲਈ ਸਰਗਰਮ ਹੁੰਦੇ ਸਨ। ਇਸ ਦੀ ਉਦਾਹਰਨ ਗੁੱਜਰਾਂ ਵੱਲੋਂ ਅਕਸਰ ਕੀਤਾ ਜਾਣ ਵਾਲਾ ਅੰਦੋਲਨ ਹੈ, ਜਿਸ ਵਿਚ ਉਹ ਆਪਣੇ ਭਾਈਚਾਰੇ ਨੂੰ ਓ.ਬੀ.ਸੀ. ਸ਼੍ਰੇਣੀ ਤੋਂ ਹਟਾ ਕੇ ਆਦਿ-ਵਾਸੀ ਰਾਖਵਾਂਕਰਨ ਦੀ ਸ਼੍ਰੇਣੀ ਵਿਚ ਪਾਉਣ ਦੀ ਮੰਗ ਕਰਦੇ ਦਿਖਾਈ ਦਿੰਦੇ ਹਨ। ਇਸੇ ਤਰ੍ਹਾਂ ਮਹਾਰਾਸ਼ਟਰ ਦੀਆਂ ਸੜਕਾਂ 'ਤੇ ਮਰਾਠਿਆਂ ਵੱਲੋਂ ਕੱਢੇ ਗਏ ਵਿਸ਼ਾਲ ਮੌਨ ਜਲੂਸਾਂ ਨੂੰ ਵੀ ਵੇਖਿਆ ਜਾ ਸਕਦਾ ਹੈ, ਜਿਸ ਵਿਚ ਉਹ ਆਪਣੇ ਲਈ ਰਾਖਵਾਂਕਰਨ ਦੀ ਮੰਗ ਕਰਦੇ ਹਨ। ਇਸ ਰਵੱਈਏ ਤੋਂ ਹਟਦਿਆਂ ਇਹ ਕਿਸਾਨ ਅੰਦੋਲਨ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਿਹਾ ਹੈ, ਜਿਸ ਦੇ ਦਾਇਰੇ ਵਿਚ ਮਹਾਰਾਸ਼ਟਰ, ਗੁਜਰਾਤ, ਕਰਨਾਟਕ, ਉੱਤਰਾਖੰਡ ਅਤੇ ਮੱਧ ਪ੍ਰਦੇਸ਼ ਦੇ ਕਿਸਾਨ ਵੀ ਆਉਂਦੇ ਹਨ। ਜੇਕਰ ਸਰਕਾਰ ਨੇ ਇਸ ਵਿਰੋਧ ਨੂੰ ਛੇਤੀ ਨਾ ਸਮਝਿਆ ਤਾਂ ਹੋ ਸਕਦਾ ਹੈ ਕਿ ਫਰਵਰੀ ਵਿਚ ਸਿਆਲ ਘੱਟ ਹੁੰਦਿਆਂ ਹੀ ਇਨ੍ਹਾਂ ਦੂਰ ਦੁਰਾਡੇ ਦੇ ਇਲਾਕਿਆਂ ਤੋਂ ਵੀ ਕਿਸਾਨ ਦਿੱਲੀ ਦੀਆਂ ਸਰਹੱਦਾਂ ਵੱਲ ਕੂਚ ਕਰਨ।

ਜੇਕਰ ਰਾਜਧਾਨੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਦੇ ਵਿਸ਼ਾਲ ਕਿਰਦਾਰ ਨੂੰ ਵੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੇ ਪਿੱਛੇ ਖਾਪ ਪੰਚਾਇਤਾਂ ਅਤੇ ਸਿੱਖ ਗੁਰਦੁਆਰਿਆਂ ਦੀ ਉਹ ਸੰਗਠਨ ਸ਼ਕਤੀ ਹੈ, ਜਿਸ ਲਈ ਇਹ ਭਾਈਚਾਰਾ ਅਤੇ ਧਰਮ ਪ੍ਰੰਪਰਾਗਤ ਰੂਪ ਨਾਲ ਜਾਣਿਆ ਜਾਂਦਾ ਹੈ। ਜੇਕਰ ਸਰਕਾਰ ਪਾਣੀ ਬੰਦ ਕਰ ਦੇਵੇਗੀ ਤਾਂ ਮੇਰੇ ਪਿੰਡ ਤੋਂ ਪਾਣੀ ਆ ਜਾਵੇਗਾ, ਇਹ ਦਾਅਵਾ ਕੋਈ ਉਦੋਂ ਹੀ ਕਰ ਸਕਦਾ ਹੈ ਜਦੋਂ ਉਸ ਨੂੰ ਪਤਾ ਹੋਵੇ ਕਿ ਉਸ ਦੇ ਪਿੱਛੇ ਕੌਣ ਖੜ੍ਹਾ ਹੈ। ਇਸੇ ਤਰ੍ਹਾਂ 9 ਵਾਰ ਕਿਸਾਨ ਭਵਨ ਜਾ ਕੇ ਸਰਕਾਰ ਨਾਲ ਗੱਲ ਕਰਨਾ ਅਤੇ ਇਕ ਵਾਰ ਵੀ ਸਰਕਾਰ ਦੀ ਚਾਹ ਅਤੇ ਭੋਜਨ ਨੂੰ ਸਵੀਕਾਰ ਨਾ ਕਰਨਾ, ਹਰ ਵਾਰ ਗੁਰਦੁਆਰੇ ਦੇ ਲੰਗਰ ਨਾਲ ਕਿਸਾਨ ਨੇਤਾਵਾਂ ਲਈ ਭੋਜਨ ਆਉਣਾ, ਇਹ ਵੀ ਅਜਿਹਾ ਹੀ ਪ੍ਰਤੀਕ ਹੈ।

ਇਹ ਘਟਨਾ ਚੱਕਰ ਸਾਨੂੰ ਮਹਾਤਮਾ ਗਾਂਧੀ ਦੀ ਵੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਉਪਨਿਵੇਸ਼ਵਾਦ ਵਿਰੋਧੀ ਆਪਣੇ ਅੰਦੋਲਨ ਵਿਚ ਲੋਕਾਂ ਨੂੰ ਇਕੱਠਾ ਕਰਨ ਲਈ ਆਪਣੇ ਵਿਅਕਤੀਤਵ ਦੇ ਧਾਰਮਿਕ ਨੁਕਤਿਆਂ ਦੀ ਵਰਤੋਂ ਕਰਨ ਵਿਚ ਕਦੀ ਸੰਕੋਚ ਨਹੀਂ ਕੀਤਾ ਸੀ। ਗਾਂਧੀ ਦੇ ਅੰਦੋਲਨਾਂ ਦੀ ਸਫਲਤਾ ਦੇ ਪਿੱਛੇ ਧਰਮ ਅਤੇ ਪ੍ਰੰਪਰਾ ਦੀ ਸ਼ਕਤੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਸਮੀਖਿਅਕਾਂ ਨੂੰ ਚਾਹੀਦਾ ਹੈ ਕਿ ਉਹ ਦਿੱਲੀ ਦੀਆਂ ਸਰਹੱਦਾਂ 'ਤੇ ਵਾਪਰ ਰਹੇ ਇਤਿਹਾਸ ਨੂੰ ਧਿਆਨ ਨਾਲ ਵੇਖਣ ਅਤੇ ਫਿਰ ਅੰਦਾਜ਼ਾ ਲਗਾਉਣ ਕਿ ਇਸ ਘਟਨਾ ਚੱਕਰ ਦਾ ਨੇੜ ਭਵਿੱਖ ਵਿਚ ਚੋਣ ਰਾਜਨੀਤੀ 'ਤੇ ਕੀ ਅਸਰ ਪਵੇਗਾ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਸਾਹ ਮੁਹੰਮਦਾ ਇੱਕ ਸਰਕਾਰ ਬਾਝੋਂ.....

## ✪ ਦਿੱਲੀ ਘਟਨਾ ਦਾ ਕੌਣ ਜ਼ਿੰਮੇਵਾਰ ਸਟੇਟ ਜਾਂ ਸਿੱਖ ਨੌਜਵਾਨ ✪ ਸਰਕਾਰੀ ਨੀਤੀਆਂ ਸੰਵਿਧਾਨ ਤੇ ਕਿਸਾਨ ਵਿਰੋਧੀ



**- ਬਘੇਲ ਸਿੰਘ ਧਾਲੀਵਾਲ**

**99142-58142**

ਭਾਰਤ ਸਰਕਾਰ ਦੀਆਂ ਖੇਤੀ ਨੀਤੀਆਂ ਕਦੇ ਵੀ ਕਿਸਾਨ ਪੱਖੀ ਨਹੀਂ ਰਹੀਆਂ, ਜਿਸ ਕਰਕੇ ਭਾਰਤੀ ਕਿਸਾਨੀ ਦਾ ਜੀਵਨ ਕਦੇ ਵੀ ਬਹੁਤਾ ਸੁਖਾਵਾਂ ਨਹੀਂ ਹੋ ਸਕਿਆ। ਖੇਤੀ ਖ਼ਰਚਿਆਂ ਦੇ ਮੁਤਾਬਿਕ ਫ਼ਸਲਾਂ ਦੇ ਭਾਅ ਨਾ ਮਿਲਣ ਕਾਰਨ ਭਾਰਤ ਦਾ ਕਿਸਾਨ ਕਰਜ਼ੇ ਦਾ ਭਾਰੀ ਬੋਝ ਢੋਅ ਰਿਹਾ ਹੈ। ਹਾਲਾਤ ਇਹ ਬਣ ਗਏ ਹਨ ਕਿ ਸਵਾ ਕਰੋੜ ਦੀ ਅਬਾਦੀ ਦਾ ਢਿੱਡ ਭਰਨ ਵਾਲੀ ਕਿਸਾਨੀ ਵਿਚੋਂ ਬਹੁਤ ਵੱਡੀ ਗਿਣਤੀ ਅਜਿਹੇ ਪਰਿਵਾਰਾਂ ਦੀ ਹੈ, ਜਿਨਾਂ ਨੂੰ ਪੇਟ ਭਰ ਖਾਣਾ ਨਸੀਬ ਨਹੀਂ ਹੁੰਦਾ। ਕਿਸਾਨੀ ਦੀ ਸਾਖਰਤਾ ਦੀ ਦਰ ਕਿਹੜੇ ਪੱਧਰ ਦੀ ਹੋਵੇਗੀ, ਇਹ ਅੰਦਾਜ਼ਾ ਲਗਾਉਣਾ ਵੀ ਕੋਈ ਮੁਸ਼ਕਲ ਨਹੀਂ ਹੈ। ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ, ਇਸ ਦੇ ਬਾਵਜੂਦ ਵੀ ਕਿਸਾਨ ਦਾ ਜ਼ਮੀਨ ਨਾਲ ਮੋਹ ਕੋਈ ਪੈਮਾਨੇ ਨਾਲ ਨਹੀਂ ਮਾਪਿਆ ਜਾ ਸਕਦਾ। ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੋਵੇ, ਭਲਾ ਉਸ ਮਾਂ ਦੇ ਅਣਖੀ ਪੁੱਤ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਕੋਈ ਚੰਦ ਟਕਿਆਂ ਦੇ ਗੁਮਾਨ ਵਿੱਚ ਅੰਨਾ ਹੋਇਆ ਵਿਅਕਤੀ ਜਾਂ ਉਹਨਾਂ ਦੀ ਪੁਸ਼ਤ ਪਨਾਹੀ ਕਰਨ ਵਾਲੀਆਂ ਹਕੂਮਤਾਂ ਧਰਤੀ ਮਾਤਾ ਤੇ ਮਾੜੀਆਂ ਨਿਗਾਹਾਂ ਰੱਖਣ ਦੀ ਹਿੰਮਤ ਕਰਨ। ਭਾਰਤੀ ਹਕੂਮਤ ਵੱਲੋਂ ਦੇਸ ਦੇ ਕੁੱਝ ਕੁ ਘਰਾਣਿਆਂ ਨੂੰ ਦੇਸ ਦੀ ਮਾਲਕੀ ਸੌਂਪਣ ਦੇ ਇਰਾਦੇ ਨਾਲ ਅਜਿਹੇ ਖੇਤੀ ਕਨੂੰਨ ਪਾਸ ਕੀਤੇ ਗਏ,ਜਿਹੜੇ ਸਿੱਧੇ ਰੂਪ ਵਿੱਚ ਕਿਸਾਨੀ ਨੂੰ ਖ਼ਤਮ ਕਰਕੇ ਦੇਸ ਦੀ ਜਨਤਾ ਦੀ ਲੁੱਟ ਦਾ ਰਾਹ ਪੱਧਰਾ ਕਰਦੇ ਹਨ , ਜਿਹਨਾਂ ਨੂੰ ਨਾ ਮਨਜ਼ੂਰ ਕਰਦਿਆਂ ਕਿਸਾਨਾਂ ਨੇ ਦੇਸ ਵਿਆਪੀ ਅੰਦੋਲਨ ਵਿੱਢਿਆ ਹੋਇਆ ਹੈ। ਦਿੱਲੀ ਦੀਆਂ ਹੱਦਾਂ ਤੇ ਚੱਲ ਰਿਹਾ ਕਿਸਾਨਾਂ ਦਾ ਇਹ ਸ਼ਾਂਤੀ ਪੂਰਨ ਅੰਦੋਲਨ ਨਵੇਂ ਇਤਿਹਾਸ ਸਿਰਜ ਰਿਹਾ ਹੈ। ਭਾਵੇਂ ਅੰਦੋਲਨ ਦੀ ਪਹਿਲਾਂ ਸ਼ੁਰੂਆਤ ਪੰਜਾਬ ਨੇ ਕੀਤੀ, ਪ੍ਰੰਤੂ ਹਰਿਆਣੇ ਦੇ ਕਿਸਾਨਾਂ ਦੀ ਭੂਮਿਕਾ ਵੀ ਬੇਹੱਦ ਸਲਾਹੁਣਯੋਗ ਰਹੀ ਹੈ। ਦਿੱਲੀ ਅੰਦੋਲਨ ਤੋ ਪਹਿਲਾਂ ਪੰਜਾਬ ਦੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਪੰਜਾਬ ਅੰਦਰ ਖੇਤੀ ਕਨੂੰਨਾਂ ਵਿਰੁੱਧ ਜੋ ਸੰਘਰਸ਼ ਵਿੱਢਿਆ, ਉਸ ਦੀ ਗੂੰਜ ਭਾਰਤੀ ਕਿਸਾਨਾਂ ਨੇ ਮਹਿਸੂਸ ਕੀਤੀ,ਇਹੋ ਕਾਰਨ ਸੀ ਕਿ ਜਦੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ 26 ਨਵੰਬਰ ਨੂੰ ਦਿੱਲੀ ਜਾਣ ਦਾ ਸੱਦਾ ਦਿੱਤਾ ਤਾਂ ਉਸ ਮੌਕੇ ਜੋ ਦਲੇਰੀ ਹਰਿਆਣੇ ਦੇ ਕਿਸਾਨਾਂ ਨੇ ਦਿਖਾਈ ,ਉਹ ਕਾਬਲੇ ਤਾਰੀਫ਼ ਰਹੀ, ਕਿਉਂਕਿ ਜੇਕਰ ਉਸ ਮੌਕੇ ਹਰਿਆਣੇ ਦੇ ਕਿਸਾਨ ਹਰਿਆਣਾ ਸਰਕਾਰ ਦੀਆਂ ਲਾਈਆਂ ਰੋਕਾਂ ਨਾ ਤੋੜਦੇ ਅਤੇ ਪੰਜਾਬ ਦੇ ਕਿਸਾਨਾਂ ਨੂੰ ਰੁਕਾਵਟਾਂ ਤੋੜ ਕੇ ਅੱਗੇ ਵਧਣ ਦਾ ਹੌਸਲਾ ਨਾ ਦਿੰਦੇ, ਤਾਂ ਪੰਜਾਬ ਦੇ ਕਿਸਾਨ ਸੰਭੂ, ਖਨੌਰੀ ਅਤੇ ਡੱਬਵਾਲੀ ਤੋਂ ਅੱਗੇ ਨਹੀਂ ਸਨ ਵਧ ਸਕਦੇ। ਇਹ ਵੀ ਸੱਚ ਹੈ ਕਿ ਉਸ ਸਮੇਂ ਦਿੱਲੀ ਦੇ ਰਸਤੇ ਵਿੱਚ ਆਈਆਂ ਰੋਕਾਂ ਨੂੰ ਹਟਾਉਣ ਲਈ ਜਿਸ ਭਾਵਨਾ ਨੇ ਪੰਜਾਬ ਦੀ ਕਿਸਾਨ ਜੁਆਨੀ ਨੂੰ ਹੌਂਸਲਾ ਤੇ ਹਿੰਮਤ ਬਖ਼ਸ਼ੀ, ਉਹ ਪੰਜਾਬ ਦੇ ਉਹਨਾਂ ਪੁਰਖਿਆਂ ਦੀ ਸੱਚੀ ਸੁੱਚੀ ਭਾਵਨਾ ਤੇ ਅਧਾਰਿਤ ਸੀ,ਜਿਹੜੀ ਭਾਵਨਾ ਨੇ ਬਾਬਾ ਬਘੇਲ ਸਿੰਘ ਦੀ ਅਗਵਾਈ ਵਿੱਚ ਦਿੱਲੀ ਦੇ ਲਾਲ ਕਿਲੇ ਨੂੰ ਫ਼ਤਿਹ ਕੀਤਾ ਸੀ। ਇਹ ਉਨਾਂ ਦੇ ਪੁਰਖਿਆਂ ਦੀ ਉਹ ਹੀ ਭਾਵਨਾ ਸੀ, ਜਿਸ ਨੇ ਕਦੇ ਦਿੱਲੀ ਦੇ ਤਖ਼ਤ ਨੂੰ ਘੋੜਿਆਂ ਪਿੱਛੇ ਘੜੀਸ ਕੇ ਅੰਮ੍ਰਿਤਸਰ ਲੈ ਆਂਦਾ ਸੀ। ਇਹੋ ਪ੍ਰੇਰਨਾ ਸਦਕਾ ਰਸਤੇ ਦੀਆਂ ਭਾਰੀ ਰੋਕਾਂ ਵੀ ਪੰਜਾਬੀ ਕਿਸਾਨਾਂ ਦੇ ਰਾਹ ਨਾ ਰੋਕ ਸਕੀਆਂ। ਇਹ ਵੀ ਸੱਚ ਹੈ ਕਿ ਪੰਜਾਬੀਆਂ ਦੇ ਇਸ ਨਿੱਗਰ ਹੌਸਲੇ ਅਤੇ ਦਲੇਰੀ ਵਾਲੀ ਸਿੱਖ ਸੋਚ ਦਾ ਪਹਿਲੀ ਵਾਰ ਭਾਰਤ ਦੇ ਲੋਕਾਂ ਨੇ ਖੁੱਲੇ ਦਿਲ ਨਾਲ ਸਵਾਗਤ ਕੀਤਾ ਸੀ,ਜਿਸ ਨੂੰ ਕੇਂਦਰੀ ਤਾਕਤਾਂ ਬਰਦਾਸ਼ਤ ਨਹੀਂ ਕਰ ਸਕੀਆਂ। ਪੰਜਾਬੀਆਂ ਦੇ ਮਨਾਂ ਵਿੱਚ ਦਿੱਲੀ ਪ੍ਰਤੀ ਨਫ਼ਰਤ ਇਸ ਕਰਕੇ ਵੀ ਉਬਾਲੇ ਮਾਰਦੀ ਰਹੀ ਹੈ ਕਿ ਗੁਰੂ ਕਾਲ ਤੋ ਹੀ ਦਿੱਲੀ ਦਾ ਤਖ਼ਤ ਸਿੱਖਾਂ ਦੀ ਸਰਬੱਤ ਦੇ ਭਲੇ ਅਤੇ ਜਬਰ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ ਅਤੇ ਹਲੇਮੀ ਰਾਜ ਵਾਲੀ ਸੋਚ ਨੂੰ ਖ਼ਤਮ ਕਰਨ ਦੀਆਂ ਚਾਲਾਂ ਚੱਲਦਾ ਰਿਹਾ ਹੈ, ਜਿਸ ਕਰਕੇ ਸਿੱਖ ਪੁਰਖਿਆਂ ਦੀ ਦਿੱਲੀ ਦੇ ਤਖ਼ਤ ਨਾਲ ਮੁੱਢੋਂ ਹੀ ਟੱਕਰ ਰਹੀ ਹੈ। ਪੰਜਾਬੀਆਂ ਦੇ ਮਨਾਂ 'ਚ ਵਸੀ ਇਹ ਉਹੀ ਭਾਵਨਾ ਹੈ, ਜਿਹੜੀ ਦਿੱਲੀ ਦੇ ਕਿਸਾਨੀ ਅੰਦੋਲਨ ਵੱਲੋਂ ਆਏ 26 ਜਨਵਰੀ ਦੇ ਰੋਸ ਮਾਰਚ ਵਿੱਚੋਂ ਉੱਭਰ ਕੇ ਸਾਹਮਣੇ ਆਈ। ਕਿਸਾਨ ਜਥੇਬੰਦੀਆਂ ਦੇ ਸੱਦੇ ਤੇ ਫੁੱਲ ਚੜਾਉਂਦਿਆਂ ਪੰਜਾਬ ਦੇ ਕਿਸਾਨਾਂ ਨੇ ਜਿੱਥੇ ਦਿੱਲੀ ਵੱਲ ਨੂੰ ਵੱਡੀ ਗਿਣਤੀ ਵਿੱਚ ਕੂਚ ਕੀਤਾ, ਓਥੇ ਆਪਣੇ ਮਨਾਂ ਵਿਚ ਇਹ ਧਾਰਨਾ ਵੀ ਬਣਾ ਲਈ ਕਿ ਇਸ ਰੋਸ ਮਾਰਚ ਦੌਰਾਨ ਦਿੱਲੀ ਦੇ ਲਾਲ ਕਿਲੇ ਤੇ ਕਿਸਾਨੀ ਝੰਡੇ ਅਤੇ ਖ਼ਾਲਸਾਈ ਨਿਸ਼ਾਨ ਸਾਹਿਬ



ਝੁਲਾ ਕੇ ਦਿੱਲੀ ਦੀ ਸਰਕਾਰ ਨੂੰ ਇਹ ਸਪਸ਼ਟ ਸੁਨੇਹਾ ਵੀ ਦੇਣਾ ਹੈ ਕਿ ਅਜਿਹੀਆਂ ਲੋਕ ਮਾਰੂ ਹਕੂਮਤਾਂ ਲੋਕ ਰੋਹ ਅੱਗੇ ਬਹੁਤਾ ਸਮਾਂ ਟਿਕ ਨਹੀਂ ਸਕਣਗੀਆਂ, ਇਸ ਲਈ ਚੰਗਾ ਹੋਵੇਗਾ ਜੇਕਰ ਸਮਾਂ ਰਹਿੰਦੇ ਭਾਰਤੀ ਹਕੂਮਤ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਇਸ ਅੰਦੋਲਨ ਨੂੰ ਖ਼ਤਮ ਕਰਵਾ ਦੇਵੇ, ਪ੍ਰੰਤੂ ਲਾਲ ਕਿਲੇ ਤੇ ਚੜਾਏ ਗਏ ਖ਼ਾਲਸਾਈ ਝੰਡੇ ਤੋ ਬਾਅਦ ਜਿਸ ਤਰਾਂ ਦੇਸ਼ ਦਾ ਵਿਕਾਊ ਮੀਡੀਆ ਪੰਜਾਬ ਦੇ ਕਿਸਾਨਾਂ ਖ਼ਿਲਾਫ਼ ਜ਼ਹਿਰ ਉਗਲਣ ਲੱਗਾ, ਉਸ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਜ਼ਿਆਦਾ ਮੁਸ਼ਕਲ ਨਹੀਂ ਕਿ ਇਹ ਸਾਰੀ ਗਿਣੀ ਮਿਥੀ ਸਾਜ਼ਿਸ਼ ਤਹਿਤ ਹੋਇਆ। ਟਰੈਕਟਰ ਮਾਰਚ ਦੌਰਾਨ ਜੋ ਕੁਝ ਵਾਪਰਿਆ ਅਤੇ ਪੁਲਿਸ ਵਧੀਕੀਆਂ ਨੂੰ ਨਜ਼ਰ ਅੰਦਾਜ਼ ਕਰਕੇ ਜਿਸ ਤਰਾਂ ਸਾਰਾ ਕੁਝ ਪੰਜਾਬ ਦੇ ਕਿਸਾਨਾਂ ਖ਼ਾਸ ਕਰਕੇ ਨੌਜਵਾਨਾਂ ਸਿਰ ਮੜਿਆ ਗਿਆ ਅਤੇ ਵਧਾ ਚੜਾ ਕੇ ਪੇਸ਼ ਕੀਤਾ ਗਿਆ ਉਹ ਬੇਹੱਦ ਮੰਦਭਾਗਾ ਵਰਤਾਰਾ ਸਮਝਿਆ ਜਾਵੇਗਾ। ਇਸ ਤੋਂ ਵੀ ਵੱਧ ਦੁੱਖ ਦੀ ਗੱਲ ਇਹ ਹੈ ਕਿ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੀਆਂ ਪੰਜ ਸੌ ਤੋ ਵੱਧ ਜਥੇਬੰਦੀਆਂ ਦੇ ਤਕਰੀਬਨ 40 ਕੁ ਨੁਮਾਇੰਦਿਆਂ ਵਿੱਚੋਂ ਸਿਰਫ਼ ਤੇ ਸਿਰਫ਼ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਕੁੱਝ ਵੱਡੇ ਆਗੂਆਂ ਨੇ ਜਿਸ ਤਰਾਂ ਆਪਣੇ ਹੀ ਨੌਜਵਾਨਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ, ਉਹਨੇ ਕੇਂਦਰ ਸਰਕਾਰ ਅਤੇ ਵਿਕਾਊ ਰਾਸ਼ਟਰੀ ਮੀਡੀਏ ਦੇ ਕੁਫ਼ਰ ਨੂੰ ਹੋਰ ਤਕੜਾ ਕਰ ਦਿੱਤਾ। ਕਿਸਾਨੀ ਤਾਕਤ ਅੱਗੇ ਗੋਡਿਆਂ ਭਾਰ ਹੋਣ ਲਈ ਮਜਬੂਰ ਤੇ ਬੇਬਸ ਹੋਈ ਕੇਂਦਰ ਸਰਕਾਰ ਨੂੰ ਕਿਸਾਨ ਆਗੂਆਂ ਦੀ ਇਸ ਆਪਸੀ ਦੂਸ਼ਣਬਾਜ਼ੀ ਵਾਲੀ ਬਿਆਨਬਾਜ਼ੀ ਨਾਲ ਹੌਸਲਾ ਮਿਲ ਗਿਆ, ਹਿੰਮਤ ਮਿਲ ਗਈ। ਕੇਂਦਰ ਨੇ ਜਿੱਥੇ ਇਸ ਮਾਮਲੇ ਨੂੰ ਤੂੱਲ ਦੇ ਕੇ ਆਪਣੇ ਆਪ ਨੂੰ ਦੇਸ ਭਗਤ ਸਾਬਤ ਕਰਨ ਵਾਲੇ ਕਿਸਾਨ ਆਗੂਆਂ ਤੇ ਦੇਸ਼-ਧ੍ਰੋਹੀ ਵਰਗੇ ਵੱਖ ਵੱਖ ਸੰਗੀਨ ਜੁਰਮਾਂ ਤਹਿਤ ਪਰਚੇ ਦਰਜ ਕਰ ਦਿੱਤੇ,ਓਥੇ ਕਈ ਸਿੱਖ ਨੌਜਵਾਨਾਂ ਖ਼ਿਲਾਫ਼ ਵੀ ਪਰਚੇ ਦਰਜ ਕਰਕੇ ਗ੍ਰਿਫ਼ਤਾਰੀ ਵਰੰਟ ਜਾਰੀ ਕਰ ਦਿੱਤੇ ਹਨ। ਬਹੁਤ ਸਾਰੇ ਸੂਝਵਾਨ ਲੋਕਾਂ ਦਾ ਮੰਨਣਾ ਸੀ ਕਿ ੨੬ ਜਨਵਰੀ ਦੀ ਲਾਲ ਕਿਲੇ ਵਾਲੀ ਘਟਨਾ ਨੇ ਕਿਸਾਨੀ ਅੰਦੋਲਨ ਨੂੰ ਢਾਹ ਲਾਈ ਹੈ, ਕਿਉਂਕਿ ਦੇਸ ਦਾ ਵੱਡੀ ਗਿਣਤੀ ਵਿੱਚ ਨੈਸ਼ਨਲ ਮੀਡੀਆ ਉਸ ਘਟਨਾ ਦੇ ਉਹਨਾਂ ਹਿੱਸਿਆਂ ਨੂੰ ਕੱਟ ਕੱਟ ਕੇ ਵਾਰ ਵਾਰ ਦਿਖਾ ਰਿਹਾ ਹੈ , ਜਿਹੜੇ ਕਿਸਾਨਾਂ ਨੂੰ ਹਿੰਸਕ ਸਿੱਧ ਕਰਦੇ ਹਨ, ਜਦੋਂ ਕਿ ਸਚਾਈ ਇਹ ਹੈ ਕਿ ਉਸ ਦਿਨ ਦੀ ਘਟਨਾ ਵਿੱਚ ਜਿੱਥੇ ਦਿੱਲੀ ਪੁਲਿਸ ਅਤੇ ਉਨਾਂ ਦੇ ਭੇਜੇ ਹੋਏ ਬਹੁਤ ਸਾਰੇ ਸ਼ਰਾਰਤੀ ਅਨਸਰ ਭੰਨ ਤੋੜ ਅਤੇ ਮਾਰ ਕੁੱਟ ਕਰਦੇ ਕਿਸਾਨਾਂ ਨੇ ਕਾਬੂ ਕੀਤੇ ਤੇ ਉਹ ਸ਼ਰਾਰਤੀ ਅਨਸਰ ਪੁਲਿਸ ਦੀਆਂ ਗੱਡੀਆਂ ਦੀ ਭੰਨ ਤੋੜ ਕਰਦੇ ਪੱਤਰਕਾਰਾਂ ਦੇ ਕੈਮਰਿਆਂ ਵਿੱਚ ਵੀ ਕੈਦ ਹੋਏ ਹਨ, ਉਨਾਂ ਨੂੰ ਨੈਸ਼ਨਲ ਮੀਡੀਏ ਨੇ ਦਿਖਾਉਣਾ ਮੁਨਾਸਿਬ ਨਹੀਂ ਸਮਝਿਆ, ਜਿਸ ਦੀ ਵਜਾ ਨਾਲ ਅੰਦੋਲਨਕਾਰੀ ਬਦਨਾਮ ਹੋਏ ਹਨ। ਨੈਸ਼ਨਲ ਮੀਡੀਏ ਨੇ ਤਾਂ ਟਰੈਕਟਰ ਮਾਰਚ ਦੌਰਾਨ ਲਾਪਤਾ ਹੋਏ ਸੈਂਕੜੇ ਕਿਸਾਨ, ਪੁਲਿਸ ਦੀਆਂ ਲਾਠੀਆਂ ਗੋਲੀਆਂ ਨਾਲ ਜ਼ਖ਼ਮੀ ਹੋਏ ਦਰਜਨਾਂ ਕਿਸਾਨ ਅਤੇ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਨੌਜਵਾਨ ਕਿਸਾਨ ਬਾਰੇ ਵੀ ਦੱਸਣਾ ਮੁਨਾਸਿਬ ਨਹੀਂ ਸਮਝਿਆ, ਪ੍ਰੰਤੂ ਤਿਰੰਗੇ ਦੇ ਅਪਮਾਨ ਦਾ ਦੋਸ਼ ਪੰਜਾਬ ਦੇ ਕਿਸਾਨਾਂ ਸਿਰ ਮੜਨ ਲਈ ਨੈਸ਼ਨਲ ਮੀਡੀਏ ਨੇ ਸਾਰਾ ਤਾਣ ਲਾ ਦਿੱਤਾ। ਜੇਕਰ ਪੰਜਾਬ ਦੇ ਕਿਸਾਨ ਆਗੂ ਸਹੀ ਪਹੁੰਚ ਅਪਣਾਉਂਦੇ ਤਾਂ ਇਸ ਮੰਦਭਾਗੀ ਘਟਨਾ ਦੀ ਬਦਨਾਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਸੀ। ਜੇਕਰ ਆਗੂ ਲਾਲ ਕਿਲੇ ਤੇ ਜਾਣ ਵਾਲੇ ਵੱਡੀ ਗਿਣਤੀ ਨੌਜਵਾਨਾਂ ਤੋਂ ਆਪਣੇ ਆਪ ਨੂੰ ਅਲੱਗ ਕਰਦੇ ਹੋਏ, ਉਹਨਾਂ ਤੇ ਕਾਰਵਾਈ ਕਰਨ ਵਾਲੇ ਬਿਆਨ ਦੇ ਕੇ ਨੈਸ਼ਨਲ ਮੀਡੀਏ ਨੂੰ ਸੱਚਾ ਸਾਬਤ ਕਰਨ ਦੀ ਬਜਾਏ , ਇਹ ਕਹਿੰਦੇ ਕਿ ਭਾਵੇਂ ਸਾਡਾ ਲਾਲ ਕਿਲੇ ਵੱਲ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਸੀ, ਪਰ ਜੇਕਰ ਲੱਖਾਂ ਦੀ ਗਿਣਤੀ ਵਾਲੇ ਇਕੱਠ ਵਿੱਚੋਂ ਬਹੁਤ ਸਾਰੇ ਭਾਵੁਕ ਹੋਏ ਜੋਸ਼ੀਲੇ ਲੋਕ ਉੱਧਰ ਚਲੇ ਵੀ ਗਏ ਹਨ,ਤਾਂ ਇਹਦੇ ਲਈ ਸਰਕਾਰ ਹੀ ਜ਼ਿੰਮੇਵਾਰ ਹੈ, ਕਿਉਂਕਿ ਸਰਕਾਰ ਕਿਸਾਨਾਂ ਨੂੰ ਅਜਿਹੇ ਰੋਸ ਪ੍ਰਦਰਸ਼ਨ ਕਰਨ ਦੇ ਮੌਕੇ ਹੀ ਕਿਉਂ ਦਿੰਦੀ ਹੈ। ਸਰਕਾਰ ਸਾਡੀਆਂ ਮੰਗਾਂ ਮੰਨੇ ਤੇ ਕਿਸਾਨ ਉਸੇ ਵਕਤ ਦਿੱਲੀ ਦੇ ਬਾਰਡਰ ਖ਼ਾਲੀ ਕਰਕੇ ਆਪਣੇ ਘਰਾਂ ਵੱਲ ਚਾਲੇ ਪਾ ਦੇਣਗੇ। ਨੈਸ਼ਨਲ ਮੀਡੀਏ ਵੱਲੋਂ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਲੈ ਕੇ ਕੀਤੇ ਜਾ ਰਹੇ ਕੂੜ ਪ੍ਰਚਾਰ ਦੇ ਜਵਾਬ ਵਿੱਚ ਦੱਸਣਾ ਬਣਦਾ ਸੀ ਕਿ ਇਹ ਉਹ ਹੀ ਨਿਸ਼ਾਨ ਸਾਹਿਬ ਹੈ, ਜਿਸ ਨੂੰ ਦੇਖ ਕੇ ਕਰੋਨਾ ਮਹਾਂਮਾਰੀ ਦੌਰਾਨ ਦੇਸ ਦੇ ਕਰੋੜਾ ਭੁੱਖੇ ਲੋਕਾਂ ਨੂੰ ਪੇਟ ਭਰ ਖਾਣੇ ਦੀ ਆਸ ਬੱਝਦੀ ਸੀ,ਇਹ ਉਹ ਹੀ ਨਿਸ਼ਾਨ ਸਾਹਿਬ ਹੈ ਜਿਹੜਾ ਚੀਨ ਵਰਗੇ ਸ਼ਕਤੀਸ਼ਾਲੀ ਦੁਸ਼ਮਣ ਮੁਲਕ ਦੀ ਸਰਹੱਦ ਤੇ ਤਿਰੰਗੇ ਦੇ ਨਾਲ ਝੂਲਦਾ ਹੈ। ਇਹ ਨਿਸ਼ਾਨ ਸਾਹਿਬ ਹਰ ਸਾਲ ਦਿੱਲੀ ਫ਼ਤਿਹ ਦਿਵਸ ਮੌਕੇ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਲ ਕਿਲੇ 'ਤੇ ਲਹਿਰਾਇਆ ਜਾਂਦਾ ਹੈ ਅਤੇ ਸਰਕਾਰ ਦੀਆਂ ਝਾਕੀਆਂ ਵਿੱਚ ਵੀ ਨਿਸ਼ਾਨ ਸਾਹਿਬ ਝੁੱਲਦਾ ਦਿਖਾਈ ਦਿੰਦਾ ਹੈ, ਫਿਰ ਕਿਸਾਨਾਂ ਵੱਲੋਂ ਅਜਿਹਾ ਕਰਨ ਤੇ ਐਨਾ ਹੱਲਾ ਕਿਉਂ ਕੀਤਾ ਜਾ ਰਿਹਾ ਹੈ। ਇਹ ਵੀ ਪੁੱਛਣਾ ਬਣਦਾ ਸੀ ਕਿ ਜਿਸ ਇਤਿਹਾਸਕ ਵਿਰਾਸਤ (ਲਾਲ ਕਿਲਾ) ਨੂੰ ਦੇਸ ਦੀ ਸਰਕਾਰ ਪੰਜ ਸਾਲਾਂ ਲਈ ਡਾਲਮੀਆਂ ਗਰੁੱਪ ਨੂੰ ਵੇਚ ਕੇ ਡਾਲਮੀਆ ਦੀ ਨਿੱਜੀ ਜਾਇਦਾਦ ਬਣਾ ਚੁੱਕੀ ਹੋਵੇ, ਫਿਰ ਹੁਣ ਉਸ ਨਿੱਜੀ ਇਮਾਰਤ 'ਤੇ ਝੂਲਦੇ ਤਿਰੰਗੇ ਬਾਰੇ ਕੂੜ ਪ੍ਰਚਾਰ ਕਰਨ ਦਾ ਕੇਂਦਰ ਅਤੇ ਮੀਡੀਆ ਨੂੰ ਕੀ ਅਧਿਕਾਰ ਹੈ ? ਦੇਸ ਦੀ ਇਤਿਹਾਸਿਕ ਵਿਰਾਸਤ ਨੂੰ ਪੰਜ ਸਾਲਾਂ ਲਈ ਪੱਚੀ ਕਰੋੜ ਰੁਪਏ ਵਿੱਚ ਡਾਲਮੀਆਂ ਪਰਿਵਾਰ ਨੂੰ ਦੇਣ ਸਮੇਂ ਇਹ ਖ਼ਿਆਲ ਕਿਉਂ ਨਹੀਂ ਆਇਆ ਕਿ ਇਹ ਦੇਸ ਦੇ ਗੌਰਵ ਅਤੇ ਤਿਰੰਗੇ ਦਾ ਅਪਮਾਨ ਹੈ ? ਜਿੱਥੇ ਸਰਕਾਰ ਖੇਤੀ ਕਾਨੂੰਨ ਪਾਸ ਕਰਨ ਕਰਕੇ ਕਿਸਾਨਾਂ ਮਜ਼ਦੂਰਾਂ ਦੀ ਦੋਸ਼ੀ ਹੈ,ਓਥੇ ਲਾਲ ਕਿਲੇ ਵਰਗੀ ਇਤਿਹਾਸਕ ਵਿਰਾਸਤ ਨੂੰ ਵੇਚ ਕੇ ਤਿਰੰਗੇ ਦੇ ਅਪਮਾਨ ਦੇ ਨਾਲ ਨਾਲ ਸਮੁੱਚੇ ਦੇਸ਼ ਦੇ ਸਵਾ ਕਰੋੜ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਵੀ ਦੋਸ਼ੀ ਬਣ ਗਈ ਹੈ। ਪਰ ਕਿਸਾਨ ਆਗੂਆਂ ਨੇ ਸਰਕਾਰ ਤੇ ਉਲਟ ਵਾਰ ਕਰਨ ਦੀ ਬਜਾਏ ਆਪਣੇ ਨੌਜਵਾਨਾਂ ਨੂੰ ਹੀ ਦੋਸ਼ੀ ਸਿੱਧ ਕਰਨ ਵਿੱਚ ਸਾਰੀ ਤਾਕਤ ਝੋਕ ਦਿੱਤੀ, ਜਿਸ ਨੇ ਅੰਦੋਲਨ ਨੂੰ ਹੋਰ ਵੀ ਢਾਹ ਲਾਈ। ਇਹ ਵੀ ਸੱਚ ਹੈ ਕਿ 26 ਜਨਵਰੀ ਵਾਲੀ ਘਟਨਾ ਤੋ ਬਾਅਦ ਨਿਰਾਸ਼ਤਾ ਦੇ ਆਲਮ ਵਿਚ ਜਾ ਰਹੇ ਅੰਦੋਲਨ ਨੂੰ ਉੱਤਰ ਪ੍ਰਦੇਸ ਦੇ ਕਿਸਾਨ ਆਗੂ ਰਕੇਸ਼ ਟਿਕੈਤ ਦੀ ਦ੍ਰਿੜਤਾ ਦਲੇਰੀ ਅਤੇ ਭਾਵਕ ਅਪੀਲ ਨੇ ਸੰਜੀਵਨੀ ਦਾ ਕੰਮ ਕੀਤਾ ਹੈ, ਜਿਸ ਕਰਕੇ ਉੱਤਰ ਪ੍ਰਦੇਸ ਤੋ ਇਲਾਵਾ ਪੰਜਾਬ, ਹਰਿਆਣੇ ਦੇ ਕਿਸਾਨਾਂ ਦਾ ਝੁਕਾਅ ਵੀ ਗਾਜੀਪੁਰ ਹੱਦ ਵੱਲ ਵਧੇਰੇ ਹੋ ਗਿਆ ਹੈ। ਜੇਕਰ ਇਸ ਤੋ ਅਗਲੇ ਦਿਨਾਂ ਦੀ ਗੱਲ ਕੀਤੀ ਜਾਵੇ ਤਾਂ 28 ਅਤੇ 29 ਜਨਵਰੀ ਨੂੰ ਜਿਸ ਤਰਾਂ ਭਾਜਪਾ ਦੇ ਗੁੰਡਾ ਅਨਸਰਾਂ ਨੇ ਹੱਥਾਂ ਵਿਚ ਤਿਰੰਗੇ ਤੇ ਹਥਿਆਰ ਫੜਕੇ ਸਿੰਘੂ ਬਾਰਡਰ ਤੇ ਗੁੰਡਾਗਰਦੀ ਕੀਤੀ, ਕਿਸਾਨਾਂ ਤੇ ਹਮਲੇ ਕੀਤੇ, ਪੈਟਰੋਲ ਬੰਬਾਂ ਤੱਕ ਦਾ ਇਸਤੇਮਾਲ ਕੀਤਾ, ਤਿਰੰਗੇ ਵਾਲੇ ਡੰਡਿਆਂ ਨਾਲ ਕਿਸਾਨਾਂ ਤੇ ਹਮਲਾ ਕੀਤਾ, ਪੁਲਿਸ ਵੱਲੋਂ ਉਹਨਾਂ ਦਹਿਸ਼ਤਗਰਦਾਂ ਨੂੰ ਰੋਕਣ ਦੀ ਬਜਾਏ ਉਹਨਾਂ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਗਿਆ, ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ, ਉਸ ਦਹਿਸ਼ਤੀ ਵਰਤਾਰੇ ਤੋਂ ਇਹ ਜਾਪਦਾ ਹੈ ਕਿ ਦੇਸ ਵਿੱਚ ਨਾ ਹੀ ਕੋਈ ਲੋਕਤੰਤਰ ਨਾਮ ਦੀ ਚੀਜ਼ ਹੈ, ਨਾ ਹੀ ਤਿਰੰਗੇ ਦੇ ਅਪਮਾਨ ਦਾ ਸ਼ੋਰ ਸ਼ਰਾਬਾ ਕਰਨ ਵਾਲਿਆਂ ਦੇ ਮਨਾਂ ਵਿੱਚ ਤਿਰੰਗੇ ਪ੍ਰਤੀ ਭਾਵਨਾਤਮਿਕ ਪਿਆਰ ਹੈ, ਉਹਨਾਂ ਦੇ ਮਨਾਂ ਵਿੱਚ ਤਿਰੰਗਾ ਨਹੀਂ ਭਗਵਾਂਸਾਹੀ ਦਾ ਪ੍ਰਭਾਵ ਉਬਾਲੇ ਮਾਰ ਰਿਹਾ ਹੈ, ਜਿਸ ਵਿਚੋਂ ਉਪਜੀ ਨਫ਼ਰਤ ਦਾ ਸੇਕ ਦੇਸ ਦੀ ਵੰਨ ਸੁਵੰਨਤਾ ਨੂੰ ਝੁਲਸਾ ਰਿਹਾ ਹੈ । ਇਸ ਲਈ ਅੰਦੋਲਨ ਦੀ ਸਫਲਤਾ ਲਈ ਇਹ ਜ਼ਰੂਰੀ ਹੋਵੇਗਾ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਮਾਨਦਾਰੀ ਨਾਲ ਸਿਰ ਜੋੜ ਕੇ ਬੈਠਣ ਤੇ ਆਤਮ ਚਿੰਤਨ ਕਰਨ, ਇਸ ਤੋਂ ਇਲਾਵਾ ਵੱਖ ਵੱਖ ਵਿਚਾਰਧਾਰਾ ਵਾਲੀਆਂ ਉਹਨਾਂ ਧਿਰਾਂ ਨੂੰ ਵੀ ਸਾਰਾ ਧਿਆਨ ਅੰਦੋਲਨ ਦੀ ਸਫਲਤਾ ਤੇ ਕੇਂਦਰਿਤ ਕਰਨਾ ਚਾਹੀਦਾ ਹੈ, ਜਿਹੜੀਆਂ ਸੰਯੁਕਤ ਕਿਸਾਨ ਮੋਰਚੇ ਤੋ ਬਾਹਰ ਰਹਿ ਕੇ ਕਿਸਾਨੀ ਮੁੱਦਿਆਂ ਤੇ ਦਿੱਲੀ ਦੇ ਅੰਦੋਲਨ ਵਿੱਚ ਡਟੀਆਂ ਹੋਈਆਂ ਹਨ, ਤਾਂ ਕਿ ਮੁੜ ਪ੍ਰਭਾਵਸ਼ਾਲੀ ਅੰਦੋਲਨ ਦੀ ਤਾਕਤ ਨਾਲ ਸਰਕਾਰ ਤੋ ਕਨੂੰਨ ਰੱਦ ਕਰਵਾਏ ਜਾ ਸਕਣ ਅਤੇ ਕਿਸਾਨੀ ਹੋਂਦ ਦੀ ਲੜਾਈ ਨੂੰ ਜਿੱਤਿਆ ਜਾ ਸਕੇ।

### ਰਾਜਾਂ ਦੇ ਅਧਿਕਾਰ ਤੇ ਖੇਤੀ ਸਰੋਕਾਰ

ਕਿਸਾਨ ਪਰੇਡ ਮਿੱਟੀ ਦੇ ਜਾਇਆਂ ਵੱਲੋਂ 'ਸਿਆਸੀ ਜਮਹੂਰੀਅਤ' ਦੇ ਸੰਕਟ ਦਾ ਜਵਾਬ ਸੀ ਕੇਂਦਰ ਸਰਕਾਰ ਨੂੰ । ਇਹ ਉਸ ਸੰਕਟ ਦਾ ਜਵਾਬ ਜਿਸ ਦੀ ਬੁਨਿਆਦ ਡਾ. ਅੰਬੇਡਕਰ ਮੁਤਾਬਿਕ 26 ਜਨਵਰੀ, 1950 ਨੂੰ ਸੰਵਿਧਾਨ ਲਾਗੂ ਕਰਨ ਦੇ ਦਿਨ ਰੱਖੀ ਗਈ ਸੀ। ਪਰ ਵਰਤਮਾਨ ਸਰਕਾਰ ਨੇ ਅਖੌਤੀ ਆਰਥਿਕ ਸੁਧਾਰਾਂ ਦੇ ਅਮਲ ਬਹਾਨੇ ਪਾਰਲੀਮਾਨੀ ਸੰਸਥਾਵਾਂ ਦੇ ਪਰ ਕੱਟਣ ਦਾ ਅਮਲ ਤੇਜ਼ ਕੀਤਾ ਹੋਇਆ ਹੈ। ਜਿਹੜੇ ਖੇਤੀ ਕਾਨੂੰਨਾਂ ਦਾ ਵਿਰੋਧ ਹੋ ਰਿਹਾ ਹੈ, ਇਹ ਪਾਰਲੀਮੈਂਟ ਨੂੰ ਗ਼ੁਲਾਮ ਕਰਕੇ ਪਾਸ ਕਰਾਏ ਗਏ ਹਨ। ਇਹੀਓ ਕਾਰਨ ਹੈ ਕਿ ਦੇਸ਼ ਭਰ ਵਿਚ ਕਿਸਾਨ ਸੰਘਰਸ਼ ਦੇ ਰਾਹੇ ਸੰਗਤ ਦੇ ਵੱਡੇ ਅਤੇ ਫ਼ੈਸਲਾਕੁਨ ਦਖ਼ਲ ਦੇ ਸੰਕੇਤ ਮਿਲ ਰਹੇ ਹਨ। **ਬਾਕੀ ਸਫ਼ਾ 21 'ਤੇ**

# ਸਮਾਜ ਦੇ ਦਬੇ ਕੁਚਲੇ ਵਰਗ ਮਜ਼ਦੂਰਾਂ ਦੀ ਭਾਰਤ ਵਿਚ ਤਰਸਯੋਗ ਹਾਲਤ

## ✪ ਤਿੰਨ ਕਰੋੜ ਤਾਂ ਪ੍ਰਵਾਸੀ ਮਜ਼ਦੂਰਾਂ ਕੋਲ ਸਥਾਈ ਕੰਮ ਨਹੀਂ ✪ ਨਵੀਆਂ ਤਕਨੀਕਾਂ ਅਤੇ ਮਸ਼ੀਨੀਕਰਨ ਨੇ ਵੀ ਮਜ਼ਦੂਰਾਂ ਦੀ ਬੇਕਦਰੀ ਵਿਚ ਵਾਧਾ ਕੀਤਾ

**ਕਿਹਰ ਸਿੰਘ**

ਸੰਨ 2012 ਦੇ ਸਰਵੇਖਣ ਮੁਤਾਬਕ ਦੇਸ਼ ਵਿਚ 48 ਕਰੋੜ 70 ਲੱਖ ਮਜ਼ਦੂਰ ਸਨ। ਦੇਸ਼ ਦੇ 94 ਫ਼ੀਸਦੀ ਮਜ਼ਦੂਰ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ ਜਿਨ੍ਹਾਂ ਵਿਚ ਛੋਟੇ ਅਤੇ ਸੀਮਤ ਕਿਸਾਨ, ਬੇਜ਼ਮੀਨੇ ਖੇਤ ਮਜ਼ਦੂਰ, ਉਸਾਰੀ ਕਾਮੇ, ਪਸ਼ੂ ਪਾਲਣ ਨਾਲ ਸਬੰਧਤ ਕਾਮੇ, ਬੁਣਕਰ, ਛੋਟੇ ਅਤੇ ਸੀਮਤ ਸ਼ਿਲਪਕਾਰ, ਭੱਠਾ ਮਜ਼ਦੂਰ, ਖਾਣ ਮਜ਼ਦੂਰ, ਰੇਹੜੀ ਫੜ੍ਹੀ ਵਾਲੇ ਅਤੇ ਅਜਿਹੇ ਹੀ ਹੋਰ ਕਿੱਤਿਆਂ ਨਾਲ ਸਬੰਧਤ ਮਜ਼ਦੂਰ ਅਤੇ ਕਾਮੇ ਆ ਜਾਂਦੇ ਹਨ। ਉਹ ਅਨਿਯਮਤ ਖੇਤਰ ਨਾਲ ਸਬੰਧਿਤ ਹੋਣ ਕਰਕੇ ਉਨ੍ਹਾਂ ਦਾ ਮਿਹਨਤਾਨਾ ਵੀ ਘੱਟ ਹੁੰਦਾ ਹੈ। ਇਸ ਕਰਕੇ ਉਹ ਬਾਕੀਆਂ ਦੇ ਮੁਕਾਬਲੇ ਗ਼ਰੀਬ ਹੁੰਦੇ ਹਨ। ਦੇਸ਼ ਵਿਚ ਤਿੰਨ ਕਰੋੜ ਤਾਂ ਪ੍ਰਵਾਸੀ ਮਜ਼ਦੂਰ ਹਨ, ਜਿਨ੍ਹਾਂ ਦਾ ਕੋਈ ਸਥਾਈ ਕੰਮ ਨਹੀਂ ਹੈ। ਸੰਨ 2010 ਦੀ ਇਕ ਰਿਪੋਰਟ ਮੁਤਾਬਿਕ ਦੇਸ਼ ਵਿਚ 5 ਤੋਂ 14 ਸਾਲ ਦੇ ਮਜ਼ਦੂਰਾਂ ਦੀ ਗਿਣਤੀ 1 ਕਰੋੜ 26 ਲੱਖ ਸੀ ਜਿਹੜੇ ਆਪਣੇ ਪਰਿਵਾਰਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਘਰਾਂ ਦੇ ਨੌਕਰ ਤੋਂ ਲੈ ਕੇ ਅਜਿਹੇ ਬਹੁਤ ਸਾਰੇ ਕੰਮ ਕਰਦੇ ਹਨ। ਭਾਵੇਂ ਕਾਨੂੰਨ ਮੁਤਾਬਿਕ ਐਨੀ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਵਰਜਿਤ ਹੈ ਪਰ ਕੰਮ ਕਰਨਾ ਉਨ੍ਹਾਂ ਦੀ ਮਜਬੂਰੀ ਹੈ।

ਦੇਸ਼ ਵਿਚ ਹਰ ਸਾਲ 1 ਕਰੋੜ 30 ਲੱਖ ਨਵੇਂ ਮਜ਼ਦੂਰ ਪੈਦਾ ਹੋ ਜਾਂਦੇ ਹਨ ਜਦੋਂ ਕਿ ਦੇਸ਼ ਵਿਚ ਤਕਰੀਬਨ 80 ਲੱਖ ਨਵੀਆਂ ਨੌਕਰੀਆਂ ਦਾ ਪ੍ਰਬੰਧ ਹੁੰਦਾ ਹੈ ਜਿਹੜੀਆਂ ਜ਼ਿਆਦਾਤਰ ਘੱਟ ਤਨਖ਼ਾਹ ਵਾਲੀਆਂ ਅਤੇ ਅਨਿਯਮਤ ਖੇਤਰ ਨਾਲ ਸਬੰਧਤ ਹੁੰਦੀਆਂ ਹਨ। ਬਾਕੀ 50 ਲੱਖ ਅਜਿਹੇ ਕਿੱਤਿਆਂ ਵਿਚ ਫਿੱਟ ਹੁੰਦੇ ਹਨ ਜਿਹੜੇ ਕੁਝ ਸਮੇਂ ਲਈ ਅਤੇ ਕਾਫ਼ੀ ਘੱਟ ਤਨਖ਼ਾਹ ਵਾਲੇ ਹੁੰਦੇ ਹਨ। ਸਾਡੇ ਦੇਸ਼ ਵਿਚ ਮਜ਼ਦੂਰ ਸ਼ਕਤੀ ਬਹੁਤ ਵੱਡੀ ਤਾਦਾਦ ਵਿਚ ਹੈ। ਚੀਨ ਤੋਂ ਬਾਅਦ ਸਾਡਾ ਹੀ ਨੰਬਰ ਆਉਂਦਾ ਹੈ। ਪਰ ਅੱਜ ਤੱਕ ਅਸੀਂ ਆਪਣੀ ਮਜ਼ਦੂਰ ਸ਼ਕਤੀ ਦੀ ਪੂਰਨ ਵਰਤੋਂ ਕਰਨ ਵਿਚ ਅਸਫਲ ਰਹੇ ਹਾਂ। ਮਜ਼ਦੂਰਾਂ ਦੀ ਮੰਗ ਉਨ੍ਹਾਂ ਦੀ ਤਾਦਾਦ ਦੇ ਮੁਕਾਬਲੇ ਘੱਟ ਹੋਣ ਕਰਕੇ ਮਜ਼ਦੂਰਾਂ ਨੂੰ ਪੂਰਾ ਕੰਮ ਨਹੀਂ ਮਿਲਦਾ। ਨਵੀਆਂ ਤਕਨੀਕਾਂ ਅਤੇ ਮਸ਼ੀਨੀਕਰਨ ਨੇ ਵੀ ਮਜ਼ਦੂਰਾਂ ਦੀ ਬੇਕਦਰੀ ਵਿਚ ਵਾਧਾ ਕੀਤਾ ਹੈ। ਸਾਡੇ ਦੇਸ਼ ਦੇ ਮਜ਼ਦੂਰ ਬਾਕੀ ਦੇਸ਼ਾਂ ਦੇ ਮੁਕਾਬਲੇ ਘੱਟ ਪੜ੍ਹੇ-ਲਿਖੇ ਹਨ ਉਹ ਘੱਟ ਪੜ੍ਹੇ-ਲਿਖੇ ਜਾਂ ਅਨਪੜ੍ਹ ਹੋਣ ਕਰਕੇ ਜ਼ਿਆਦਾਤਰ ਜਿਸਮਾਨੀ ਕੰਮ ਹੀ ਜਾਣਦੇ ਹਨ। ਤਕਨੀਕੀ ਕੰਮਾਂ ਵਿਚ ਮੁਹਾਰਤ ਉਨ੍ਹਾਂ ਨੂੰ ਨਹੀਂ ਹੈ। ਇਸ ਕਰਕੇ ਉਹ ਜ਼ਿੰਦਗੀ ਦੀ ਦੌੜ ਵਿਚ ਬਾਕੀਆਂ ਦੇ ਮੁਕਾਬਲੇ ਪਛੜ ਗਏ ਹਨ। ਭਾਵੇਂ ਨਵੀਆਂ ਤਕਨੀਕਾਂ ਦਾ ਕਾਰੋਬਾਰੀਆਂ ਨੂੰ ਲਾਭ ਹੋਇਆ ਹੈ ਪਰ ਮਜ਼ਦੂਰਾਂ ਨੂੰ ਨਵੀਆਂ ਤਕਨੀਕਾਂ ਨੇ ਲੀਹੋਂ ਲਾਹ ਦਿੱਤਾ ਹੈ। ਨਵੀਂ ਤਕਨੀਕ ਆਉਣ ਨਾਲ ਤਾਂ ਮਜ਼ਦੂਰਾਂ ਦੀ ਮੰਗ ਘਟਣ ਕਰਕੇ ਉਨ੍ਹਾਂ ਦੀ ਬੇਕਦਰੀ ਹੋਰ ਵੀ ਵਧ ਗਈ ਹੈ। ਮਜ਼ਦੂਰਾਂ ਦੀ ਮੰਗ ਘਟਣ ਕਰਕੇ ਮਜ਼ਦੂਰ ਮੰਡੀਆਂ ਵਿਚ ਦਬਾਅ ਹੋਰ ਵੀ ਵਧ ਗਿਆ ਹੈ। ਮਜ਼ਦੂਰ ਮੰਡੀਆਂ ਵੇਖ ਕੇ ਤਾਂ ਲਗਦਾ ਹੈ ਕਿ ਮਜ਼ਦੂਰਾਂ ਪਾਸ ਕੰਮ ਹੈ ਹੀ ਨਹੀਂ।

ਭਾਵੇਂ ਦੇਸ਼ ਦਾ ਉਦਯੋਗਿਕ ਵਿਕਾਸ ਹੋਇਆ ਹੈ ਪਰ ਉਸ ਨੇ ਮਜ਼ਦੂਰਾਂ ਨੂੰ ਸਾਹ ਨਹੀਂ ਦਿਵਾਇਆ। ਖੇਤੀ ਖੇਤਰ ਵਿਚ ਤਾਂ ਪਹਿਲਾਂ ਹੀ ਕਿਰਤੀ ਦੀ ਮੰਗ ਨਹੀਂ ਰਹਿ ਗਈ। ਵੈਸੇ ਵੀ ਮਸ਼ੀਨਰੀ ਦੇ ਆਉਣ ਨਾਲ ਖੇਤੀ ਖੇਤਰ ਵਿਚ ਕੰਮ ਮੌਸਮੀ ਅਤੇ ਕੁਝ ਦਿਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਅਹਿਸਤਾ-ਅਹਿਸਤਾ ਖੇਤੀ ਇਕ ਵਪਾਰਕ ਧੰਦਾ ਬਣਦਾ ਜਾ ਰਿਹਾ ਹੈ। ਇਸ ਕਰਕੇ ਬਾਕੀਆਂ ਦੇ ਮੁਕਾਬਲੇ ਸਾਡੇ ਮਜ਼ਦੂਰ ਵੱਧ ਬੇਚੈਨ ਹਨ। ਕੰਮ ਦੀ ਭਾਲ ਵਿਚ ਉਹ ਦੂਰ-ਦੂਰ ਤੱਕ ਜਾਂਦੇ ਹਨ। ਬੇਰੁਜ਼ਗਾਰੀ ਕਾਰਨ ਬੇਚੈਨੀ ਹੋਣੀ ਸੁਭਾਵਿਕ ਹੈ। ਬਾਕੀ ਦੇਸ਼ਾਂ ਦੇ ਮੁਕਾਬਲੇ ਸਾਡੇ ਮਜ਼ਦੂਰ ਸਰੀਰਕ ਤੌਰ 'ਤੇ ਵੀ ਤੰਦਰੁਸਤ ਨਹੀਂ ਹਨ। ਉਹ ਬਹੁਤ ਸਾਰੀਆਂ ਬਿਮਾਰੀਆਂ ਨਾਲ ਵੀ ਘਿਰੇ ਹੋਏ ਹਨ। ਗ਼ਰੀਬ ਹੋਣ ਕਰਕੇ ਉਹ ਮੌਕੇ 'ਤੇ ਇਲਾਜ ਵੀ ਨਹੀਂ ਕਰਾ ਸਕਦੇ



ਜੋ ਉਨ੍ਹਾਂ ਲਈ ਅੰਤ ਵਿਚ ਮਹਿੰਗਾ ਪੈ ਜਾਂਦਾ ਹੈ, ਜਿਸ ਦਾ ਅਸਰ ਉਨ੍ਹਾਂ ਦੀ ਕਾਰਜ-ਕੁਸ਼ਲਤਾ 'ਤੇ ਵੀ ਪੈਂਦਾ ਹੈ। ਦੁੱਖ ਦੀ ਗੱਲ ਹੈ ਕਿ ਉਹ ਬਿਮਾਰ ਹੋਣ ਦੇ ਬਾਵਜੂਦ ਕੰਮ ਕਰਦੇ ਹਨ। ਸਾਡੇ ਮਜ਼ਦੂਰ ਤਕਰੀਬਨ ਗ਼ਰੀਬੀ ਦੀ ਰੇਖਾ ਵਿਚ ਹੀ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਦਾ ਰਹਿਣ-ਸਹਿਣ ਦਾ ਪੱਧਰ ਵੀ ਨੀਵਾਂ ਹੈ। ਬਿਨਾਂ ਸ਼ੱਕ ਦੇਸ਼ ਵਿਚ ਸਾਡੀ ਆਬਾਦੀ ਮੁਤਾਬਿਕ ਕੰਮ ਦਾ ਪ੍ਰਬੰਧ ਨਹੀਂ ਹੈ। ਵੱਡੇ ਪੱਧਰ 'ਤੇ ਸਾਡੇ ਪਾਸ ਅਨਿਯਮਤ, ਮੌਸਮੀ ਅਤੇ ਕੁਝ ਸਮੇਂ ਦਾ ਟੁੱਟਵਾਂ ਕੰਮ ਹੈ ਜਿਸ ਨਾਲ ਸਾਡੇ ਮਜ਼ਦੂਰਾਂ ਪਾਸ ਰੋਜ਼ਾਨਾ ਦੀ ਗੁਜ਼ਰ ਵਸਰ ਲਈ ਵੀ ਢੁੱਕਵੀਂ ਰਾਸ਼ੀ ਨਹੀਂ ਹੁੰਦੀ ਜਿਸ ਦਾ ਅਸਰ ਸਮੁੱਚੇ ਪਰਿਵਾਰ 'ਤੇ ਪੈਂਦਾ ਹੈ। ਘਰ ਦੇ ਮੁਖੀ ਕਮਾਊ ਜੀਅ ਦੀ ਢੁੱਕਵੀਂ ਆਮਦਨ ਰਾਸ਼ੀ ਨਾ ਹੋਣ ਕਰਕੇ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵੀ ਕਈ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ ਤਾਂ ਕਿਤੇ ਜਾ ਕੇ ਪਰਿਵਾਰ ਦੀ ਆਈ ਚਲਾਈ ਚਲਦੀ ਹੈ। ਘਰ ਵਿਚ ਪੈਸੇ ਦੀ ਕਮੀ ਕਰਕੇ ਮਜ਼ਦੂਰਾਂ ਦੇ ਬੱਚੇ ਅੱਗੇ ਪੜ੍ਹਨ ਤੋਂ ਵਾਂਝੇ ਰਹਿ ਜਾਂਦੇ ਹਨ। ਉਹ ਚਾਹੁੰਦੇ ਹੋਏ ਵੀ ਜ਼ਿੰਦਗੀ ਵਿਚ ਕੁਝ ਬਣ ਨਹੀਂ ਸਕਦੇ। ਇਸ ਤਰ੍ਹਾਂ ਸਾਡੇ ਮਜ਼ਦੂਰ ਸਾਰੀ ਜ਼ਿੰਦਗੀ, ਜ਼ਿੰਦਗੀ ਦੀ ਗੱਡੀ ਰੇੜ੍ਹਨ ਵਿਚ ਹੀ ਫਸ ਕੇ ਰਹਿ ਜਾਂਦੇ ਹਨ।

ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਮਜ਼ਦੂਰ ਵਰਗ ਦੀ ਭਲਾਈ ਅਤੇ ਕਲਿਆਣ ਵਾਸਤੇ ਕੋਈ ਢੁੱਕਵੇਂ ਅਤੇ ਠੋਸ ਪ੍ਰਬੰਧ ਅੱਜ ਤੱਕ ਵੀ ਨਹੀਂ ਕੀਤੇ। ਕਿਰਤ ਸੁਧਾਰਾਂ ਦੀਆਂ ਗੱਲਾਂ ਬਹੁਤ ਕੀਤੀਆਂ ਜਾਂਦੀਆਂ ਹਨ ਪਰ ਅਸਲੀਅਤ ਵਿਚ ਕੁਝ ਵੀ ਨਹੀਂ ਕੀਤਾ ਜਾਂਦਾ। ਘੱਟ ਤੋਂ ਘੱਟ ਤਨਖ਼ਾਹ ਦਾ ਕਾਨੂੰਨ ਬਹੁਤ ਪੁਰਾਣਾ ਹੈ। ਬੋਨਸ ਦਾ ਕਾਨੂੰਨ ਬਣ ਚੁੱਕਾ ਹੈ। ਮਜ਼ਦੂਰਾਂ ਲਈ ਮੁਆਵਜ਼ੇ ਦਾ ਕਾਨੂੰਨ ਵੀ ਬਣ ਚੁੱਕਾ ਹੈ। ਟਰੇਡ ਯੂਨੀਅਨ ਕਾਨੂੰਨ ਬਣ ਚੁੱਕਾ ਹੈ। ਮਾਲਕਾਂ ਨਾਲ ਝਗੜੇ ਸਬੰਧੀ ਨਿਪਟਾਰੇ ਨਾਲ ਸਬੰਧਿਤ ਕਾਨੂੰਨ ਮੌਜੂਦ ਹੈ। ਅਜਿਹੇ ਹੋਰ ਵੀ ਕਿਰਤੀਆਂ ਨਾਲ ਸਬੰਧਿਤ ਕਾਨੂੰਨ ਬਣ ਚੁੱਕੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਪੱਧਰ 'ਤੇ ਕਿਰਤ ਨਾਲ ਸਬੰਧਤ ਵਿਭਾਗ ਅਤੇ ਮੰਤਰਾਲਾ ਹੈ। ਕਿਰਤ ਵਿਭਾਗ ਤਾਂ 1913 ਵਿਚ ਆਜ਼ਾਦੀ ਤੋਂ ਵੀ ਪਹਿਲਾਂ ਬਣਾ ਦਿੱਤਾ ਗਿਆ ਸੀ ਪਰ ਮਜ਼ਦੂਰਾਂ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ। ਭਾਵੇਂ ਅਮਰੀਕਾ, ਇੰਗਲੈਂਡ, ਜਰਮਨੀ, ਰੂਸ, ਚੀਨ ਅਤੇ ਹੋਰ ਦੇਸ਼ਾਂ ਵਿਚ ਮਜ਼ਦੂਰਾਂ ਨੇ ਵੱਡੇ-ਵੱਡੇ ਵਿਦਰੋਹ ਕਰਕੇ ਉਥੇ ਉਥਲ-ਪੁਥਲ ਵੀ ਕੀਤੀ ਪਰ ਸਾਡੇ ਦੇਸ਼ ਵਿਚ ਮਜ਼ਦੂਰਾਂ ਲਈ ਅਜਿਹਾ ਕਰਨਾ ਵੱਡਾ ਜੋਖ਼ਮ ਮੁੱਲ ਲੈਣ ਵਾਲੀ ਗੱਲ ਹੈ। ਅਜਿਹਾ ਕਰਨਾ ਸਾਡੇ ਮਜ਼ਦੂਰਾਂ ਲਈ ਆਸਾਨ ਨਹੀਂ ਹੈ। ਸਾਡੇ ਦੇਸ਼ ਵਿਚ ਤਾਂ ਮਜ਼ਦੂਰ ਨੂੰ ਰੋਜ਼ਾਨਾ ਦੇ ਆਹਰ ਤੋਂ ਹੀ ਸਾਹ ਨਹੀਂ ਆਉਂਦਾ। ਸਾਡੇ ਮਜ਼ਦੂਰਾਂ ਦਾ ਮਜ਼ਬੂਤ ਸੰਗਠਨ ਵੀ ਨਹੀਂ ਹੈ। ਅਸਲ ਵਿਚ ਉਹ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ। ਉਨ੍ਹਾਂ ਦੀ ਤਾਂ ਕੋਈ ਜਥੇਬੰਦੀ ਹੈ ਹੀ ਨਹੀਂ ਹੈ। ਉਨ੍ਹਾਂ ਨੂੰ ਤਾਂ ਪੂਰਾ ਕੰਮ ਹੀ ਨਹੀਂ ਮਿਲਦਾ। ਦਿਨ ਭਰ ਦੀ ਰੋਟੀ ਦਾ ਆਹਰ ਤਾਂ ਉਹ ਮੁਸ਼ਕਿਲ ਨਾਲ ਕਰਦੇ ਹਨ। ਭਾਵੇਂ ਦੇਸ਼ ਵਿਚ 59 ਹਜ਼ਾਰ ਟਰੇਡ ਯੂਨੀਅਨਾਂ ਹਨ ਪਰ ਜਿੱਥੋਂ ਤੱਕ ਅਨਿਯਮਤ ਖੇਤਰ ਦੇ ਕਾਮਿਆਂ ਦੀ ਗੱਲ ਹੈ, ਉਨ੍ਹਾਂ ਦਾ ਕੋਈ ਸੰਗਠਨ ਨਹੀਂ ਹੈ, ਜੋ ਉਨ੍ਹਾਂ ਖ਼ਾਤਰ ਲੜੇ। ਸਾਡੇ ਕਾਮੇ ਅਨਪੜ੍ਹ ਹੋਣ ਕਰਕੇ ਉਨ੍ਹਾਂ ਨੂੰ ਕਾਨੂੰਨਾਂ ਦੀ ਵਾਕਫ਼ੀਅਤ ਨਹੀਂ ਹੈ। ਉਨ੍ਹਾਂ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਵੀ ਜਾਣਕਾਰੀ ਨਹੀਂ ਹੈ। ਉਹ ਤਾਂ ਮੁਕੰਮਲ ਤੌਰ 'ਤੇ ਅਸੁਰੱਖਿਅਤ ਹਨ। ਇਸ ਲਈ ਸਾਡੇ ਕਾਮਿਆਂ ਦੀ ਹਾਲਤ ਬਹੁਤ ਤਰਸਯੋਗ ਹੈ। ਉਹ ਤਾਂ ਜੂਨ ਗੁਜ਼ਾਰਾ ਕਰਦੇ ਹਨ। ਇਹ ਵੀ ਸੱਚ ਹੈ ਕਿ ਮਜ਼ਦੂਰ ਜ਼ਿਆਦਾਤਰ ਦਲਿਤ ਵਰਗ ਨਾਲ ਸਬੰਧਿਤ ਹਨ। ਉਹ ਜੰਮਦੇ ਹੀ ਗ਼ਰੀਬ ਹੁੰਦੇ ਹਨ। ਸੰਨ 2010 ਵਿਚ ਦੇਸ਼ ਦੇ 98 ਫ਼ੀਸਦੀ ਮਜ਼ਦੂਰਾਂ ਦੀ ਕੋਈ ਵੀ ਜਥੇਬੰਦੀ ਨਹੀਂ ਸੀ। ਉਹ ਕਿਸੇ ਵੀ ਕਾਨੂੰਨ, ਨਿਯਮ ਜਾਂ ਸਮਝੌਤੇ ਤਹਿਤ ਨਹੀਂ ਸੀ ਆਉਂਦੇ। ਅਜਿਹੇ ਹਾਲਾਤ ਵਿਚ ਉਨ੍ਹਾਂ ਦੀ ਕਿਹੜੀ ਸੁਰੱਖਿਆ ਹੋ ਸਕਦੀ ਹੈ? ਉਨ੍ਹਾਂ ਦਾ ਤਾਂ ਕੋਈ ਆਗੂ ਹੀ ਨਹੀਂ ਹੈ। ਜੇਕਰ ਉਨ੍ਹਾਂ ਦਾ ਕੋਈ ਆਗੂ ਬਣ ਵੀ ਜਾਵੇ ਤਾਂ ਉਹ ਉਨ੍ਹਾਂ ਨਾਲ ਹੀ ਸਿਆਸਤ ਖੇਡਦਾ ਹੈ। ਉਹ ਉਨ੍ਹਾਂ ਨੂੰ ਹੀ ਵਰਤਣਾ ਸ਼ੁਰੂ ਕਰ ਦਿੰਦਾ ਹੈ। ਮਜ਼ਦੂਰ ਵਰਗ ਸਮਾਜ ਦਾ ਸਭ ਤੋਂ ਅਣਗੌਲਿਆ ਵਰਗ ਹੈ। ਭਾਵੇਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਨਿੱਤ ਦਿਨ ਦੀਆਂ ਹਨ ਪਰ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਵੱਲ ਕਿਸੇ ਦਾ ਧਿਆਨ ਹੀ ਨਹੀਂ। ਉਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਤਾਂ ਵਾਜਬ ਤਨਖ਼ਾਹ ਅਤੇ ਨਿਰੰਤਰ ਦਿਹਾੜੀ ਦੀ ਹੈ। ਉਨ੍ਹਾਂ ਦੇ ਮਾੜੇ ਰਹਿਣ-ਸਹਿਣ ਵੱਲ ਵੀ ਕਿਸੇ ਦਾ ਧਿਆਨ ਨਹੀਂ ਹੈ। ਉਹ ਸਭ ਤੋਂ ਘਟੀਆ ਅਤੇ ਗੰਦੀਆਂ ਥਾਵਾਂ ਅਤੇ ਬਸਤੀਆਂ ਵਿਚ ਰਹਿੰਦੇ ਹਨ। ਉਨ੍ਹਾਂ ਦਾ ਖਾਣ-ਪੀਣ ਵੀ ਘਟੀਆ ਦਰਜੇ ਦਾ ਹੈ। ਘੱਟ ਪੜ੍ਹੇ-ਲਿਖੇ ਹੋਣ ਕਰਕੇ ਅਤੇ ਕੰਮ ਦੇ ਬੋਝ ਕਰਕੇ ਉਹ ਨਸ਼ਿਆਂ ਦਾ ਸੇਵਨ ਵੀ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਨਿਰੰਤਰ ਕੰਮ ਦੀ ਜ਼ਰੂਰਤ ਹੈ ਜਿਸ ਵੱਲ ਕਿਸੇ ਦਾ ਧਿਆਨ ਹੀ ਨਹੀਂ। ਹੜਤਾਲ ਮੁਜ਼ਾਹਰੇ ਕਰਨੇ ਤਾਂ ਉਨ੍ਹਾਂ ਦੇ ਵੱਸ ਦੀ ਗੱਲ ਹੀ ਨਹੀਂ। ਉਹ ਘਰ ਕਿਸ ਤਰ੍ਹਾਂ ਚਲਾਉਣਗੇ। ਉਹ ਟੁੱਟਵੇਂ ਕੰਮ ਕਰਦੇ ਹਨ। ਸਾਲ ਦਾ ਵੱਡਾ ਹਿੱਸਾ ਤਾਂ ਉਹ ਬੇਰੁਜ਼ਗਾਰ ਹੀ ਰਹਿੰਦੇ ਹਨ। ਕੰਮ ਦੇ ਮੌਕੇ ਉਨ੍ਹਾਂ ਦੀ ਗਿਣਤੀ ਮੁਤਾਬਿਕ ਪੈਦਾ ਨਹੀਂ ਹੋ ਰਹੇ। ਬੇਰੁਜ਼ਗਾਰੀ ਤਾਂ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਸਰਕਾਰਾਂ ਦੀ ਵੀ ਹੁਣ ਨੀਤੀ ਬਣ ਗਈ ਹੈ ਕਿ ਘੱਟ ਤੋਂ ਘੱਟ ਬੰਦਿਆਂ ਨਾਲ ਕੰਮ ਚਲਾਇਆ ਜਾਵੇ ਅਤੇ ਉਨ੍ਹਾਂ ਨੂੰ ਤਨਖ਼ਾਹ ਵੀ ਘੱਟ ਤੋਂ ਘੱਟ ਦਿੱਤੀ ਜਾਵੇ। ਦੇਸ਼ ਦੇ ਵਿਕਾਸ ਵਿਚ ਮਜ਼ਦੂਰ ਜਮਾਤ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹਾ ਕੋਈ ਵੀ ਮੰਨਣ ਲਈ ਤਿਆਰ ਨਹੀਂ। ਕੋਈ ਵੀ ਕਿਸੇ ਵੀ ਕਿਸਮ ਦਾ ਉਤਪਾਦਨ ਕਿਰਤੀ ਤੋਂ ਬਿਨਾਂ ਸੰਭਵ ਨਹੀਂ। ਇਸ ਦੇ ਬਾਵਜੂਦ ਕਿਰਤੀ ਅਤੇ ਕਿਰਤ ਦੀ ਬੇਕਦਰੀ ਹੈ। ਸਮੁੱਚੇ ਸਮਾਜ ਦੀ ਬੁਨਿਆਦ ਕਿਰਤੀ ਦੀ ਕਿਰਤ ਦੇ ਸਿਰ 'ਤੇ ਹੀ ਟਿਕੀ ਹੋਈ ਹੈ। ਭਾਵੇਂ ਕਿਰਤੀਆਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਦੇਸ਼ ਦੀ ਮੁੱਖ ਸਮੱਸਿਆ ਵਜੋਂ ਲੈਣਾ ਚਾਹੀਦਾ ਹੈ ਪਰ ਉਹ ਗ਼ਰੀਬ ਹਨ। ਕੌਣ ਪੁੱਛਦਾ ਗ਼ਰੀਬ ਨੂੰ। ਧੌਣ ਉਪਰ ਗੋਡਾ ਰੱਖਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਉਹ ਤਾਂ ਗੁਜ਼ਾਰਾ ਮਸਾਂ ਕਰਦੇ ਹਨ।

ਦੇਸ਼ ਵਿਚ ਕਿਰਤੀ ਵਰਗ ਦੀ ਇੱਜ਼ਤ ਅਤੇ ਆਬਰੂ ਬਹਾਲ ਕਰਨ ਲਈ ਵੱਡੇ ਕਿਰਤ ਸੁਧਾਰਾਂ ਦੀ ਜ਼ਰੂਰਤ ਹੈ। ਕਿਰਤ ਕਰਨ ਨੂੰ ਹੱਤਕ ਨਹੀਂ ਸਮਝਣਾ ਚਾਹੀਦਾ। ਕਿਰਤੀ ਨੂੰ ਇੱਜ਼ਤ-ਮਾਣ ਮਿਲਣਾ ਚਾਹੀਦਾ ਹੈ ਜੋ ਨਹੀਂ ਮਿਲ ਰਿਹਾ। ਕਿਰਤੀ ਅਤੇ ਉਨ੍ਹਾਂ ਦੇ ਬੱਚਿਆਂ ਦੇ ਪੜ੍ਹਨ-ਲਿਖਣ ਅਤੇ ਕਿੱਤਾਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਰਤੀ ਨਿਰਾਪੁਰਾ ਜਿਸਮਾਨੀ ਕਿਰਤ ਤੱਕ ਹੀ ਸੀਮਤ ਨਾ ਰਹੇ ਅਤੇ ਉਸ ਨੂੰ ਆਪਣੇ ਹੱਕਾਂ ਬਾਰੇ ਜਾਣਕਾਰੀ ਹੋ ਸਕੇ। ਕੰਮ ਦਾ ਅਧਿਕਾਰ ਮੌਲਿਕ ਅਧਿਕਾਰਾਂ ਦੀ ਸੂਚੀ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਕੰਮ ਦੀ ਕੋਈ ਗਰੰਟੀ ਹੋ ਸਕੇ। ਜੇਕਰ ਮਨਸ਼ਾ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ। ਇਹ ਨਹੀਂ ਕਿ ਕੰਮ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਵਿਕਸਿਤ ਦੇਸ਼ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਕੰਮ ਦੀ ਗਰੰਟੀ ਦੇ ਰਹੇ ਹਨ। ਘੱਟ ਤੋਂ ਘੱਟ ਵੇਤਨ ਦਾ ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਕਿਰਤੀ ਨੂੰ ਉਸ ਦਾ ਮਿਹਨਤਾਨਾ ਪੂਰਾ ਮਿਲੇ ਅਤੇ ਉਸ ਦਾ ਸ਼ੋਸ਼ਣ ਰੁਕ ਸਕੇ। ਕਿਰਤ ਕਾਨੂੰਨਾਂ ਵਿਚ ਸੁਧਾਰ ਕੀਤਾ ਜਾਵੇ। ਕਾਨੂੰਨ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸੁਰੱਖਿਆ ਦੇਣ। ਮਜ਼ਦੂਰਾਂ ਦਾ ਰਹਿਣ-ਸਹਿਣ ਉੱਚਾ ਚੁੱਕਣ ਦੇ ਯਤਨ ਕਰਨੇ ਵੀ ਅਤਿ ਜ਼ਰੂਰੀ ਹਨ। ਉਨ੍ਹਾਂ ਨੂੰ ਸਿਹਤ ਸਹੂਲਤ ਵੀ ਸਰਕਾਰ ਮੁਫ਼ਤ ਜਾਂ ਬਹੁਤ ਘੱਟ ਕੀਮਤ 'ਤੇ ਮੁਹੱਈਆ ਕਰਵਾਏ। ਉਨ੍ਹਾਂ ਦੀ ਬੱਚਤ ਤਾਂ ਹੈ ਨਹੀਂ। ਮਹਿੰਗੇ ਇਲਾਜ ਕਰਾਉਣ ਦੀ ਉਨ੍ਹਾਂ ਦੀ ਸਮਰੱਥਾ ਨਹੀਂ ਹੈ। ਸਭ ਤੋਂ ਵੱਡੀ ਗੱਲ ਮਜ਼ਦੂਰਾਂ ਲਈ ਕੰਮ ਦਾ ਪ੍ਰਬੰਧ ਕਰਨ ਦੀ ਹੈ। ਉਨ੍ਹਾਂ ਨੂੰ ਪੂਰਾ ਕੰਮ ਨਹੀਂ ਮਿਲ ਰਿਹਾ। ਉਨ੍ਹਾਂ ਨੂੰ ਵਾਜਬ ਵੇਤਨ ਜ਼ਰੂਰ ਮਿਲਣਾ ਚਾਹੀਦਾ ਹੈ ਜੋ ਨਹੀਂ ਹੋ ਰਿਹਾ ਹੈ। ਮਜਬੂਰੀ ਵੱਸ ਉਨ੍ਹਾਂ ਨੂੰ ਆਪਣੀ ਕਿਰਤ ਨੂੰ ਨਿਗੁਣੀ ਕੀਮਤ 'ਤੇ ਵੇਚਣਾ ਪੈਂਦਾ ਹੈ। ਵੈਸੇ ਵੀ ਸਾਡੇ ਦੇਸ਼ ਵਿਚ ਕਿਰਤੀ ਦਾ ਮਿਹਨਤਾਨਾ ਬਹੁਤ ਘੱਟ ਹੈ। ਮਿਹਨਤਾਨਾ ਏਨਾ ਘੱਟ ਹੈ ਕਿ ਕਿਰਤੀ ਲਈ ਆਪਣਾ, ਆਪਣੇ ਪਰਿਵਾਰ ਦਾ ਪੇਟ ਪਾਲਣਾ ਵੀ ਔਖਾ ਹੈ। ਕਿਰਤੀ ਦਾ ਮਿਹਨਤਾਨਾ ਕੀਮਤ ਸੂਚਕ ਅੰਕ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਕੀਮਤਾਂ ਦੇ ਵਾਧੇ ਨਾਲ ਉਸ ਦਾ ਮਿਹਨਤਾਨਾ ਵੀ ਵਧੇ। ਉਨ੍ਹਾਂ ਨੂੰ ਤਾਂ ਘੱਟ ਤੋਂ ਘੱਟ ਵੇਤਨ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦਾ ਸ਼ੋਸ਼ਣ ਵੱਡੇ ਪੱਧਰ 'ਤੇ ਹੋ ਰਿਹਾ ਹੈ। ਭਾਵੇਂ ਉਹ ਸਖ਼ਤ ਮਿਹਨਤ ਕਰਦੇ ਹਨ ਪਰ ਉਜਰਤ ਵਾਜਬ ਨਾ ਹੋਣ ਕਰਕੇ ਉਹ ਬੇਚੈਨ ਰਹਿੰਦੇ ਹਨ। ਉਪਰੋਕਤ ਸਭ ਕੁਝ ਕਿਰਤ ਸੁਧਾਰਾਂ ਦਾ ਹਿੱਸਾ ਹੋਣਾ ਚਾਹੀਦਾ ਹੈ। ਕਿਰਤ ਸੁਧਾਰ ਸਮੇਂ ਮੁਤਾਬਿਕ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਕਿ ਸਮੇਂ ਮੁਤਾਬਿਕ ਕਿਰਤੀ ਵਰਗ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ। ਕਹਿਣ ਦਾ ਭਾਵ ਸਰਕਾਰ ਨੂੰ ਕਿਰਤੀ ਵਰਗ ਦੀ ਭਲਾਈ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਜੋ ਦੇਸ਼ ਦੇ ਵੱਡੇ ਹਿਤਾਂ ਵਿਚ ਹੈ।

*ਐਡਵੋਕੇਟ, ਚੇਅਰਮੈਨ ਯੂਨੀਵਰਸਲ ਮਨੁੱਖੀ ਅਧਿਕਾਰ ਬਿਓਰੋ

# ਪ੍ਰਸ਼ਾਸਨ ਤੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਚਿੰਨ੍ਹ ਨੌਦੀਪ ਕੌਰ ਦੀ ਰਿਹਾਈ

**ਹਰਕੀਰਤ ਕੌਰ**
9779118066

ਕਿਸਾਨੀ ਅੰਦੋਲਨ ਨੂੰ ਚਲਦਿਆਂ ਦੋ ਮਹੀਨਿਆਂ ਤੋਂ ਉੱਪਰ ਸਮਾਂ ਹੋ ਚੱਲਿਆ ਹੈ। ਇਹਨਾਂ ਦੋ ਮਹੀਨਿਆਂ ਵਿੱਚ ਬਹੁਤ ਕੁਝ ਦੇਖਣ ਨੂੰ ਮਿਲਿਆ। ਕਈਆਂ ਦੇ ਦੋਗਲੇ ਚਿਹਰੇ ਬੇਨਕਾਬ ਹੋਏ ਅਤੇ ਕਈਆਂ ਦੇ ਆਪਣੀ ਕੌਮ ਪ੍ਰਤੀ ਅੰਦੋਲਨ ਵਿੱਚ ਨਿਭਾਈ ਜ਼ਿੰਮੇਵਾਰੀ ਨੇ ਲੋਕਾਂ ਦੇ ਦਿਲਾਂ ਉੱਤੇ ਰਾਜ ਕੀਤਾ। ਕਈਆਂ ਨੇ ਸਿਰ ਵਿੱਚ ਡਾਂਗਾਂ ਖਾਦੀਆਂ ਅਤੇ ਕਈਆਂ ਨੇ ਅੱਥਰੂ ਗੈਸ ਦੇ ਗੋਲਿਆਂ ਨਾਲ ਆਪਣੇ ਆਪ ਨੂੰ ਜ਼ਖਮੀ ਕਰਵਾਇਆ। ਕਈਆਂ ਨੂੰ ਜਬਰਦਸਤੀ ਚੁੱਕ ਕੇ ਜੇਲ੍ਹ ਵਿੱਚ ਤਾੜਿਆ ਗਿਆ। ਜੇਲ੍ਹ ਵਿੱਚ ਕੈਦ ਕਰਨ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਬੇਕਸੂਰ ਕਿਸਾਨਾਂ ਅਤੇ ਅੰਦੋਲਨਕਾਰੀਆਂ ਨੂੰ ਬਿਨਾ ਕਿਸੇ ਕਾਰਨ ਅਤੇ ਜ਼ੁਲਮ ਦੇ ਜੇਲ੍ਹ ਵਿੱਚ ਸੁੱਟਿਆ ਗਿਆ ਹੈ। ਇਹਨਾਂ ਵਿਚੋਂ ਹੀ ਇੱਕ ਨਾਮ ਸਾਹਮਣੇ ਆ ਰਿਹਾ ਹੈ ਨੌਦੀਪ ਕੌਰ। ਇਸ 23 ਸਾਲਾਂ ਨੌਜਵਾਨ ਲੜਕੀ ਨੂੰ ਲਗਭਗ 12 ਜਨਵਰੀ ਨੂੰ ਹਰਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਨੌਦੀਪ ਕੌਰ ਦੀ ਜਨਮ ਜ਼ਿਲ੍ਹਾ ਮੁਕਤਸਰ ਵਿੱਚ ਹੋਇਆ। ਇਹ ਲੜਕੀ ਇੱਕ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦੀ ਹੈ। ਦਿੱਲੀ ਵਿੱਚ ਪੜ੍ਹਾਈ ਕਰਨ ਦੇ ਨਾਲ ਨਾਲ ਪਾਰਟ ਟਾਈਮ ਜੌਬ ਕਰਦੀ ਨੌਦੀਪ ਨੇ ਮਹਿਸੂਸ ਕੀਤਾ ਕਿ ਮਜ਼ਦੂਰਾਂ ਨੂੰ ਉਹਨਾਂ ਦੇ ਹੱਕ ਨਹੀਂ ਮਿਲ ਰਹੇ। ਸੋ ਪਿਛਲੇ ਕੁਝ ਸਮੇਂ ਤੋਂ ਉਹ ਸਥਾਨਕ ਮਜ਼ਦੂਰਾਂ ਨਾਲ ਮਿਲ ਕੇ ਉਹਨਾਂ ਦੇ ਹੱਕਾਂ ਲਈ ਅਵਾਜ ਉਠਾ ਰਹੀ ਹੈ ਅਤੇ ਪ੍ਰਦਰਸ਼ਨ ਕਰਦੀ ਆ ਰਹੀ ਹੈ। ਇਸੇ ਦੌਰਾਨ 12 ਜਨਵਰੀ ਨੂੰ ਨੌਦੀਪ ਕੌਰ ਨੂੰ ਕੁੰਡਲੀ ਬਾਰਡਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਰਨਾਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਨੌਦੀਪ ਕੌਰ ਦੀ ਭੈਣ ਅਤੇ ਮਾਂ ਨੇ ਦੱਸਿਆ ਕਿ ਨੌਦੀਪ ਕੌਰ ਨਾਲ ਜੇਲ੍ਹ ਵਿੱਚ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ, ਉਸਦੀ ਮਾਂ ਦੁਆਰਾ ਇਹ ਵੀ ਦੱਸਿਆ ਗਿਆ ਕਿ ਨੌਦੀਪ ਦੇ ਪੈਰਾਂ ਵਿੱਚੋਂ ਖੂਨ ਨਿਕਲ ਰਿਹਾ ਸੀ ਅਤੇ ਉਹ ਕੁਝ ਵੀ ਨਾ ਬੋਲਣ ਦੀ ਹਾਲਾਤ ਵਿੱਚ ਸੀ। ਉਹਨਾਂ ਇਹ ਵੀ ਦੱਸਿਆ ਕਿ ਨੌਦੀਪ ਉਪਰ ਜਿਨ੍ਹਾਂ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ, ਉਹਨਾਂ ਵਿੱਚ ਜ਼ਮਾਨਤ ਵੀ ਨਹੀਂ ਹੋ ਸਕਦੀ। ਦਰਦ ਭਰੀ ਅਵਾਜ ਵਿੱਚ ਮਾਂ ਦੇ ਬੋਲ ਸਨ ਕਿ ਕੋਈ ਵੀ ਸਰਕਾਰ ਜਾਂ ਮੰਤਰੀ ਸਾਡੀ ਬਾਂਹ ਨਹੀਂ ਫੜ ਰਿਹਾ।

ਅਸੀਂ ਸਾਰੇ ਜਾਣਦੇ ਹਾਂ ਕਿ ਨਜਾਇਜ਼ ਗ੍ਰਿਫ਼ਤਾਰੀਆਂ, ਡਾਂਗਾਂ, ਸੋਟੇ ਅੰਦੋਲਨ ਦਾ ਇੱਕ ਹਿੱਸਾ ਹੁੰਦੇ ਹਨ। ਪਰ ਏਨਾ ਤਸ਼ੱਦਦ ਕਿ ਇੱਕ ਨੌਜਵਾਨ ਲੜਕੀ ਨੂੰ ਬਿਨਾ ਕਿਸੇ ਜੁਰਮ ਜਾਂ ਗਲਤੀ ਦੇ ਜੇਲ ਵਿੱਚ ਮਾਰਿਆ ਕੁੱਟਿਆ ਜਾ ਰਿਹਾ ਹੈ। ਕੋਈ ਵੀ ਸਰਕਾਰ, ਪ੍ਰਸ਼ਾਸਨ ਜਾਂ ਕਿਸਾਨੀ ਆਗੂ ਕਿਸੇ ਨੇ ਕਿਤੇ ਵੀ ਨੌਦੀਪ ਕੌਰ ਦੀ ਰਿਹਾਈ ਦੀ ਗੱਲ ਨਹੀਂ ਕੀਤੀ। ਇੱਥੋਂ ਤੱਕ ਕਿ ਸ਼ੋਸਲ ਮੀਡੀਏ ਤੋਂ ਇਲਾਵਾ ਨਾ ਕਿਸੇ ਅਖਬਾਰ ਵਿੱਚ ਅਤੇ ਨਾ ਹੀ ਟੈਲੀਵਿਜਨ ਚੈਨਲ ਉੱਪਰ ਨੌਦੀਪ ਕੌਰ ਦੀ ਗ੍ਰਿਫਤਾਰੀ ਦੀ ਗੱਲ ਕੀਤੀ ਗਈ। ਆਖਰ ਪੁਲਿਸ ਪ੍ਰਸ਼ਾਸਨ ਇਸ ਗੱਲ ਦਾ ਉੱਤਰ ਦੇਵੇ ਕਿ ਕਿਸ ਜੁਰਮ ਤਹਿਤ ਇਸ ਬੱਚੀ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਇੱਕ ਪਾਸੇ ਅਸੀ ਚਿੰਤਤ ਰਹਿੰਦੇ ਹਾਂ ਕਿ ਨੌਜਵਾਨ ਲੜਕੇ ਲੜਕੀਆਂ ਆਪਣੇ ਰਸਤੇ ਤੋਂ ਭਟਕ ਰਹੇ ਹਨ ਦੂਸਰੇ ਪਾਸੇ ਜਿਹੜੇ ਨੌਜਵਾਨ ਸਮਾਜ ਲਈ ਦੇਸ਼ ਦੇ ਲੋਕਾਂ ਦੀ ਅਵਾਜ ਬੁਲੰਦ ਕਰ ਰਹੇ ਹਨ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਜਿੰਨਾ ਘਾਣ ਭਾਰਤ ਵਿੱਚ ਲੋਕਤੰਤਰ ਦਾ ਹੋਇਆ ਕਿਸੇ ਹੋਰ ਦੇਸ਼ ਵਿੱਚ ਹੋਇਆ ਹੋਵੇਗਾ। ਦੇਸ਼ ਦੇ ਰਖਵਾਲਿਆਂ ਨੇ ਐਸੀਆਂ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਕਿ ਭਾਰਤੀ ਸਰਕਾਰ ਨੂੰ ਪੂਰੇ ਸੰਸਾਰ ਭਰ ਵਿਚੋਂ ਲਾਹਨਤਾਂ ਹੀ ਮਿਲ ਰਹੀਆਂ ਹਨ। ਪਰ ਨੌਦੀਪ ਦੀ ਗ੍ਰਿਫਤਾਰੀ ਅਤੇ ਫਿਰ ਉਸਦੇ ਹੱਕ ਵਿੱਚ ਕਿਸੇ ਵੀ ਸਰਕਾਰ , ਆਗੂ ਜਾਂ ਮੰਤਰੀ ਵੱਲੋਂ ਨਾ ਬੋਲਣਾ ਸਰਕਾਰ ਅਤੇ ਪ੍ਰਸ਼ਾਸਨ ਦੋਨਾਂ ਦੀ ਕਾਰਗੁਜਾਰੀ ਉੱਪਰ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਪਰ ਸਾਨੂੰ ਸਾਰਿਆਂ ਨੂੰ ਮਾਣ ਹੈ ਇਸ ਬਹਾਦਰ ਲੜਕੀ ਉੱਪਰ ਜਿਸਨੇ ਆਪਣੀ ਜਾਨ, ਮਾਣ ਦੀ ਪਰਵਾਹ ਨਾ ਕਰਦਿਆਂ ਲੋਕਾਂ ਦੇ ਹੱਕ ਵਿੱਚ ਅਵਾਜ ਉਠਾਈ। ਹੁਣ ਸਰਕਾਰ ਨੂੰ ਆਪਣੀ ਜਿੰਮੇਵਾਰੀ ਸਮਝਦੇ ਹੋਏ ਇਸ ਲੜਕੀ ਦੀ ਰਿਹਾਈ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦ ਵੋਟਾਂ ਲੈਣ ਗਏ ਮੰਤਰੀਆਂ ਨੂੰ ਲੋਕਾਂ ਨੇ ਪਿੰਡਾਂ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਅਲਵਿਦਾ ਬੋਲ ਦੇਣੀ ਹੈ ਜਾਂ ਕਿਸੇ ਮੰਤਰੀ ਨੂੰ ਆਉਂਦਿਆਂ ਦੇਖ ਆਪਣੇ ਦਰਵਾਜੇ ਬੰਦ ਕਰ ਲਿਆ ਕਰਨੇ ਹਨ। ਸੋ ਜਿਸਦਾ ਜਿੰਨਾ ਫਰਜ ਬਣਦਾ ਹੈ ਆਪਣੇ ਫਰਜ ਨੂੰ ਪਹਿਚਾਣੋ ਅਤੇ ਅਨਿਆਂ ਵਿਰੁੱਧ ਛਿੜੀ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਓ। ਮਾਣ ਹੈ ਇਸ ਧੀ ਉੱਪਰ ਪੂਰੇ ਦੇਸ਼ ਨੂੰ ਕਿਉਂਕਿ ਅੰਦੋਲਨਾਂ ਵਿੱਚ ਗ੍ਰਿਫਤਾਰੀਆਂ ਦੇਣ ਵਾਲੇ ਲੋਕ ਆਮ ਨਹੀਂ ਹੁੰਦੇ।

# ਸਾਕਾ ਨਨਕਾਣਾ ਸਾਹਿਬ

**ਬਲਜੀਤ ਸਿੰਘ ਖ਼ਾਲਸਾ**

ਮੁਗਲ ਹਕੂਮਤ ਉੱਪਰ ਫ਼ਤਿਹ ਪਾ ਕੇ ਜਦੋਂ ਸਿੱਖਾਂ ਨੇ ਪੰਜਾਬ ਵਿਚ ਆਪਣਾ ਰਾਜ ਕਾਇਮ ਕੀਤਾ ਤਾਂ ਉਨ੍ਹਾਂ ਨੇ ਪੁਜਾਰੀਆਂ ਨੂੰ ਗੁਰਦੁਆਰਿਆਂ ਵਿੱਚੋਂ ਨਾ ਕੱਢਿਆ, ਸ਼ਾਇਦ ਇਸ ਲਈ ਕਿ ਉਨ੍ਹਾਂ ਨੇ ਬਿਖੜੇ ਸਮੇਂ ਵਿੱਚ ਗੁਰਧਾਮਾਂ ਦੀ ਸੇਵਾ-ਸੰਭਾਲ਼ ਕੀਤੀ ਸੀ। ਕੁਝ ਵੀ ਹੋਵੇ ਇਸ ਨਾਲ ਇਹ ਮਹੰਤ ਆਪਣੇ ਆਪ ਨੂੰ ਗੁਰਦੁਆਰਿਆਂ ਦੇ ਮਾਲਕ ਸਮਝਣ ਲੱਗ ਪਏ।

ਜੇ ਹਾਲਤ ਇੱਥੋਂ ਤੱਕ ਹੀ ਰਹਿੰਦੀ ਤਾਂ ਇਹ ਇਕ ਮਸਲਾ ਨਾ ਬਣਦੀ, ਪਰ ਸਿੱਖ ਹਕੂਮਤ ਦਾ ਸੂਰਜ ਡੁੱਬਦਿਆਂ ਹੀ ਜਦੋਂ ਉਨ੍ਹਾਂ ਨੂੰ ਫ਼ਰੰਗੀ (ਅੰਗਰੇਜ਼) ਦਾ ਥਾਪੜਾ ਮਿਲਣਾ ਸ਼ੁਰੂ ਹੋਇਆ ਤਾਂ ਉਨ੍ਹਾਂ ਨੇ ਪਵਿੱਤਰ ਗੁਰਧਾਮਾਂ ਨੂੰ ਆਪਣੀ ਆਯਾਸ਼ੀ ਦੇ ਅੱਡੇ ਬਣਾ ਲਿਆ। ਹਰ ਤਰ੍ਹਾਂ ਦੇ ਕੁਕਰਮ ਗੁਰਧਾਮਾਂ ਦੀ ਚਾਰ ਦੀਵਾਰੀ ਦੇ ਅੰਦਰ ਹੋਣ ਲੱਗੇ। ਬੀਬੀਆਂ ਦਾ ਗੁਰਦੁਆਰੇ ਜਾਣਾ ਹੀ ਅਸੰਭਵ ਹੋ ਗਿਆ। ਪੁਜਾਰੀਆਂ ਤੇ ਮਹੰਤਾਂ ਨੇ ਹਿੱਕ ਥਾਪੜ ਕੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ (ਗੁਰਧਾਮ) ਸਾਡੀਆਂ ਦੁਕਾਨਾਂ ਹਨ। ਪਵਿੱਤਰ ਗੁਰਧਾਮਾਂ ਦੀ ਚਾਰ ਦੀਵਾਰੀ ਅੰਦਰ ਕਈ ਯਾਤਰੂ ਪਰਿਵਾਰਾਂ ਦੀਆਂ ਸੋਹਲ ਕਲੀਆਂ ਨਾਲ ਜਦੋਂ ਸਮੂਹਿਕ ਬਲਾਤਕਾਰ ਹੋਏ ਤਾਂ ਸਿੱਖਾਂ ਦੀ ਨੀਂਦ ਖੁੱਲ੍ਹੀ ਅਤੇ ਸਿੱਖਾਂ ਨੇ ਥਾਂ-ਥਾਂ ਜਥੇਬੰਦ ਹੋ ਕੇ ਗੁਰਦੁਆਰੇ, ਮਹੰਤਾਂ ਤੋਂ ਆਜ਼ਾਦ ਕਰਵਾ ਕੇ ਪੰਥਕ ਪ੍ਰਬੰਧ ਵਿਚ ਲੈਣੇ ਅਰੰਭੇ।

ਗੁਰੂ ਨਾਨਕ ਸਾਹਿਬ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਮਹੰਤ ਨਰੈਣ ਦਾਸ ਦੇ ਕਬਜ਼ੇ ਵਿਚ ਸੀ। ਉਹ ਉਸ ਪੂਰੇ ਇਲਾਕੇ ਵਿਚ ਇਕ ਚੋਟੀ ਦਾ ਬਦਮਾਸ਼ ਮੰਨਿਆ ਜਾਂਦਾ ਸੀ। ਉਸ ਸਮੇਂ ਦੀ ਅੰਗਰੇਜ਼ ਹਕੂਮਤ ਇਸ ਦੀ ਪਿੱਠ 'ਤੇ ਸੀ। ਇਸ ਨੇ ਇਕ ਗੁੱਝੀ ਸਾਜ਼ਿਸ਼ ਤਹਿਤ 6 ਮਾਰਚ, 1921 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪੰਥਕ ਆਗੂਆਂ ਨਾਲ ਗੱਲਬਾਤ ਦਾ ਢੌਂਗ ਰਚਿਆ ਪਰ ਮੀਟਿੰਗ ਸਮੇਂ ਪੰਥਕ ਆਗੂਆਂ ਨੂੰ ਕਤਲ ਕਰਵਾਉਣ ਦੀ ਅਜਿਹੀ ਸਾਜ਼ਿਸ਼ ਰਚ ਲਈ ਜਿਸ ਵਿਚ ਉਹ ਆਪ ਬਿਲਕੁਲ ਹੀ ਦੋਸ਼ੀ ਨਹੀਂ ਸੀ ਮੰਨਿਆ ਜਾਣਾ। ਇਸ ਸਾਜ਼ਿਸ਼ ਦੀ ਸੂਹ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਭਾਈ ਵਰਿਆਮ ਸਿੰਘ ਤੋਂ ਮਿਲ ਗਈ, ਜਿਸ ਨੂੰ ਇਸੇ ਹੀ ਮਕਸਦ ਨਾਲ ਨਰੈਣ ਦਾਸ ਕੋਲ ਛੱਡਿਆ ਹੋਇਆ ਸੀ। ਜਥੇਦਾਰ ਝੱਬਰ ਨੇ ਚੋਣਵੇਂ ਸਿੱਖਾਂ ਨਾਲ ਸਲਾਹ ਕਰ ਕੇ ਨਿਰਧਾਰਿਤ ਮਿਤੀ ਤੋਂ ਪਹਿਲਾਂ ਹੀ ਜਥਿਆਂ ਦੇ ਰੂਪ ਵਿਚ ਪੁੱਜ ਕੇ ਗੁਰਦੁਆਰਾ ਨਨਕਾਣਾ ਸਾਹਿਬ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕਰ ਲਿਆ।

ਇਹ ਫ਼ੈਸਲਾ ਬਾਕੀ ਪੰਥਕ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਤੋਂ ਗੁਪਤ ਹੀ ਰੱਖਿਆ ਗਿਆ ਸੀ ਤੇ ਇਸ ਲਈ 21 ਫ਼ਰਵਰੀ, 1921 ਦੀ ਤਾਰੀਖ਼ ਨਿਰਧਾਰਿਤ ਕਰ ਲਈ ਗਈ ਸੀ। ਵੱਖੋ-ਵੱਖ ਥਾਵਾਂ ਤੋਂ ਕਈ ਜਥੇ ਨਨਕਾਣਾ ਸਾਹਿਬ ਪੁੱਜਣੇ ਸਨ, ਪਰ ਐਨ ਇਕ ਦਿਨ ਪਹਿਲਾਂ ਕਿਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਆਦਿਕ ਪੰਥਕ ਆਗੂਆਂ ਨੂੰ ਇਸ ਪ੍ਰੋਗਰਾਮ ਦਾ ਪਤਾ ਲੱਗ ਗਿਆ ਤੇ 20 ਫ਼ਰਵਰੀ ਨੂੰ ਹੀ ਇਹ ਪ੍ਰੋਗਰਾਮ ਮੁਲਤਵੀ ਕਰਨ ਦਾ ਪੰਥਕ ਹੁਕਮ ਸ. ਦਲੀਪ ਸਿੰਘ ਅਤੇ ਸ. ਜਸਵੰਤ ਸਿੰਘ ਝਬਾਲ ਰਾਹੀਂ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਉਸ ਵੇਲੇ ਮਿਲਿਆ ਜਦੋਂ ਉਨ੍ਹਾਂ ਦੀ ਅਗਵਾਈ ਵਿਚ ਕਈ ਜਥੇ ਕੂਚ ਕਰਨ ਲਈ ਤਿਆਰ ਹੀ ਸਨ। ਗੁਰੂ ਪੰਥ ਦੇ ਇਸ ਹੁਕਮ ਨੇ ਸਭ ਨੂੰ ਸੋਚਾਂ ਨਨਕਾਣਾ ਸਾਹਿਬ ਵੱਲ ਕਦਮ ਵਧਾਉਣ ਹੀ ਲੱਗਾ ਸੀ। ਇਸ ਸਮੇਂ ਪੰਥ ਦਾ ਹੁਕਮ ਪੜ੍ਹ ਕੇ ਦੋਚਿੱਤੀ ਜਿਹੀ ਪੈਦਾ ਹੋਈ ਤਾਂ ਭਾਈ ਟਹਿਲ ਸਿੰਘ ਨੇ ਸੋਧੇ ਹੋਏ ਅਰਦਾਸੇ ਦੀ ਮਹੱਤਤਾ ਬਾਰੇ ਅਕਾਲੀ ਫੂਲਾ ਸਿੰਘ ਵਾਲੇ ਸ਼ਬਦ ਹੀ ਨਹੀਂ ਦੁਹਰਾਏ ਸਗੋਂ ਉਹ ਕਰਨੀ ਵੀ ਦੁਹਰਾ ਦਿੱਤੀ



ਵਿਚ ਪਾ ਦਿੱਤਾ। ਕਰਤਾਰ ਸਿੰਘ ਝੱਬਰ ਨੇ ਕਿਹਾ ਕਿ ਜੇਕਰ ਮਿਥੇ ਪ੍ਰੋਗਰਾਮ ਅਨੁਸਾਰ ਹੋਰ ਛੋਟੇ-ਛੋਟੇ ਜਥੇ ਨਨਕਾਣਾ ਸਾਹਿਬ ਪੁੱਜ ਗਏ ਤਾਂ ਹੋਣ ਵਾਲੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ? ਇਸ 'ਤੇ ਸ. ਦਲੀਪ ਸਿੰਘ ਨੇ ਸਾਰੇ ਜਥਿਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਅਤੇ ਜਥੇਦਾਰ ਝੱਬਰ ਨੇ ਬਾਕੀ ਪ੍ਰੋਗਰਾਮ ਮੁਲਤਵੀ ਕਰ ਦਿੱਤਾ।

ਹੁਣ ਦਲੀਪ ਸਿੰਘ ਹੋਰੀਂ ਚਾਰ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਖਿੰਡ ਗਏ ਤੇ ਸਾਰੀ ਰਾਤ ਨਨਕਾਣਾ ਸਾਹਿਬ ਵੱਲ ਜਾ ਰਹੇ ਛੋਟੇ-ਮੋਟੇ ਜਥਿਆਂ ਨੂੰ ਪੰਥਕ ਹੁਕਮ ਤਹਿਤ ਵਾਪਸ ਮੋੜਦੇ ਰਹੇ, ਪਰ ਸ. ਲਛਮਣ ਸਿੰਘ ਧਾਰੋਵਾਲੀ ਦਾ ਜਥਾ, ਇਨ੍ਹਾਂ ਨੂੰ ਨਾ ਮਿਲਿਆ। ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਇਹ ਨਨਕਾਣਾ ਸਾਹਿਬ ਦੇ ਲਾਗੇ ਵੀ ਪੁੱਜੇ, ਪਰ ਇੱਥੇ ਵੀ ਜਥੇ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ। ਸ. ਦਲੀਪ ਸਿੰਘ ਨੇ ਸੋਚਿਆ ਕਿ ਸ਼ਾਇਦ ਜਥੇ ਨੂੰ ਪੰਥ ਦਾ ਸੁਨੇਹਾ ਮਿਲ ਗਿਆ ਹੋਵੇਗਾ ਇਸ ਲਈ ਉਹ ਆਪ ਉੱਥੇ ਨੇੜੇ ਹੀ ਇਕ ਗੁਰਮੁਖ ਸੱਜਣ (ਸ. ਉੱਤਮ ਸਿੰਘ) ਦੇ ਕਾਰਖ਼ਾਨੇ ਚਲੇ ਗਏ ਤੇ ਪੰਥਕ ਚਿੱਠੀ ਭਾਈ ਵਰਿਆਮ ਸਿੰਘ ਨੂੰ ਦੇ ਕੇ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ 'ਤੇ ਨਿਗਰਾਨੀ ਰੱਖਣ ਤੇ ਜਥਾ ਆਉਣ ਦੀ ਸੂਰਤ ਵਿਚ ਉਸ ਨੂੰ ਪੰਥ ਦਾ ਹੁਕਮ ਵਿਖਾ ਕੇ ਰੋਕਣ ਲਈ ਭੇਜ ਦਿੱਤਾ।

ਭਾਈ ਵਰਿਆਮ ਸਿੰਘ ਨੂੰ ਭਾਈ ਲਛਮਣ ਸਿੰਘ ਦਾ ਜਥਾ ਉਦੋਂ ਲੱਭਾ ਜਦੋਂ ਉਹ ਅਰਦਾਸਾ ਸੋਧ ਚੁੱਕਣ ਪਿੱਛੋਂ ਜਦੋਂ ਉਹ ਆਪ ਇਕੱਲੇ ਹੀ ਨਨਕਾਣਾ ਸਾਹਿਬ ਵੱਲ ਤੁਰ ਪਏ। ਹੁਣ ਕੌਣ ਪਿੱਛੇ ਰਹਿੰਦਾ?

ਨਨਕਾਣਾ ਸਾਹਿਬ ਦੀ ਪਵਿੱਤਰ ਧੂੜ ਨੂੰ ਮੱਥਿਆਂ 'ਤੇ ਲਾ ਕੇ ਸਭ ਸਿੰਘਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਫਿਰ ਪ੍ਰਕਾਸ਼ ਅਸਥਾਨ 'ਤੇ ਪਹੁੰਚ ਕੇ ਸਾਰੇ ਸਿੰਘ ਵੱਖ-ਵੱਖ ਥਾਵਾਂ 'ਤੇ ਸਜ ਗਏ ਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਉੱਧਰ ਸ਼ਰਾਬ ਨਾਲ ਗੁੱਟ ਬਦਮਾਸ਼ਾਂ ਨੇ ਆਪਣੇ ਹਥਿਆਰ ਸੰਭਾਲਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਵੀ ਇਕ ਦਿਨ ਪਹਿਲਾਂ ਹੀ ਜਥੇ ਦੇ ਆਉਣ ਦੀ ਕਨਸੋਅ ਮਿਲ ਗਈ ਸੀ ਤੇ ਨਰੈਣੂ ਨੇ ਸਾਰੀ ਰਾਤ ਤਿਆਰੀ ਵਿਚ ਹੀ ਲੰਘਾਈ ਸੀ। ਉਹ ਜਥੇ ਦੀ ਉਡੀਕ ਹੀ ਕਰ ਰਹੇ ਸਨ। ਨਰੈਣੂ ਨੇ ਜਿੱਥੇ ਕਤਲੇਆਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ, ਉੱਥੇ ਇਹ ਕਤਲੇਆਮ ਸਿੱਖਾਂ ਦੇ ਹਥਿਆਰਬੰਦ ਹਮਲੇ ਕਾਰਨ ਹੋਈ ਲੜਾਈ ਦਾ ਸਿੱਟਾ, ਸਾਬਤ ਕਰਨ ਦੀ ਵਿਉਂਤ ਵੀ ਸੋਚ ਰੱਖੀ ਸੀ। ਆਸਾ ਦੀ ਵਾਰ ਦੀ ਮਨੋਹਰ ਧੁਨੀ ਆਰੰਭ ਹੁੰਦਿਆਂ ਹੀ ਉਹ ਆਪਣੇ ਗੁੰਡਿਆਂ ਨਾਲ ਹਥਿਆਰ ਚੁੱਕ ਕੇ ਪ੍ਰਭੂ ਕੀਰਤਨ ਵਿਚ ਲੀਨ ਸਿੱਖਾਂ ਦੀ ਰੱਤ ਵਿਚ ਨਹਾਉਣ ਲਈ ਉੱਠ ਤੁਰਿਆ। ਇਸ ਦਰਦਨਾਕ ਦ੍ਰਿਸ਼ ਨੂੰ ਅੱਖਾਂ ਅੱਗੇ ਲਿਆਉਂਦਾ ਇਕ ਸ਼ਾਇਰ ਹੌਕਾ ਭਰਦਾ ਹੈ:

ਨਾ ਰਹਿਣੇ ਨਰੈਣੇ ਦਾ ਜੱਗ ਅੰਦਰ, ਘਰ ਘਰ ਚਰਚਾ ਜਦੋਂ ਕਮਾਲ ਤੁਰਿਆ।<br>
ਰਾਜ ਗੁਰੂ ਨੇ ਜੀਹਨੂੰ ਬਹਾਲਿਆ ਸੀ, ਚੱਕੀ ਚੱਟਣ ਉਹ ਉੱਠ ਛਨਾਲ ਤੁਰਿਆ।<br>
ਕਹਿੰਦਾ ਵਾਹਿਗੁਰੂ ਵਾਹਿਗੁਰੂ ਸਿੱਖ ਜਥਾ, ਐਸ ਗੱਲ ਦੀ ਕਰਨ ਪੜਤਾਲ ਤੁਰਿਆ।<br>
ਬੈਠਾ ਮੋਰਚੇ ਗੱਡ ਕੇ ਦੁਸ਼ਟ ਏਧਰ, ਠੋਹਕਰ ਮਾਰ ਕੇ ਜੀਹਨੂੰ ਇਕਾਲ ਤੁਰਿਆ।<br>
ਲੈ ਕੇ ਸ਼ੁਮਾਰ ਹਰਾਮੀਆਂ ਸਾਮੀਆਂ ਨੂੰ, ਮਾਰਨ ਜਿਉਂ ਰਸੂਲ ਦੀ ਆਲ ਤੁਰਿਆ।<br>
ਉਸੇ ਤਰ੍ਹਾਂ ਗੁਰੂ ਨਾਨਕ ਦੇ ਸੇਵਕਾਂ ਨੂੰ, ਕਤਲ ਕਰਨ ਨਰੈਣਾ ਚੰਡਾਲ ਤੁਰਿਆ। (ਫ਼ੀਰੋਜ਼ ਦੀਨ ਸ਼ਰਫ਼)

ਪਦ ਅਰਥ : ਛਨਾਲ-ਵਿਭਚਾਰੀ।, ਰਸੂਲ-ਪੈਗ਼ੰਬਰ।, ਆਲ-ਔਲਾਦ।

ਸਭ ਤੋਂ ਪਹਿਲਾਂ ਗੋਲ਼ੀਆਂ ਦੀ ਬੁਛਾੜ ਕੀਤੀ ਗਈ ਤੇ ਕਈ ਸਿੰਘ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ। ਇਹ ਤਾਂਡਵ ਨਾਚ ਸਿੱਖਾਂ ਦੀ ਲਿਵ ਨਾ ਤੋੜ ਸਕਿਆ। ਗੋਲ਼ੀਆਂ ਦੀ ਇਹ ਆਵਾਜ਼ ਸ. ਦਲੀਪ ਸਿੰਘ ਨੇ ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਸੁਣੀ, ਜਦੋਂ ਅਜੇ ਵਰਿਆਮ ਸਿੰਘ ਜਥੇ ਨੂੰ ਨਾ ਰੋਕ ਸਕਣ ਦੀ ਦਾਸਤਾਨ ਸੁਣਾ ਹੀ ਰਿਹਾ ਸੀ। ਗੋਲ਼ੀਆਂ ਦੀ ਆਵਾਜ਼ ਸੁਣਦਿਆਂ ਹੀ ਗੁਰੂ ਕਾ ਲਾਲ, ਨਨਕਾਣਾ ਸਾਹਿਬ ਵੱਲ ਭੱਜ ਤੁਰਿਆ। ਨਾਲ ਦੇ ਸਿੰਘਾਂ ਨੇ ਰੋਕਣ ਦਾ ਯਤਨ ਕੀਤਾ ਪਰ ਇਹ ਤਾਂ ਦਲੀਪ ਸਿੰਘ ਦੀ ਅੰਤਰ-ਆਤਮਾ ਹੀ ਜਾਣਦੀ ਸੀ ਕਿ ਉਸ ਨੇ ਜਥੇਦਾਰ ਝੱਬਰ ਨਾਲ ਜਥੇ ਨੂੰ ਰੋਕਣ ਦਾ ਵਾਅਦਾ ਕੀਤਾ ਸੀ ਅਤੇ ਇਕ ਵਾਅਦਾ ਪੂਰਾ ਨਾ ਕਰ ਕੇ ਕਈ ਮਾਵਾਂ ਦੇ ਪੁੱਤਾਂ ਦੀ ਸ਼ਹੀਦੀ ਉਪਰੰਤ ਜਿਉਂਦੇ ਰਹਿਣਾ ਕਿੰਨਾ ਮੁਸ਼ਕਲ ਹੁੰਦਾ ਹੈ। ਜਦੋਂ ਤੱਕ ਭਾਈ ਦਲੀਪ ਸਿੰਘ ਸਿੱਖੀ ਦੀ ਸ਼ਮ੍ਹਾ 'ਤੇ ਸੜਨ ਲਈ ਨਨਕਾਣੇ ਦੀ ਸਰ ਜ਼ਮੀਨ ਵਿਚ ਦਾਖ਼ਲ ਹੋਏ, ਨਰੈਣੂ ਕਤਲੇਆਮ ਦਾ ਢੰਗ ਬਦਲ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਸਿੱਖ ਉੱਠ ਕੇ ਮੁਕਾਬਲਾ ਕਰਨ ਤਾਂ ਕਿ ਹਮਲੇ ਵਾਲੀ ਕਹਾਣੀ ਲਈ ਕੁਝ ਸਬੂਤ ਪੈਦਾ ਹੋ ਸਕਣ ਪਰ ਸਿੱਖ ਸਭ ਸਮਝਦੇ ਹੋਏ ਗੁੰਡਿਆਂ ਦੇ ਗੰਡਾਸੇ ਆਪਣੇ ਤਨ 'ਤੇ ਸ਼ਾਂਤਮਈ ਰਹਿੰਦਿਆਂ ਹੀ ਸਹਾਰ ਰਹੇ ਸਨ। ਅਖੀਰ ਖਿੱਝ ਕੇ ਇਸ ਚੰਡਾਲ ਜੁੰਡਲੀ ਨੇ ਸਿੱਖਾਂ ਨੂੰ ਜਿਉਂਦੇ ਸਾੜਨ ਦੀ ਖੇਡ ਆਰੰਭੀ। ਇੱਥੋਂ ਤੱਕ ਕਿ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਜੰਡ ਨਾਲ ਬੰਨ੍ਹ ਕੇ ਸਾੜ ਦਿੱਤਾ ਗਿਆ ਅਤੇ ਭਾਈ ਦਲੀਪ ਸਿੰਘ ਨੂੰ ਭਖਦੇ ਭੱਠ ਵਿਚ, ਪਰ ਏਨਾ ਕਹਿਰ ਵੀ ਇਸ ਜਥੇ ਦੇ ਸ਼ਾਂਤਮਈ ਰਹਿਣ ਦੇ ਪ੍ਰਣ ਨੂੰ ਨਾ ਤੋੜ ਸਕਿਆ।

ਇਨ੍ਹਾਂ ਸ਼ਾਂਤਮਈ ਸ਼ਹਾਦਤਾਂ ਨੇ ਸਿੱਖ ਮਨਾਂ 'ਤੇ ਇੰਨਾ ਅਸਰ ਕੀਤਾ ਕਿ ਇਸ ਸਾਕੇ ਉਪਰੰਤ ਸਿੱਖ ਰੋਹ ਅੱਗ ਦੇ ਭੰਬੂਕੇ ਵਾਂਗ ਭੜਕਿਆ, ਜਿਸ ਨੇ ਪੰਥ ਦੇ ਸਮੂਹ ਦੁਸ਼ਮਣਾਂ ਨੂੰ ਆਪਣੇ ਨਾਪਾਕ ਪੈਰ ਗੁਰਦੁਆਰਿਆਂ ਵਿੱਚੋਂ ਕੱਢ ਲੈਣ 'ਤੇ ਮਜਬੂਰ ਕਰ ਦਿੱਤਾ। ਨਨਕਾਣਾ ਸਾਹਿਬ ਦੇ ਅੰਦਰ ਡੁੱਲ੍ਹੇ ਸ਼ਹੀਦਾਂ ਦੇ ਇਸ ਲਹੂ ਨੇ ਗੁਰਦੁਆਰਾ ਪ੍ਰਬੰਧ ਵਿਚ ਆਏ ਵਿਗਾੜਾਂ ਨੂੰ ਧੋ ਦਿੱਤਾ ਅਤੇ ਹਮੇਸ਼ਾ ਲਈ ਸਿੱਖ ਪੰਥ ਨੂੰ ਵੀ ਗੁਰਧਾਮਾਂ ਨੂੰ ਵਿਕਾਊ ਤਾਕਤਾਂ ਤੋਂ ਆਜ਼ਾਦ ਕਰਵਾਉਣ ਦਾ ਢੰਗ ਸਮਝਾ ਦਿੱਤਾ।

ਅੱਜ ਪੰਥ ਨੂੰ ਇਨ੍ਹਾਂ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਤੋਂ ਅਗਵਾਈ ਲੈ ਕੇ ਆਪਣੇ ਪਵਿੱਤਰ ਗੁਰਧਾਮਾਂ ਦੀ ਸੇਵਾ-ਸੰਭਾਲ਼ ਲਈ ਜਾਗ੍ਰਿਤ ਹੋਣ ਦੀ ਲੋੜ ਹੈ!

---

## ਸਾਹ ਮੁਹੰਮਦਾ ਇੱਕ ਸਰਕਾਰ....

ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਵਾਲੀ ਕੇਂਦਰ ਦੀ ਸਰਕਾਰ ਇਸ ਸੰਘਰਸ਼ ਨੂੰ ਅਸਫਲ ਕਰਨ ਲਈ ਹਰ ਤਰ੍ਹਾਂ ਦੇ ਯਤਨ ਕਰ ਰਹੀ ਹੈ। ਦੋ ਮਹੀਨੇ ਤੋਂ ਸ਼ਾਂਤਮਈ ਢੰਗ ਨਾਲ ਚੱਲ ਰਹੇ ਇਸ ਅੰਦੋਲਨ ਵਿਚ ਗਣਤੰਤਰ ਦਿਵਸ ਦੇ ਪਵਿੱਤਰ ਮੌਕੇ ਲਾਲ ਕਿਲੇ ਉੱਤੇ ਹਿੰਸਕ ਕਾਰਵਾਈ ਸਰਕਾਰੀ ਕਾਢ ਤੇ ਬਿਰਤਾਂਤ ਹੈ। ਸਰਕਾਰ ਵੱਲੋਂ ਕਿਸਾਨ ਆਗੂਆਂ ਨਾਲ ਚੱਲ ਰਹੀ ਗੱਲਬਾਤ ਨੂੰ 25 ਜਨਵਰੀ ਤੱਕ ਲਟਕਾਉਣਾ ਅਤੇ ਦਿੱਲੀ ਦੀ ਬਾਹਰੀ ਰਿੰਗ ਰੋਡ 'ਤੇ ਟਰੈਕਟਰ ਪਰੇਡ ਦੀ ਆਗਿਆ ਨਾ ਦੇਣਾ ਇਸ ਦੀ ਪੁਸ਼ਟੀ ਕਰਦੇ ਹਨ। ਨਤੀਜਾ ਸਭ ਦੇ ਸਾਹਮਣੇ ਹੈ। ਇਸ ਸਭ ਕਾਸੇ ਨੂੰ ਸੰਵਿਧਾਨ ਦੇ ਸ਼ੀਸ਼ੇ ਵਿਚ ਜੜ ਕੇ ਵੇਖਣ ਦੀ ਲੋੜ ਹੈ। ਸੰਵਿਧਾਨ ਘਾੜਿਆਂ ਨੇ ਸਮੂਹਿਕ ਤੌਰ 'ਤੇ, ਜਾਣਬੁੱਝ ਕੇ ਤੇ ਨਿਠ ਕੇ ਖੇਤੀਬਾੜੀ ਬਾਰੇ ਕਿਸੇ ਵੀ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਜਾਂ ਪਾਰਲੀਮੈਂਟ ਨੂੰ ਨਹੀਂ ਸੀ ਦਿੱਤੀ, ਕਿਉਂਕਿ ਉਸ ਦੇਸ਼ ਦੀ ਖੇਤੀਬਾੜੀ ਉਪਜ, ਵਿਧੀਆਂ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਅਤੇ ਇਸ ਨਾਲ ਜੁੜੇ ਸਹਾਇਕ ਕਾਰਜਾਂ ਤੋਂ ਭਲੀਭਾਂਤ ਵਾਕਫ਼ ਸਨ। ਇਸੇ ਕਰ ਕੇ ਕੇਂਦਰੀ ਸੂਚੀ ਦੇ ਸੱਤਵੇਂ ਅਧਿਆਇ ਜਾਂ ਸ਼ਡਿਊਲ ਵਿਚ ਦਰਜ 91 ਵਿਸ਼ਿਆਂ ਵਿਚ ਖੇਤੀਬਾੜੀ ਦੇ ਵਿਸ਼ੇ ਦਾ ਕਾਨੂੰਨਬਾਜ਼ੀ ਮੰਤਵਾਂ ਲਈ ਇਕ ਵਾਰ ਵੀ ਹਵਾਲਾ ਜਾਂ ਜ਼ਿਕਰ ਨਹੀਂ ਕੀਤਾ ਗਿਆ। ਮਨਾਹੀ ਦੇ ਮੰਤਵ ਨਾਲ ਖੇਤੀਬਾੜੀ ਦਾ ਸ਼ਬਦ ਕੇਵਲ ਚਾਰ ਵਾਰੀ ਵਰਤਿਆ ਗਿਆ ਹੈ, ਕੇਂਦਰੀ ਸੂਚੀ ਦੀ 82ਵੀਂ ਆਈਟਮ 'ਆਮਦਨ ਤੇ ਟੈਕਸ, ਖੇਤੀਬਾੜੀ ਤੋਂ ਬਿਨਾਂ' ਨਾਲ ਸਬੰਧਤ ਹੈ। ਆਈਟਮ 86 'ਖੇਤੀਬਾੜੀ ਵਾਲੀ ਜ਼ਮੀਨ ਨੂੰ ਛੱਡ ਕੇ ਹੋਰ ਅਸਾਮੀਆਂ ਦੀ ਕੀਮਤ ਤੇ ਟੈਕਸਾਂ ਨਾਲ ਸਬੰਧਤ ਹੈ। ਆਈਟਮ 87 'ਖੇਤੀਬਾੜੀ ਜ਼ਮੀਨ ਨੂੰ ਛੱਡ ਕੇ ਸੰਪਤੀ ਉੱਤੇ ਮਿਲਖ ਮਹਿਸੂਲ' ਬਾਰੇ ਹੈ ਜਦਕਿ ਆਈਟਮ 88 'ਖੇਤੀਬਾੜੀ ਜ਼ਮੀਨ ਨੂੰ ਛੱਡ ਕੇ ਸੰਪਤੀ ਦੀ ਵਸੀਅਤ ਉੱਪਰ ਮਹਿਸੂਲ' ਨਾਲ ਸਬੰਧਿਤ ਹੈ। ਨਿਸ਼ਚੇ ਹੀ ਸੰਵਿਧਾਨ ਨਿਰਮਾਤਾ ਜਾਣਦੇ ਸਨ ਕਿ ਭਾਰਤ ਦੇ ਬਹੁਰੰਗੇ ਤੇ ਬਹੁ-ਭਾਂਤੀ ਭੂਗੋਲਿਕ ਖੇਤਰ ਲਈ ਖੇਤੀਬਾੜੀ ਦਾ ਕੀ ਮਹੱਤਵ ਹੈ। ਇਹ ਭਾਰਤ ਦੇ ਕਰੋੜਾਂ ਲੋਕਾਂ ਦੀ ਵਸੋਂ ਦੇ ਪੇਟ ਭਰਨ ਦਾ ਮਸਲਾ ਹੈ। ਉਹ ਜਾਣਦੇ ਸਨ ਕਿ ਕਿਵੇਂ ਬਰਤਾਨਵੀ ਈਸਟ ਇੰਡੀਆ ਕੰਪਨੀ ਨੇ ਆਪਣੀ ਆਮਦ ਦੇ ਪੰਜ ਸਾਲਾਂ ਦੇ ਅੰਦਰ-ਅੰਦਰ ਕਾਰੋਬਾਰੀ-ਵਪਾਰੀਆਂ ਰਾਹੀਂ ਬਰਤਾਨਵੀ ਸ਼ਾਸਕਾਂ ਦੀ ਮੁਨਾਫ਼ੇ ਦੀ ਹਵਸ ਦੀ ਪੂਰਤੀ ਕਰਦਿਆਂ ਭਾਰਤ ਦੀ ਸਮੁੱਚੀ ਵਸੋਂ ਜਿਸ ਵਿਚ ਅਜੋਕਾ ਪਾਕਿਸਤਾਨ ਤੇ ਬੰਗਲਾਦੇਸ਼ ਵੀ ਸ਼ਾਮਿਲ ਸੀ, ਜਾਨ ਲੇਵਾ ਅਕਾਲਾਂ ਦੀ ਭੱਠੀ ਵਿਚ ਝੋਕ ਛੱਡਿਆ ਸੀ। 1943 ਦਾ ਅਕਾਲ ਤਾਂ 30 ਲੱਖ ਦੇਸ਼ ਵਾਸੀਆਂ ਦੀ ਜਾਨ ਦਾ ਖੌਅ ਬਣਿਆ ਸੀ। ਇਹੀਓ ਕਾਰਨ ਹੈ ਕਿ ਸੰਵਿਧਾਨ ਘਾੜਿਆਂ ਨੇ ਖੇਤੀਬਾੜੀ ਨੂੰ ਰਾਜ ਸੂਚੀ ਦੇ ਦੂਜੇ ਅਧਿਆਇ ਵਿਚ ਦਰਜ ਕਰਦਿਆਂ, ਖੇਤੀਬਾੜੀ, ਖੇਤੀ ਖੋਜ ਤੇ ਸਿੱਖਿਆ ਅਤੇ ਪੌਦਿਆਂ ਦੇ ਰੋਗਾਂ ਤੇ ਕੀਟਾਂ ਤੋਂ ਬਚਾਓ ਦਾ ਕੰਮ ਕੇਂਦਰ ਸਰਕਾਰ ਨੂੰ ਸੌਂਪਣ ਦੀ ਥਾਂ ਰਾਜ ਸਰਕਾਰਾਂ ਲਈ ਛੱਡਿਆ ਸੀ। ਕੇਂਦਰੀ ਸੂਚੀ ਦੀ ਆਈਟਮ 82, 86, 87 ਅਤੇ 88 ਪਾਰਲੀਮੈਂਟ ਜਾਂ ਕੇਂਦਰ ਸਰਕਾਰ ਨੂੰ ਕਿਸੇ ਵੀ ਕਿਸਮ ਦੀ ਭੂਮਿਕਾ ਨਿਭਾਉਣ ਤੋਂ ਵਰਜਦੀਆਂ ਹਨ, ਉੱਥੇ ਸੂਬਾਈ ਸੂਚੀ ਦੇ ਦੂਜੇ ਅਧਿਆਇ ਦੀ ਆਈਟਮ 46,47 ਅਤੇ 48 ਪ੍ਰਾਂਤਕ, ਸਰਕਾਰਾਂ ਨੂੰ ਇਸ ਦੀ ਪੂਰੀ ਜ਼ਿੰਮੇਵਾਰੀ ਸੌਂਪਦੀਆਂ ਹਨ। ਸੰਵਿਧਾਨ ਵਿਚ ਦਰਜ ਹੇਠ ਲਿਖਿਆ ਪ੍ਰਣ ਵੀ ਉਪਰੋਕਤ ਧਾਰਨਾ ਉੱਤੇ ਮੋਹਰ ਲਾਉਂਦਾ ਹੈ।

'ਅਸੀਂ ਭਾਰਤ ਦੇ ਲੋਕ-ਸਾਡੀ ਸੰਵਿਧਾਨ ਘੜਨੀ ਸਭਾ ਵਿਚ, 1949 ਦੇ ਨਵੰਬਰ ਮਹੀਨੇ ਦੇ ਇਸ ਛੱਬੀਵੇਂ ਦਿਨ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ ਹਾਂ, ਇਸ ਨੂੰ ਅਮਲ ਵਿਚ ਉਤਾਰਦੇ ਹਾਂ ਅਤੇ ਆਪਣੇ ਆਪ ਨੂੰ ਇਸ ਦੇ ਅਧੀਨ ਸਵੀਕਾਰ ਕਰਦੇ ਹਾਂ।'

ਸਪੱਸ਼ਟ ਹੈ ਕਿ ਕੇਂਦਰ ਦੀ ਸਰਕਾਰ ਤੇ ਪੁਲਿਸ ਦੇ ਹੱਥਕੰਡੇ ਥੋੜ੍ਹੇ ਸਮੇਂ ਲਈ ਤਾਂ ਸਫਲ ਹੋ ਸਕਦੇ ਹਨ ਪਰ ਸਦਾ ਲਈ ਨਹੀਂ। ਦੇਸ਼ ਦੇ ਉੱਤਰ ਵੱਲੋਂ ਸ਼ੁਰੂ ਹੋਇਆ ਕਿਸਾਨ ਅੰਦੋਲਨ ਦੇਸ਼ ਦੇ ਦੱਖਣ ਤੱਕ ਹੀ ਨਹੀਂ ਪੂਰਬ ਤੇ ਪੱਛਮ ਤੱਕ ਵੱਧ ਚੁੱਕਿਆ ਹੈ। ਸ਼ਾਂਤੀ ਇਸ ਦਾ ਧੁਰਾ ਹੈ। ਇਸ ਨੂੰ ਭੰਗ ਕਰਨ ਵਾਲੀ ਸਟੇਟ ਨੂੰ ਇਕ ਦਿਨ ਲੋਕਾਂ ਅੱਗੇ ਜੁਆਬਦੇਹ ਹੋਣਾ ਪਵੇਗਾ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

## ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

# ਗੁਰੂ ਸਾਹਿਬਾਨ, ਸਿੱਖ ਭਾਈਚਾਰਾ ਤੇ ਮੁਸਲਿਮ ਸਬੰਧ

**ਡਾਕਟਰ ਗੁਲਾਮ ਮੁਹੰਮਦ ਮੁਸਤਫਾ ਡੋਗਰ**

ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸੱਚੇ ਰਹਿਬਰ ਹੋਏ ਹਨ। ਮੁਸਲਮਾਨ ਉਨ੍ਹਾਂ ਨੂੰ ਆਪਣਾ 'ਪੀਰ' ਸਮਝਦੇ ਹਨ ਅਤੇ ਉਨ੍ਹਾਂ ਨੂੰ 'ਬਾਬਾ ਨਾਨਕ' ਦੇ ਨਾਂ ਨਾਲ ਯਾਦ ਕਰਦੇ ਹਨ। ਆਪਣੇ ਜੀਵਨ ਦੀਆਂ ਚਾਰ ਮਹਾਨ ਇਤਿਹਾਸਕ ਉਦਾਸੀਆਂ ਦੌਰਾਨ ਉਨ੍ਹਾਂ ਨੇ ਲਗਭਗ 40,000 ਮੀਲ ਦਾ ਸਫ਼ਰ ਤੈਅ ਕਰਕੇ ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਅਤੇ ਕਈ ਬਾਹਰਲੇ ਦੇਸ਼ਾਂ ਵਿਚ ਜਾ ਕੇ ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਕੀਤਾ।

ਗੁਰੂ ਜੀ ਨੇ ਆਪਣੇ ਆਪ ਨੂੰ ਰੱਬ ਦਾ 'ਸੇਵਕ' ਕਿਹਾ ਹੈ। ਉਹ ਤਾਂ ਆਪਣੇ ਆਪ ਨੂੰ 'ਨੀਚ' ਅਤੇ 'ਅਤਿ ਨੀਚ' ਵੀ ਕਹਿੰਦੇ ਹਨ ਅਤੇ ਮਨੁੱਖਾਂ ਨੂੰ ਵੱਡਿਆਂ ਦੀ ਰੀਸ ਕਰਨ ਤੋਂ ਮਨ੍ਹਾਂ ਕਰਦੇ ਹਨ। ਉਹ ਹੱਥੀਂ ਮਿਹਨਤ-ਮੁਸ਼ੱਕਤ ਕਰਨ ਵਾਲੇ ਭਾਈ ਲਾਲੋ 'ਕਿਰਤੀ' ਦੇ ਘਰ ਜਾ ਕੇ ਕਈ ਕਈ ਦਿਨ ਰਹਿੰਦੇ ਸਨ ਅਤੇ ਉਸ ਦੀ ਸੱਚੀ-ਸੁੱਚੀ ਕਿਰਤ ਨਾਲ ਕਮਾਈ ਹੋਈ 'ਕੋਧਰੇ ਦੀ ਰੋਟੀ' ਖਾਂਦੇ ਸਨ। ਇਸ ਦੇ ਨਾਲ ਹੀ ਉਹ ਮਲਿਕ ਭਾਗੋ ਦੇ 'ਖੀਰ-ਪੂੜਿਆਂ' ਨੂੰ ਨਕਾਰਦਿਆਂ ਹੋਇਆਂ ਉਸ ਦੇ ਭੋਜਨ ਨੂੰ ਲੋਕਾਂ ਦੇ ਲਹੂ ਤੋਂ ਬਣਿਆ ਹੋਇਆ ਕਰਾਰ ਦਿੰਦੇ ਹਨ।

ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਨੀਚਾ ਅੰਦਰਿ ਨੀਚ ਜਾਤਿ**
**ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ**
**ਵੱਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ**
**ਤਿਥੈ ਨਦਰਿ ਤੇਰੀ ਬਖਸੀਸ ॥**
**(ਸਿਰੀ ਰਾਗ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 15)**

ਬਾਬਾ ਮਰਦਾਨਾ ਗੁਰੂ ਨਾਨਕ ਦੇਵ ਜੀ ਨਾਲੋਂ 10 ਸਾਲ ਵੱਡਾ ਸੀ ਅਤੇ ਉਹ ਲਗਭਗ 40 ਸਾਲ ਬਾਬਾ ਨਾਨਕ ਜੀ ਨਾਲ ਰਿਹਾ। ਬਾਬਾ ਨਾਨਕ ਵੀ ਉਸ ਨੂੰ ਆਪਣਾ 'ਅਤਿ-ਨੇੜਲਾ ਸਾਥੀ' ਮੰਨਦੇ ਸਨ। ਆਪਣੀਆਂ ਚਾਰ ਮਹਾਨ ਉਦਾਸੀਆਂ ਦੌਰਾਨ ਉਹ ਦੋਵੇਂ ਇਕੱਠੇ ਸਫ਼ਰ ਕਰਦੇ ਰਹੇ। ਨਨਕਾਣੇ ਤੋਂ ਲੈ ਕੇ ਉਹ ਜਿੱਥੇ ਵੀ ਗਏ, ਇਕੱਠੇ ਗਏ। ਉਹ ਨਾ ਕੇਵਲ ਪੂਰੇ ਹਿੰਦੋਸਤਾਨ ਵਿਚ ਹੀ ਗਏ, ਸਗੋਂ ਕਈ ਬਾਹਰਲੇ ਮੁਲਕਾਂ ਜਿਵੇਂ, ਚੀਨ, ਨਿਪਾਲ, ਅਫ਼ਗਾਨਿਸਤਾਨ ਅਤੇ ਕਈ ਸ਼ਹਿਰਾਂ ਤਾਸ਼ਕੰਦ, ਬਗ਼ਦਾਦ, ਮੱਕਾ, ਮਦੀਨਾ ਵਗ਼ੈਰਾ ਵੀ ਗਏ। ਇਹ ਗੱਲ ਸੋਚਣ ਵਾਲੀ ਹੈ ਕਿ ਏਨਾ ਲੰਮਾ ਅਰਸਾ ਉਨ੍ਹਾਂ ਨੇ ਇਕੱਠਿਆਂ ਸਫ਼ਰ ਕੀਤਾ ਅਤੇ ਜੰਗਲਾਂ, ਵੀਰਾਨਿਆਂ ਅਤੇ ਰੇਗਿਸਤਾਨ ਵਿਚ ਵੀ ਗਏ। ਜ਼ਾਹਿਰ ਹੈ ਕਿ ਉਨ੍ਹਾਂ ਦਾ ਸਫ਼ਰ ਕੋਈ ਦਿਨਾਂ ਜਾਂ ਮਹੀਨਿਆਂ ਦਾ ਨਹੀਂ, ਸਗੋਂ ਇਹ ਤਾਂ ਕਈ ਸਾਲਾਂ ਦਾ ਸੀ। ਇਸ ਤਰਾਂ ਗੁਰੂ ਸਾਹਿਬ ਨੇ ਧਰਮ ਤੇ ਜਾਤੀ ਵਿਤਕਰੇ ਦੂਰ ਕੀਤੇ।

ਇਹ ਸਾਫ਼ ਜ਼ਾਹਰ ਹੈ ਕਿ ਛੂਤਛਾਤ ਦਾ ਇਹ ਦੌਰ ਮਨੂਵਾਦ ਤੋਂ ਸ਼ੁਰੂ ਹੋਇਆ। ਮਨੂਵਾਦੀਆਂ ਨੇ ਮੁਸਲਮਾਨਾਂ ਨੂੰ ਨੀਚ ਕਰਾਰ ਦਿੱਤਾ ਅਤੇ ਉਹ ਇਨ੍ਹਾਂ ਨੂੰ ਹੱਥ ਲਾਉਣਾ ਵੀ ਪਸੰਦ ਨਹੀਂ ਸਨ ਕਰਦੇ। ਸਾਡੇ ਬਜ਼ੁਰਗ ਸਾਨੂੰ ਦੱਸਿਆ ਕਰਦੇ ਸਨ ਕਿ ਜਦੋਂ ਕਦੇ ਉਹ ਸ਼ਹਿਰ ਜਾਂਦੇ ਸਨ ਅਤੇ ਉੱਥੇ ਉਨ੍ਹਾਂ ਨੂੰ ਜਦੋਂ ਪਿਆਸ ਲਗਦੀ ਸੀ ਤਾਂ ਹਲਵਾਈਆਂ ਦੀਆਂ ਦੁਕਾਨਾਂ 'ਤੇ ਜੋ ਮਨੂਵਾਦੀ ਲੋਕ ਬੈਠੇ ਹੁੰਦੇ ਸਨ ਅਤੇ ਜੇਕਰ ਉਨ੍ਹਾਂ ਕੋਲੋਂ ਪਾਣੀ ਜਾਂ ਲੱਸੀ ਮੰਗ ਲੈਣੀ ਤਾਂ ਉਹ ਇਸ ਨੂੰ ਇਕ ਲੋਹੇ ਦੀ ਲੰਮੀ ਨਾਲ਼ ਦੇ ਜ਼ਰੀਏ ਇਕ ਕੀਪ ਰਾਹੀਂ ਮੁਸਲਮਾਨਾਂ ਦੇ ਬਰਤਨ ਵਿਚ ਪਾ ਦਿੰਦੇ ਸਨ, ਯਾਨੀ ਕਿ ਉਹ ਮੁਸਲਮਾਨਾਂ ਦੇ ਬਰਤਨ ਨੂੰ ਵੀ ਹੱਥ ਨਹੀਂ ਸਨ ਲਗਾਉਂਦੇ। 'ਛੂਤਛਾਤ' ਦੀ ਇਹ ਬਿਮਾਰੀ ਮਨੂਵਾਦੀਆਂ ਵਲੋਂ ਹੀ ਸਿੱਖਾਂ ਵਿਚ ਆਈ। ਪ੍ਰੰਤੂ, ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਨਾਨਕ ਜੀ ਨੇ ਇੰਜ ਨਹੀਂ ਸੀ ਕੀਤਾ ਤਾਂ ਫਿਰ ਇਹ ਕੰਮ ਕਦੋਂ ਤੋਂ ਸ਼ੁਰੂ ਹੋਇਆ? ਇਸ ਬਾਰੇ ਨਿਸਚਿਤ ਤੌਰ 'ਤੇ ਕੁਝ ਵੀ ਕਹਿਣਾ ਸੰਭਵ ਨਹੀਂ ਹੈ। ਜੇਕਰ ਮੁਸਲਮਾਨ ਨਾਲ ਖਾਧਾ ਪੀਤਾ ਨਹੀਂ ਜਾ ਸਕਦਾ ਤਾਂ ਇਹ ਦੱਸੋ ਕਿ ਜਦੋਂ ਬਾਬਾ ਨਾਨਕ ਪਾਕਪਟਨ ਗਏ ਅਤੇ ਉੱਥੋਂ ਜਾ ਕੇ ਬਾਬਾ ਫ਼ਰੀਦ ਦੀ ਸ਼ਾਇਰੀ ਲਿਆਏ ਤਾਂ ਉਹ ਉੱਥੇ ਰਾਤ ਤਾਂ ਰਹੇ ਹੀ ਹੋਣਗੇ ਅਤੇ ਉੱਥੇ ਮੁਸਲਮਾਨਾਂ ਕੋਲੋਂ ਰੋਟੀ-ਪਾਣੀ ਵੀ ਛਕਿਆ ਹੋਵੇਗਾ। ਮੇਰਾ ਇਕ ਦੋਸਤ ਬਾਬਾ ਨਾਨਕ ਦੀਆਂ ਉਦਾਸੀਆਂ ਬਾਰੇ ਇਕ ਕਿਤਾਬ ਲਿਖ ਰਿਹਾ ਹੈ। ਉਹ ਦੱਸਦਾ ਹੈ ਕਿ ਬਾਬਾ ਨਾਨਕ ਜੀ ਜਦੋਂ ਸਫ਼ਰ ਕਰਦੇ ਸਨ ਤਾਂ ਉਹ ਅਕਸਰ ਮੁਸਲਮਾਨ ਫ਼ਕੀਰਾਂ ਤੇ ਦਰਵੇਸ਼ਾਂ ਦੇ ਘਰਾਂ ਵਿਚ ਰਹਿੰਦੇ ਸਨ। ਉਦੋਂ ਗੁਰਦੁਆਰੇ ਜਾਂ ਧਰਮਸ਼ਾਲਾਵਾਂ ਤਾਂ ਹੁੰਦੀਆਂ ਨਹੀਂ ਸਨ। ਉਹ ਹੋਰ ਕਿਸੇ ਪਾਸੇ ਨਹੀਂ ਸਨ ਜਾਂਦੇ ਅਤੇ ਆਪਣਾ ਰੈਣ-ਬਸੇਰਾ ਫ਼ਕੀਰਾਂ ਤੇ ਦਰਵੇਸ਼ਾਂ ਕੋਲ ਹੀ ਕਰਿਆ ਕਰਦੇ ਸਨ। ਸੋ, ਜ਼ਾਹਰ ਹੈ ਕਿ ਉਹ ਰੋਟੀ ਵੀ ਉਨ੍ਹਾਂ ਦੀ ਪੱਕੀ ਹੋਈ ਖਾਂਦੇ ਹੋਣਗੇ।

ਇਤਿਹਾਸਕ ਸਚਾਈ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ ਅਤੇ ਇਸ ਲਈ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਚੇਚਾ ਲਾਹੌਰ ਭੇਜਿਆ। ਕਈ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੇ ਸਾਈਂ ਜੀ ਨੂੰ ਬੜੇ ਸਤਿਕਾਰ ਨਾਲ 'ਡੋਲੇ' (ਪਾਲਕੀ) ਵਿਚ ਪਾ ਕੇ ਜਾਂ ਮੰਜੀ 'ਤੇ ਬਿਠਾ ਕੇ ਅੰਮ੍ਰਿਤਸਰ ਲਿਆਂਦਾ ਸੀ। ਜੇਕਰ ਡੋਲੇ ਜਾਂ ਮੰਜੀ ਵਾਲੀ ਗੱਲ ਨਾ ਵੀ ਮੰਨਣ ਵਿਚ ਆਵੇ ਤਾਂ ਉਹ ਉਨ੍ਹਾਂ ਨੂੰ ਘੱਟੋ-ਘੱਟ ਘੋੜੇ 'ਤੇ ਜ਼ਰੂਰ ਬਿਠਾ ਕੇ ਲਿਆਏ ਹੋਣਗੇ ਕਿਉਂਕਿ ਘੋੜ-ਸਵਾਰੀ ਹੀ ਉਦੋਂ ਆਵਾਜਾਈ ਦਾ ਆਮ ਸਾਧਨ ਸੀ। ਜਦੋਂ ਅੰਮ੍ਰਿਤਸਰ ਆ ਕੇ ਸਾਈਂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਹੋਵੇਗੀ ਤਾਂ ਉਹ ਓਸੇ ਦਿਨ ਵਾਪਸ ਲਾਹੌਰ ਤਾਂ ਨਹੀਂ ਚਲੇ ਗਏ ਹੋਣਗੇ। ਉਹ ਜ਼ਰੂਰ ਕੁਝ ਦਿਨ ਗੁਰੂ ਅਰਜਨ ਦੇਵ ਜੀ ਕੋਲ ਠਹਿਰੇ ਹੋਣਗੇ ਅਤੇ ਉਨ੍ਹਾਂ ਦੇ ਮਹਿਮਾਨ ਬਣੇ ਹੋਣਗੇ। ਉਨ੍ਹਾਂ ਉੱਥੇ ਹੀ ਓਨੇ ਦਿਨ ਖਾਧਾ-ਪੀਤਾ ਹੋਵੇਗਾ। ਜੇਕਰ ਸਾਈਂ ਮੀਆਂ ਮੀਰ ਜੀ ਮੁਸਲਿਮ ਹੁੰਦਿਆਂ ਹੋਇਆਂ ਏਨੇ ਹੀ 'ਪਲੀਤ' ਸਨ ਤਾਂ ਉਨ੍ਹਾਂ ਕੋਲੋਂ ਏਡੇ ਵੱਡੇ ਧਾਰਮਿਕ ਸਥਾਨ ਜਿਸ ਨੂੰ 'ਸ੍ਰੀ ਹਰਿਮੰਦਰ ਸਾਹਿਬ' ਕਿਹਾ ਜਾਂਦਾ ਹੈ, ਦੀ ਨੀਂਹ ਕਿਉਂ ਰਖਵਾਈ ਗਈ। ਇਹ ਉਸ ਸਮੇਂ ਦੇ ਕਿਸੇ ਹੋਰ ਵੱਡੇ ਧਾਰਮਿਕ ਆਗੂ ਕੋਲੋਂ ਵੀ ਰਖਵਾਈ ਜਾ ਸਕਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਹਿੰਦੂ ਰਾਜਿਆਂ ਨਾਲ ਭੰਗਾਣੀ ਦੀ ਜੰਗ ਵਿਚ ਪੀਰ ਬੁੱਧੂ ਸ਼ਾਹ ਨੇ ਆਪਣੇ ਪੰਜ ਪੁੱਤਰ, ਕਈ ਪੋਤਰੇ ਤੇ ਮੁਰੀਦ ਸ਼ਹੀਦ ਕਰਵਾਏ। ਇਹ ਤਾਂ ਹੋ ਨਹੀਂ ਸਕਦਾ ਕਿ ਪੀਰ ਬੁੱਧੂ ਸ਼ਾਹ ਸਿੱਧਾ ਲੜਾਈ ਦੇ ਮੈਦਾਨ ਵਿਚ ਉੱਤਰਿਆ ਅਤੇ ਆਪਣੇ ਫ਼ੌਜੀਆਂ ਨੂੰ ਆਖਿਆ ਕਿ ਚਲੋ ਬਈ, ਲੜੋ ਲੜਾਈ। ਉਹ ਕੁਝ ਦਿਨ ਪਹਿਲਾਂ ਆਇਆ ਹੋਵੇਗਾ। ਲੜਾਈ ਵਿਚ ਤਾਂ ਕਈ ਕਈ ਦਿਨ, ਹਫ਼ਤੇ ਜਾਂ ਮਹੀਨੇ ਲੱਗ ਜਾਂਦੇ ਹਨ। ਉਹ ਆਪ ਆਪਣੇ ਫ਼ੌਜੀਆਂ ਸਮੇਤ ਉੱਥੇ ਕਈ ਦਿਨ ਰਿਹਾ ਹੋਵੇਗਾ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਫ਼ੌਜਾਂ ਨਾਲ ਇਕੱਠਿਆਂ ਖਾਧਾ-ਪੀਤਾ ਹੋਵੇਗਾ ਅਤੇ ਉਹ ਲੜਾਈ ਵਿਚ ਇਕੱਠੇ ਲੜੇ ਹੋਣਗੇ। ਹੁਣ ਇਕ ਪਲ ਲਈ ਸੋਚੀਏ ਕਿ ਅਗਰ ਤੁਹਾਨੂੰ ਕੋਈ ਕਹੇ ਕਿ ਮੈਂ ਤੇਰੇ ਨਾਲ ਰੋਟੀ ਨਹੀਂ ਖਾਣੀ ਤਾਂ ਕੀ ਤੁਸੀਂ ਉਸ ਦੇ ਲਈ ਆਪਣਾ ਖ਼ੂਨ ਵਹਾਓਗੇ? ਆਪਣੇ ਪੁੱਤਰ, ਪੋਤਰੇ ਮਰਵਾਓਗੇ? ਇਹ ਕਦੀ ਨਹੀਂ ਹੋ ਸਕਦਾ ਅਤੇ ਇਹ ਕਦਾਚਿਤ ਮੁਮਕਿਨ ਨਹੀਂ ਹੈ। ਇਸ ਦਾ ਮਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਧਰਮ ਜਾਤ ਵਿਤਕਰੇ ਵਿਰੁਧ ਸਨ। ਇਹੀ ਕਾਰਨ ਹੈ ਕਿ ਪੀਰ ਬੁੱਧੂ ਸ਼ਾਹ ਨੇ ਉਸ ਲੜਾਈ ਵਿਚ ਆਪਣੀਆਂ ਕੀਮਤੀ ਜਾਨਾਂ ਵਾਰੀਆਂ। ਫਿਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ 'ਉੱਚ ਦਾ ਪੀਰ' ਬਣਾ ਕੇ ਲੈ ਕੇ ਗਏ, ਉਹ ਵੀ ਰਾਹ ਵਿਚ ਖਾਦੇ-ਪੀਂਦੇ ਗਏ ਹੋਣਗੇ ਅਤੇ ਗੁਰੂ ਜੀ ਨੂੰ ਵੀ ਭੋਜਨ ਛਕਾਉਂਦੇ ਗਏ ਹੋਣਗੇ।

ਸਾਡੇ ਕੋਲ ਅਜਿਹੀਆਂ ਬੇਸ਼ੁਮਾਰ ਮਿਸਾਲਾਂ ਹਨ ਜਿਨ੍ਹਾਂ ਤੋਂ ਅਸੀਂ ਸੋਚਣ ਲਈ ਮਜਬੂਰ ਹੁੰਦੇ ਹਾਂ ਕਿ ਸਿੱਖਾਂ ਵਿਚ ਇਹ ਛੂਤਛਾਤ ਦੀ ਗੱਲ ਕਿਵੇਂ ਅਤੇ ਕਦੋਂ ਆ ਗਈ।

ਮੈਂ ਇਹ ਜਾਣਕਾਰ ਹਿੰਦੂ ਵੀਰਾਂ ਤੇ ਇਕ ਸਿੱਖ ਵੀਰ ਕੋਲੋਂ ਵੀ ਇਹ ਸੁਣਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਜੇਕਰ ਤੁਸੀਂ ਆਪਣੇ ਬਾਜ਼ੂ ਨੂੰ ਤੇਲ ਲਾ ਕੇ ਤਿਲਾਂ ਦੀ ਬੋਰੀ ਵਿਚ ਪਾ ਦਿਓ ਤੇ ਇਕ ਮੁੱਠ ਤਿਲਾਂ ਦੀ ਭਰ ਕੇ ਕੱਢ ਲਓ। ਜਿੰਨੇ ਤਿਲ ਤੁਹਾਡੀ ਮੁੱਠੀ ਵਿਚ ਹੋਣ ਅਤੇ ਜਿੰਨੇ ਤੁਹਾਡੇ ਬਾਜ਼ੂ ਨੂੰ ਲੱਗੇ ਹੋਣਗੇ, ਓਨੀਆਂ ਕਸਮਾਂ ਵੀ ਜੇਕਰ ਕੋਈ ਮੁਸਲਮਾਨ ਖਾਵੇ ਤਾਂ ਵੀ ਉਸ ਉੱਤੇ ਯਕੀਨ ਨਾ ਕਰੋ। ਹੁਣ ਜਦੋਂ ਮੈਂ ਇਸ ਕਥਨ ਦੀ ਪੜਚੋਲ ਕੀਤੀ ਤਾਂ ਮੈਨੂੰ ਪਤਾ ਲੱਗਾ ਕਿ ਇਹ ਗੱਲ ਕਿਸੇ 'ਢਾਡੀ ਸਿੰਘ' ਵਲੋਂ ਫ਼ੈਲਾਈ ਗਈ ਹੈ। ਇਸ ਗੱਲ ਬਾਰੇ ਜਦੋਂ ਪੁੱਛ-ਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਢਾਡੀ ਆਖਦੇ ਹਨ ਕਿ ਇਹ ਗੱਲ 52 ਵਚਨਾਂ ਵਿਚ ਲਿਖੀ ਗਈ ਹੈ। ਜਦੋਂ ਇਹ 52 ਵਚਨ ਚੈੱਕ ਕੀਤੇ ਗਏ ਤਾਂ ਪਤਾ ਲੱਗਾ ਕਿ ਉੱਥੇ ਲਿਖਿਆ ਹੈ ਕਿ 'ਜਿਹੜਾ ਬੰਦਾ ਬਹੁਤੀਆਂ ਕਸਮਾਂ ਖਾਵੇ, ਉਸ ਉੱਤੇ ਇਤਬਾਰ ਨਹੀਂ ਕਰਨਾ ਚਾਹੀਦਾ।' ਪਰ ਇਸ ਗੱਲ ਨੂੰ ਧੱਕੇ ਨਾਲ ਹੀ ਮੁਸਲਮਾਨਾਂ ਦੇ ਨਾਲ ਜੋੜ ਦਿੱਤਾ ਗਿਆ ਹੈ ਅਤੇ ਇਸ ਨੂੰ ਖ਼ੂਬ ਉਛਾਲਿਆ ਗਿਆ ਹੈ। ਸਿੱਖਾਂ ਦੇ ਮਨਾਂ 'ਚ ਇਹ ਗੱਲ ਪਾ ਦਿੱਤੀ ਗਈ ਹੈ ਅਤੇ ਇਹ ਪੀੜ੍ਹੀ-ਦਰ-ਪੀੜ੍ਹੀ ਚਲਦੀ ਆ ਰਹੀ ਹੈ। ਏਸੇ ਤਰ੍ਹਾਂ ਪਰਛਾਵੇਂ ਵਾਲੀ ਗੱਲ ਵੀ ਬਗ਼ੈਰ ਕਿਸੇ ਖੋਜ ਤੋਂ ਅੱਗੇ ਤੋਂ ਅੱਗੇ ਵਧਦੀ ਗਈ ਹੈ। ਧਾਰਮਿਕ ਆਗੂਆਂ ਨੇ ਇਸ ਬਾਰੇ ਕਦੇ ਵੀ ਗੰਭੀਰਤਾ ਨਾਲ ਨਹੀਂ ਸੋਚਿਆ ਅਤੇ ਨਾ ਇਸ ਨੂੰ ਰੋਕਿਆ ਗਿਆ ਹੈ।

ਇਹ ਵੀ ਗੱਲ ਸੋਚਣ ਵਾਲੀ ਹੈ ਕਿ 1947 ਤੋਂ ਪਹਿਲਾਂ ਪੰਜਾਬ ਵਿਚ ਮੁਸਲਮਾਨਾਂ ਦੀ ਗਿਣਤੀ ਬਹੁਤੀ ਸੀ ਅਤੇ ਲਹਿੰਦੇ ਪੰਜਾਬ ਵਿਚ ਤਾਂ ਇਹ 75 ਫ਼ੀਸਦੀ ਦੇ ਕਰੀਬ ਸੀ। ਇਕ ਹੋਰ ਗੱਲ ਇਹ ਵੇ ਕਿ ਜਿਹੜੇ ਇੱਥੇ ਜੱਟਾਂ ਤੇ ਰਾਜਪੂਤਾਂ ਦੇ ਟੱਬਰ ਨੇ ਜਾਂ ਬਾਕੀ ਵੀ ਨੇ, ਉਹ ਵੀ 50 ਫ਼ੀਸਦੀ ਤੋਂ ਵੱਧ ਮੁਸਲਮਾਨ ਹਨ। ਰਾਜਪੂਤ 60-70 ਫ਼ੀਸਦੀ ਤੋਂ ਵਧੇਰੇ ਮੁਸਲਮਾਨ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਸਾਰਿਆਂ ਪਿੰਡਾਂ ਵਿਚ ਇਕ ਹੀ ਟੱਬਰ ਵਸਦਾ ਹੋਵੇ, ਸਗੋਂ ਇਹ ਤਾਂ ਰਲਵੇਂ-ਮਿਲਵੇਂ ਸਨ ਅਤੇ 1947 ਤੋਂ ਪਹਿਲਾਂ ਇੰਜ ਹੀ ਸੀ। ਕਈ ਬਾਜਵਿਆਂ ਦੇ ਪਿੰਡ ਸਨ ਜਿਸ ਵਿਚ ਅੱਧੇ ਬਾਜਵੇ ਮੁਸਲਮਾਨ ਸਨ ਤੇ ਅੱਧੇ ਸਿੱਖ ਸਨ। ਜੱਟਾਂ ਦੀਆਂ ਜਿੰਨੀਆਂ ਵੀ ਗੋਤਾਂ ਨੇ, ਸਾਰੀਆਂ ਵਿਚ ਲੱਗਪਗ ਇੰਜ ਹੀ ਸੀ। ਫਿਰ ਇਹ ਕਿੰਜ ਹੋ ਸਕਦਾ ਹੈ ਕਿ ਬੰਦਾ ਜਦੋਂ ਪਹਿਲਾਂ ਸਿੱਖ ਸੀ ਤਾਂ ਉਹ ਬਿਲਕੁਲ ਪਾਕ ਸੀ ਤੇ ਜਦੋਂ ਉਹ ਮੁਸਲਮਾਨ ਹੋ ਗਿਆ ਤਾਂ ਉਹ ਭ੍ਰਿਸ਼ਟ ਹੋ ਗਿਆ। ਉਸ ਨੇ ਆਪਣਾ ਧਰਮ ਬਦਲ ਲਿਆ, ਨਾ ਕਿ ਉਸ ਦਾ ਖ਼ੂਨ ਬਦਲਿਆ ਗਿਆ। ਅਗਰ ਉਸ ਦਾ ਖ਼ੂਨ ਨਹੀਂ ਬਦਲਿਆ ਤਾਂ ਉਹ ਭ੍ਰਿਸ਼ਟ ਕਿਵੇਂ ਹੋ ਗਿਆ। ਇਹ ਕੀ ਹੋਇਆ ਕਿ ਜਿਹੜਾ ਮੁਸਲਮਾਨ ਹੋ ਗਿਆ, ਉਹ ਨਾਪਾਕ ਹੋ ਗਿਆ ਕਿਉਂਕਿ ਉਸ ਨੇ ਦੂਸਰਾ ਧਰਮ ਅਪਣਾ ਲਿਆ। ਜੇਕਰ ਧਰਮਾਂ ਦੀ ਤਾਰੀਖ਼ ਵੇਖੀ ਜਾਏ ਤਾਂ ਸਿੱਖ ਧਰਮ ਤਾਂ ਅਜੇ ਕੱਲ੍ਹ ਦੀ ਗੱਲ ਹੈ। ਭਾਰਤ ਵਿਚ ਜਿਹੜੇ ਮੁਸਲਮਾਨ ਹਨ, ਉਹ ਇਕ ਹਜ਼ਾਰ ਸਾਲ ਤੋਂ ਨਹੀਂ, ਬਲਕਿ 711 ਈਸਵੀ ਜਾਂ ਇਸ ਤੋਂ ਪਹਿਲਾਂ ਮੁਸਲਮਾਨ ਹੋਣੇ ਸ਼ੁਰੂ ਹੋਏ ਹਨ। ਇਹ ਧਰਮ ਵੀ ਇੱਥੇ ਬਾਅਦ ਵਿਚ ਆਇਆ। ਹਿੰਦੂ ਧਰਮ ਕਿੰਨਾ ਪੁਰਾਣਾ ਹੈ, ਇਸ ਦੀ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ। ਫਿਰ ਇਸ ਤੋਂ ਬਾਅਦ ਬੁੱਧ ਤੇ ਜੈਨ ਧਰਮ ਵੀ ਆਏ। ਇਸ ਤਰ੍ਹਾਂ ਦੁਨੀਆ ਵਿਚ ਧਰਮ ਤਾਂ ਬਦਲਦੇ ਹੀ ਰਹਿੰਦੇ ਹਨ, ਇਨਸਾਨ ਨਹੀਂ ਬਦਲਦੇ ਤੇ ਨਾ ਹੀ ਉਨ੍ਹਾਂ ਦਾ ਖ਼ੂਨ ਬਦਲਦਾ ਹੈ। ਇਹ ਤਾਂ ਓਹੀ ਰਹਿੰਦਾ ਹੈ। ਇਹ ਕਿੰਨੀ ਅਜੀਬ ਗੱਲ ਹੈ ਕਿ ਬੰਦਾ ਅਗਰ ਆਪਣਾ ਧਰਮ ਬਦਲ ਲੈਂਦਾ ਹੈ ਤਾਂ ਉਹ ਭ੍ਰਸ਼ਟ ਹੋ ਜਾਂਦਾ ਹੈ ਅਤੇ ਇਹ ਸਿਰਫ਼ ਇਸ ਸਾਡੇ ਇਸ 'ਖਿੱਤੇ' (ਸਬ-ਕੰਟੀਨੈਂਟ) ਵਿਚ ਹੀ ਹੁੰਦਾ ਹੈ।

ਪੂਰੀ ਦੁਨੀਆ ਵਿਚ ਕਿਸੇ ਪਾਸੇ ਕੋਈ ਕਿਸੇ ਦੂਜੇ ਧਰਮ ਦਾ ਬੰਦਾ ਹੋਣ 'ਤੇ ਉਸ ਨੂੰ ਇਹ ਨਹੀਂ ਕਹਿੰਦੇ ਕਿ ਤੂੰ ਮੈਨੂੰ ਹੱਥ ਨਹੀਂ ਲਾ ਸਕਦਾ, ਤੂੰ ਸਾਡੀ ਰਸੋਈ ਵਿਚ ਨਹੀਂ ਆ ਸਕਦਾ, ਮੈਂ ਤੇਰੇ ਨਾਲ ਰੋਟੀ ਨਹੀਂ ਖਾਣੀ ਜਾਂ ਤੈਨੂੰ ਮੁਹੱਲੇ ਵਿਚ ਕਿਰਾਏ 'ਤੇ ਮਕਾਨ ਨਹੀਂ ਲੈਣ ਦੇਣਾ ਅਤੇ ਤੈਨੂੰ ਦੂਰ ਰੱਖਣਾ ਹੈ। ਮੇਰਾ ਖ਼ਿਆਲ ਹੈ ਕਿ ਜਿੰਨਾ ਚਿਰ ਇਸ 'ਛੂਤਛਾਤ' ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਦੁਨੀਆ ਦੇ ਇਸ ਖਿੱਤੇ ਵਿਚ ਅਮਨ ਚੈਨ ਨਹੀਂ ਹੋ ਸਕਦਾ।

**ਬਾਕੀ ਸਫ਼ਾ 30 'ਤੇ**

# ਰਾਗੀ, ਕੀਰਤਨੀ ਜਥੇ ਬਨਾਮ ਕੀਰਤਨ ਦਰਬਾਰ

**ਸਵ. ਗਿਆਨੀ ਸੰਤ ਸਿੰਘ ਮਸਕੀਨ**

**ਗਿਆਨ ਸਰੋਵਰ**

ਧੰਨ ਗੁਰੂ ਨਾਨਕ ਦੇਵ ਜੀ ਦੀ ਸੰਸਾਰ ਭ੍ਰਮਣ ਫੇਰੀ ਵਿਚ ਮਰਦਾਨਾ ਨਾਲ ਸੀ। ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਬਚਪਨ ਦਾ ਸਾਥੀ ਤੇ ਦਿਲਾਂ ਦੀ ਸਾਂਝ ਰੱਖਣ ਵਾਲਾ ਸੀ। ਰਬਾਬ ਵਜਾ ਕੇ ਗੁਰੂ ਜੀ ਨੂੰ ਕੀਰਤਨ ਸੁਣਾਉਣ ਵਾਲਾ ਇਹ ਗੁਰਮਤਿ ਜਗਤ ਦਾ ਪਹਿਲਾ ਕੀਰਤਨੀਆ ਹੈ। ਗੁਰੂ ਨਾਨਕ ਦੇ ਹਿਰਦੇ ਤੋਂ ਪਰਮਾਤਮਾ ਨੇ ਜਦ ਵੀ ਪ੍ਰਗਟ ਹੋ ਕੇ ਬਾਹਰ ਆਉਣਾ ਚਾਹਿਆ, ਉਹ ਗੀਤ-ਸੰਗੀਤ ਬਣ ਕੇ ਪ੍ਰਗਟ ਹੋਇਆ। ਇਹ ਦੁਨੀਆਂ ਦਾ ਪਹਿਲਾ ਅਤੇ ਆਖਰੀ ਅਵਤਾਰੀ ਪੁਰਸ਼ ਹੈ, ਜਿਸ ਨੇ ਪ੍ਰਾਣਾਂ ਦੀ ਇਤਨੀ ਗਹਿਰਾਈ ਵਿਚੋਂ ਗਾਇਆ ਕਿ ਗਾਉਣਾ ਹੀ ਜਪ ਬਣ ਗਿਆ, ਗਾਉਣਾ ਹੀ ਤਪ ਬਣ ਗਿਆ, ਗਾਉਣਾ ਹੀ ਯੋਗ ਤੇ ਗਾਉਣਾ ਹੀ ਸਮਾਧੀ ਬਣ ਗਿਆ। ਸਤਿਗੁਰੂ ਜੀ ਇਸ ਨੂੰ ਨਾਮ-ਰੂਪੀ ਭੋਜਨ ਦਾ ਸੁਆਦਿਸ਼ਟ ਮਸਾਲਾ ਮੰਨਦੇ ਹਨ, ਯਥਾ 'ਮਾਰਣ ਨਾਦ ਕੀਏ' ਕੀਰਤਨ, ਗੁਰਮਤਿ ਵਿਚ ਪ੍ਰਭੂ ਪ੍ਰਾਪਤੀ ਦਾ ਪ੍ਰਧਾਨ ਸਾਧਨ ਬਣ ਗਿਆ। 'ਕਲਜੁਗ ਮਹਿ ਕੀਰਤਨ ਪ੍ਰਧਾਨਾ' ਗੁਰਮਤਿ ਦੇ ਵਿਕਾਸ ਨਾਲ ਕੀਰਤਨ ਭਗਤੀ ਰਾਹੀਂ ਜੁੜਨਾ ਤੇ ਜੋੜਨਾ ਵਿਗਸਤ ਹੁੰਦਾ ਰਿਹਾ। ਕੀਰਤਨੀ ਜਥੇ ਮੁੱਢ ਤੋਂ ਵਿਗਸਤ ਹੁੰਦੇ ਹੋਏ ਅੱਜ ਦੀ ਅਵਸਥਾ ਤੱਕ ਪੁੱਜੇ ਹਨ। ਮੂਲ ਰੂਪ ਵਿਚ ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਦੇਵ ਜੀ ਮਹਾਰਾਜ ਤੱਕ, ਮਰਦਾਨੇ ਦੀ ਅੰਸ ਤੇ ਉਸ ਦੀ ਬਰਾਦਰੀ ਘਰਾਨੇ ਦੇ ਲੋਕ ਕੀਰਤਨ ਕਰਦੇ ਰਹੇ। ਇਨਾਂ ਨੂੰ ਗੁਰਮਤਿ ਜਗਤ ਵਿਚ ਰਬਾਬੀ ਆਖਿਆ ਜਾਂਦਾ ਹੈ।

ਰਬਾਬ - ਈਰਾਨੀ, ਅਫਗਾਨੀ, ਉਜ਼ਬੇਕਸਤਾਨ, ਤਾਜ਼ਿਕਸਤਾਨ ਦੇ ਕਲਾਕਾਰਾਂ ਤੇ ਸੂਫੀ ਫਕੀਰਾਂ ਦਾ ਸਾਜ਼ ਰਿਹਾ ਹੈ। ਰਬਾਬ ਇਕ ਐਸਾ ਸਾਜ਼ ਹੈ, ਜਿਸ ਵਿਚ ਸੁਰ ਵੀ ਹੈ ਅਤੇ ਤਾਲ ਵੀ ਹੈ। ਲੰਬੀ ਪ੍ਰਚਾਰ ਫੇਰੀ ਵਿਚ ਸੁਰ ਤੇ ਤਾਲ ਲਈ ਦੋ ਸਾਜ਼ਾਂ ਨੂੰ ਚੁੱਕਣਾ ਕਠਿਨ ਸੀ, ਲਿਹਾਜ਼ਾ ਰਬਾਬ ਨੂੰ ਹੀ ਗੁਰੂ ਨਾਨਕ ਸਾਹਿਬ ਨੇ ਪਸੰਦ ਕੀਤਾ। ਇਹ ਕੀਰਤਨੀਏ ਵੰਸ਼-ਪਰੰਪਰਾ ਦੇ ਨਾਮ ਕਰਕੇ ਰਬਾਬੀ ਜਾਣੇ ਜਾਂਦੇ ਸਨ। ਦੇਸ਼ ਦੀ ਵੰਡ ਤੋਂ ਪਹਿਲੇ ਦਰਬਾਰ ਸਾਹਿਬ ਅੰਦਰ ਰਬਾਬੀ ਕੀਰਤਨ ਕਰਦੇ ਸਨ ਤੇ ਦੇਸ਼ ਦੇ ਵੱਡੇ ਗੁਰਦੁਆਰੇ ਤੇ ਗੁਰਪੁਰਬ ਸਮਾਗਮਾਂ 'ਤੇ ਪੁੱਜ ਕੇ, ਆਪਣੀ ਕੀਰਤਨ ਕਲਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ, ਪਰਮਾਤਮਾ ਰਸ ਮਾਣਨ ਦਾ ਸਾਧਨ ਬਣੇ ਰਹੇ। ਭਾਵੇਂ ਗੁਰੂ ਅਰਜਨ ਦੇਵ ਜੀ ਮਹਾਰਾਜ ਨਾਲ ਧਨ ਪ੍ਰਾਪਤੀ ਦੀ ਕਮੀ ਦੇਖ, ਗੁਰੂ ਘਰ ਨਾਲੋਂ ਬੇਮੁੱਖ ਹੋ ਕੇ ਟੁੱਟ ਗਏ ਸਨ, ਲੇਕਿਨ ਪਸ਼ਚਾਤਾਪ ਕਰ, ਜੁੜੇ ਹੋਏ ਸਿੱਖ ਲੱਧਾ ਪਰਉਪਕਾਰੀ ਰਾਹੀਂ ਫਿਰ ਜੋੜ ਦਿੱਤੇ ਗਏ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦੀ ਬਾਣੀ, ਭੱਟਾਂ ਦੀ ਬਾਣੀ, ਭਗਤਾਂ ਦੀ ਬਾਣੀ ਤੋਂ ਇਲਾਵਾ ਇਨਾਂ ਕੀਰਤਨੀਆਂ ਦੀ ਬਾਣੀ, ਸੱਤਾ ਤੇ ਬਲਵੰਡ ਦੀ-ਬ੍ਰਹਿਮੰਡ ਦੀ ਉਚਾਰੀ ਹੋਈ, ਉੱਚ ਸਿੰਘਾਸਨ 'ਤੇ ਬਿਰਾਜਮਾਨ ਹੋਈ। ਇਹ ਕੀਰਤਨੀ ਜਥੇ ਵੀਹਵੀਂ ਸਦੀ ਦੇ ਆਰੰਭ ਤੇ ਮੱਧਕਾਲ ਵਿਚ ਨਾਮਵਰ ਰਬਾਬੀਆਂ ਵਿਚੋਂ ਹੀ ਸਨ। ਭਾਵੇਂ ਸੱਤੇ ਬਲਵੰਡ ਦੇ ਵਕਤੀ ਤੌਰ 'ਤੇ ਟੁੱਟਣ ਨਾਲ ਗੁਰੂ ਅਰਜਨ ਦੇਵ ਜੀ ਦੀ ਪ੍ਰੇਰਨਾ ਨਾਲ ਸਿੱਖ ਕੀਰਤਨੀਏ ਆਲਮੇ-ਵਜੂਦ ਵਿਚ ਆਏ ਤੇ ਪ੍ਰਫੁੱਲਤ ਹੁੰਦੇ ਰਹੇ, ਪ੍ਰੰਤੂ ਫਿਰ ਵੀ ਸਦੀ ਦੇ ਮੱਧਕਾਲ ਤੱਕ ਰਬਾਬੀ ਸਿਖਰ 'ਤੇ ਸਨ। ਭਾਈ ਚਾਂਦ, ਭਾਈ ਮੋਤੀ, ਭਾਈ ਮੁਖਤਿਆਰ, ਭਾਈ ਲਾਲ, ਭਾਈ ਘਸੀਟਾ ਤੇ ਸੁੰਦਰ ਨਾਮਵਰ ਕੀਰਤਨੀਏ ਸਨ।

ਭਾਈ ਚਾਂਦ ਪ੍ਰਮਾਣਾਂ ਦੇ ਕੀਰਤਨ ਦੇ ਜਨਮਦਾਤੇ ਹਨ। ਸ਼ਬਦ ਗਾਇਨ ਕਰਦਿਆਂ ਹੋਇਆਂ ਪ੍ਰਮਾਣ ਦੇਣਾ ਭਾਈ ਚਾਂਦ ਦਾ ਅਦੁੱਤੀ ਤੇ ਵਿਸਮਾਦੀ ਢੰਗ ਸੀ ਤੇ ਇਸ ਤਰਾਂ ਸ਼ਬਦ ਦੀ ਗਾਇਕੀ ਵਿਆਖਿਆਮਈ ਹੋ ਜਾਂਦੀ ਸੀ। ਇਨਾਂ ਦਾ ਪਹਿਰਾਵਾ ਤੇ ਨਾਮ ਇਸਲਾਮੀ ਰੰਗ ਦੇ ਸਨ। ਗੁਰੂ ਨਾਨਕ ਦੇਵ ਜੀ ਤੋਂ ਵਿਰਾਸਤ ਵਿਚ ਮਿੱਲੀ ਖੁੱਲ ਕਰਕੇ ਸਿੱਖਾਂ ਦੇ ਜਿਗਰੇ ਵਿਸ਼ਾਲ ਸਨ।

ਸਦੀ ਦੇ ਮੱਧਕਾਲ ਵਿਚ ਗੁਰਸਿੱਖ ਕੀਰਤਨੀਆਂ ਨੇ ਵੀ ਗੁਰਬਾਣੀ ਰਸ ਨਾਲ ਜੁੜ ਮਹਾਨ ਸੇਵਾ ਕੀਤੀ ਤੇ ਆਪਣਾ ਨਾਮ ਉਜਾਗਰ ਕੀਤਾ। ਕੁਝ ਹਿੰਦੂ ਸਨਾਤਨ ਤੇ ਗੁਰਮਤਿ ਸੰਸਕ੍ਰਿਤੀ ਦੀ ਮਿਲੀ-ਜੁਲੀ ਛਾਪ ਰੱਖਣ ਵਾਲੇ ਕੀਰਤਨੀਏ ਵੀ ਸੇਵਾ ਕਰਦੇ ਰਹੇ। ਇਹ ਕੀਰਤਨੀਏ ਮੁਲਤਾਨ, ਝੰਗ ਮਗਿਆਣਾ, ਮੀਆਂ ਵਾਲੀ ਤੇ ਸੂਬਾ ਸਰਹੰਦ ਦੇ ਇਲਾਕੇ ਨਾਲ ਸੰਬੰਧਿਤ ਸਨ।

ਸਿੱਖੀ ਸਰੂਪ ਦੇ ਵਾਧੇ ਨਾਲ ਤੇ ਕੀਰਤਨ ਸੁਣਨ ਦੀ ਮੰਗ ਨੇ ਬਹੁਤ ਸਾਰੇ ਕੀਰਤਨੀ ਜਥਿਆਂ ਨੂੰ ਜਨਮ ਦਿੱਤਾ ਹੈ। ਕੀਰਤਨ ਸਿਖਾਉਣ ਲਈ ਪੁਰਾਣੇ ਤੇ ਨਵੇਂ ਵਿਦਿਆਲੇ ਉੱਦਮਸ਼ੀਲ ਹਨ। ਕੀਰਤਨੀ ਜਥਿਆਂ ਵਿਚੋਂ ਕੁਝ ਜਥਿਆਂ ਨੇ ਸੰਗਤਾਂ ਵਿਚ ਕੀਰਤਨ ਸੁਣਨ ਦਾ ਸ਼ੌਕ ਵਧਾਇਆ ਹੈ। ਭਾਵੇਂ ਕੀਰਤਨੀ ਜਥੇ ਬਹੁਤਾਤ ਵਿਚ ਹਨ ਅਤੇ ਨਵੇਂ ਵੀ ਤਿਆਰ ਹੋ ਰਹੇ ਹਨ, ਫਿਰ ਵੀ ਦੇਸ਼ ਵਿਚ ਬਹੁਤੇ ਗੁਰਦੁਆਰਿਆਂ ਵਿਚ ਜਥੇ ਨਹੀਂ ਹਨ ਤੇ ਲੋੜ ਭਾਸਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਕੀਰਤਨੀਆਂ ਦੀ ਰੁਚੀ ਤੇ ਪ੍ਰਬੰਧਕਾਂ ਦੇ ਸੁਭਾਉ ਨੇ ਕੀਰਤਨ ਨੂੰ ਖਰੀਦੋ-ਫਰੋਖਤ ਦੀ ਵਸਤੂ ਬਣਾ ਲਿਆ ਹੈ।

ਬਹੁਤੇ ਕੀਰਤਨ ਦਰਬਾਰ ਬਾਜ਼ਾਰੂ ਮਾਹੌਲ ਪੇਸ਼ ਕਰਦੇ ਹਨ। ਇਕ ਨੂੰ ਇਹ ਚਿੰਤਾ ਹੈ ਕਿ ਕਿਤਨਾ ਬਚੇਗਾ ਤੇ ਇਕ ਹੀ ਇਹ ਬਿਰਤੀ ਹੈ ਕਿ ਕਿਤਨਾ ਮਿਲੇਗਾ। ਭੇਟਾ ਲੈਣ ਤੇ ਦੇਣ ਦੀ ਬਿਰਤੀ ਹੁਣ ਨਹੀਂ ਰਹੀ, ਹੁਣ ਦੋਹਾਂ ਪਾਸਿਆਂ ਤੋਂ ਮੁੱਕ ਚੁਕਾਣਾ ਰਹਿ ਗਿਆ ਹੈ। ਕੀਰਤਨ ਗੁਰੂ ਦਰਬਾਰ ਦੀ ਸ਼ੋਭਾ ਸੀ ਪਰ ਕੀਰਤਨ ਤਾਂ ਖੁਦ ਹੀ ਦਰਬਾਰ ਬਣ ਗਿਐ। ਇਹ ਨਾਮ ਵੀ ਕੋਈ ਤਿੰਨ ਦਹਾਕਿਆਂ ਤੋਂ ਪੁਰਾਣਾ ਨਹੀਂ ਹੈ। ਕੀਰਤਨ ਗੁਰੂ ਦਰਬਾਰ ਵਿਚ ਹੋਵੇ ਤਾਂ ਸਤਿਸੰਗ ਹੈ ਤੇ ਗੁਰੂ ਨਾਲ ਜੁੜਨ ਦਾ ਵਸੀਲਾ ਹੈ, ਪ੍ਰੰਤੂ ਕੀਰਤਨ ਹੀ ਦਰਬਾਰ ਹੈ, ਇਹ ਮੇਰੀ ਸਮਝ ਤੋਂ ਪਰੇ ਹੈ। ਆਖਰ ਕੀਰਤੀ ਕਿਸੇ ਦਰਬਾਰ ਦਾ ਹੀ ਗਾਇਨ ਹੁੰਦੀ ਹੈ ਨਾ ਕਿ ਕੀਰਤੀ ਖੁਦ ਹੀ ਦਰਬਾਰ ਹੈ।

**ਬਾਕੀ ਸਫ਼ਾ 30 'ਤੇ**

# ਬਠਿੰਡਾ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਹੁਕਮਨਾਮਾ ਸੁੰਦਰ ਲਿਖਾਈ ਵਿੱਚ ਲਿਖ਼ਦਾ : ਗੁਰਚਰਨ ਸਿੰਘ

**ਮਾਲਵਿੰਦਰ ਤਿਉਣਾ ਪੁਜਾਰੀਆਂ,**
**ਮੋ.ਨੰਬਰ 9878531625**

ਜਦੋਂ ਉਸ ਦਾ ਨਾਮ ਰੱਖਿਆ ਗਿਆ, ਸ਼ਾਇਦ ਉਸ ਦੇ ਮਾਪਿਆਂ ਨੂੰ ਇਹ ਇਲਮ ਸੀ ਕਿ, ਉਨ੍ਹਾਂ ਦਾ ਪੁੱਤਰ ਗੁਰੂ ਦੇ ਚਰਨਾਂ ਨਾਲ ਜੁੜ ਕੇ ਹੀ ਆਪਣੀ ਉਮਰ ਬਤੀਤ ਕਰੇਗਾ। ਇਸੇ ਲਈ, ਉਸ ਦੇ ਪਿਤਾ ਸਵਰਗੀ ਕਰਤਾਰ ਸਿੰਘ ਅਤੇ ਮਾਤਾ ਭਗਵਾਨ ਕੌਰ ਨੇ 19 ਮਾਰਚ 1956 ਵਿੱਚ ਜਨਮ ਲੈਣ ਵਾਲੇ ਆਪਣੇ ਪੁੱਤਰ ਦਾ ਨਾਮ ਗੁਰਚਰਨ ਸਿੰਘ ਰੱਖਿਆ ਸੀ।

ਬਠਿੰਡਾ ਦੇ ਸਿਰਕੀ ਬਜ਼ਾਰ ਵਿੱਚ ਸਥਿਤ ਉਹਨਾਂ ਦਿਨਾਂ ਵਿੱਚ ਮਸ਼ਹੂਰ ਰਹੇ, ਖਾਲਸਾ ਹਾਈ ਸਕੂਲ ਵਿੱਚ ਪੜ੍ਹਣ ਵਾਲੇ ਗੁਰਚਰਨ ਸਿੰਘ ਨੂੰ ਪੰਜਾਬੀ ਅਧਿਆਪਕ ਗਿਆਨੀ ਗੁਰਦਿਆਲ ਸਿੰਘ ਨੇ ਜਿੱਥੇ ਪੰਜਾਬੀ ਮਾਤਾ ਭਾਸ਼ਾ ਦਾ ਗਿਆਨ ਦਿੱਤਾ, ਉਥੇ ਹੀ ਡਰਾਇੰਗ ਦੇ ਅਧਿਆਪਕ ਮਹਿੰਦਰ ਸਿੰਘ ਨੇ ਉਸ ਦੀ ਕਲਮ ਦੀ ਸਫ਼ਾਈ ਅਤੇ ਉਸ ਅੰਦਰਲੀ ਕਲਾ ਨੂੰ ਪਛਾਣਦੇ ਹੋਏ, ਗੁਰਚਰਨ ਸਿੰਘ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦੇ ਅੱਖ਼ਰਾਂ ਲਿਖਣ ਵਾਲੀ ਕਲਾਕਾਰੀ ਦਾ ਗੂੜ ਗਿਆਨ ਦਿੱਤਾ।

ਗੁਰਚਰਨ ਸਿੰਘ ਦੱਸਦਾ ਹੈ ਕਿ ਸਕੂਲੀ ਪੜ੍ਹਾਈ ਸਮੇਂ ਉਹ ਵੀਰਵਾਰ ਨੂੰ ਬਠਿੰਡਾ ਸਹਿਰ ਵਿੱਚ ਰਾਕੇਸ਼ ਟਾਕੀ ਸਮੇਤ ਹੋਰਨਾਂ ਸਿਨੇਮਾ ਘਰਾਂ ਵਿੱਚ ਸ਼ੁੱਕਰਵਾਰ ਲੱਗਣ ਵਾਲੀਆਂ ਫ਼ਿਲਮਾਂ ਸਬੰਧੀ ਜਾਣਕਾਰੀ ਲੈਣ ਲਈ ਸਿਨੇਮਾ ਘਰਾਂ ਵਿੱਚ ਜਾਂਦਾ ਸੀ। ਇਨ੍ਹਾਂ ਸਿਨੇਮਾ ਘਰਾਂ ਅੰਦਰ ਪੇਂਟਰ ਜੀਤ ਸਿੰਘ ਫ਼ਿਲਮਾਂ ਦੇ ਪ੍ਰਚਾਰ ਲਈ ਇਸ਼ਤਿਹਾਰ ਲਿਖ਼ਦਾ ਹੁੰਦਾ ਸੀ। ਜਿਸ ਨੂੰ ਇਸ਼ਤਿਹਾਰ ਲਿਖਦੇ ਨੂੰ ਉਹ ਬੜੀ ਰੀਝ ਨਾਲ ਲੰਮਾ ਸਮਾਂ ਵੇਖ਼ਦਾ ਰਹਿੰਦਾ। ਉਸ ਨੂੰ ਪੇਂਟਰ ਜੀਤ ਸਿੰਘ ਵੱਲੋਂ ਪੰਜਾਬੀ ਭਾਸ਼ਾ ਦੇ ਬੀਂਗੇ-ਟੇਡੇ ਅੱਖ਼ਰ ਲਿਖਣੇ ਬੜੇ ਚੰਗੇ ਲੱਗਣੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਨਾਲ ਜੁੜਨ ਦੀ ਘਟਨਾ ਨੂੰ ਯਾਦ ਹੋਏ ਗੁਰਚਰਨ ਸਿੰਘ ਦੱਸਦੇ ਹਨ ਕਿ 1992 ਦੇ ਦਸੰਬਰ ਮਹੀਨੇ ਦੇ ਅਖ਼ੀਰ ਵਿੱਚ 29 ਦਸਬੰਰ ਵਾਲੇ ਦਿਨ, ਉਹਨਾਂ ਦੇ ਘਰ ਖਾਲਸਾ ਸਕੂਲ ਦੇ ਨਜਦੀਕ ਕਾਉਤਰੀ ਸਾਹਿਬ ਆਰੰਭ ਹੋਈ। ਉਸ ਦਿਨ ਉਹ ਆਪਣੇ ਤਾਏ ਦੇ ਲੜਕੇ ਜਸਵੰਤ ਸਿੰਘ ਨਾਲ ਪਹਿਲੀ ਵਾਰੀ, ਉੱਥੇ ਸੇਵਾ ਕਰਨ ਲਈ ਗਿਆ ਸੀ। ਉਹਨਾਂ ਦੋਵਾਂ ਵੱਲੋਂ ਮਿਲ ਕੇ, ਉਥੇ ਤਿੰਨ ਦਿਨ ਤਨ ਮਨ ਨਾਲ ਪੂਰੀ ਸੇਵਾ ਕੀਤੀ। ਉਥੇ ਹੀ ਤਾਏ ਚਾਚੇ ਦੇ ਪੁੱਤਰਾਂ ਦੀ ਇਸ ਜੋੜੀ ਨੇ ਪ੍ਰਾਣ ਕੀਤਾ ਕਿ



ਉਹ 1 ਜਨਵਰੀ 1993 ਤੋਂ ਸ਼ਹਿਰ ਦੇ ਗੁਦੁਆਰਾ ਕਿਲ੍ਹਾ ਮੁਬਾਰਕ ਸਾਹਿਬ ਵਿਖੇ ਰੋਜ਼ਾਨਾ ਮੱਥਾ ਟੇਕਣ ਜਾਇਆ ਕਰਨਗੇ।

ਫ਼ਿਰ ਅਗਲੀ ਸਵੇਰ ਤੋਂ ਉਹ ਦੋਵੇਂ ਸਾਈਕਲਾਂ ਉਪਰ ਸਵਾਰ ਹੋ ਕੇ ਬਠਿੰਡਾ ਦੇ ਇਤਿਹਾਸਕ ਗੁਰਦੁਆਰਾ ਕਿਲ੍ਹਾ ਸਾਹਿਬ ਵਿਖੇ ਜਾਣ ਲੱਗੇ। ਕਰੀਬ ਇੱਕ ਹਫ਼ਤੇ ਬਾਅਦ, ਉਸ ਦੇ ਤਾਏ ਦਾ ਲੜਕਾ ਜਸਵੰਤ ਸਿੰਘ, ਗੁਰਚਰਨ ਸਿੰਘ ਨੂੰ ਗੁਰਦੁਆਰਾ ਸਾਹਿਬ ਜਾਣ ਤੋਂ ਜਵਾਬ ਦੇ ਗਿਆ। ਪਰ ਗੁਰਚਰਨ ਸਿੰਘ ਨੇ ਹੌਂਸਲਾ ਨਾ ਛੱਡਿਆ। ਉਹ ਤਾਏ ਦੇ ਲੜਕੇ ਦੇ ਛੱਡਣ ਬਾਅਦ, ਆਪਣਾ ਸਾਈਕਲ ਵੀ ਛੱਡ ਗਿਆ ਅਤੇ ਪੈਦਲ ਹੀ ਗੁਰਦੁਆਰਾ ਸਾਹਿਬ ਜਾਣ ਲੱਗ ਪਿਆ। ਉਹਨਾਂ ਦਿਨਾਂ ਵਿੱਚ ਹੀ ਪਿਤਾ ਕਰਤਾਰ ਸਿੰਘ ਨੇ, ਉਹਨਾਂ ਨੂੰ ਸਾਧੂ ਚਾਲ ਚੱਲਣ ਦਾ ਗੁਰ ਦਿੱਤਾ ਜੋ ਉਨ੍ਹਾਂ ਨੇ ਆਪਣੇ ਲੜ ਬੰਨ ਲਿਆ। ਉਹ ਅੱਜ ਵੀ ਉਸ ਪਿਤਾ ਜੀ ਵੱਲੋਂ ਦਿੱਤੇ ਗੁਰ ਤੇ ਅਮਲ ਕਰ ਰਿਹਾ ਹੈ। ਕਰੀਬ ਤਿੰਨ ਮਹੀਨੇ ਬਾਅਦ ਉਹ ਕਿਲ੍ਹਾ ਸਾਹਿਬ ਦੇ ਬੋਰਡ ਉਪਰ ਲਿਖ਼ੀ ਦੇਸੀ ਮਹੀਨੇ ਦੀ ਦਸਵੀਂ ਨੂੰ ਪੜ੍ਹ ਕੇ, ਧਨੌਲਾ ਮੰਡੀ ਦੇ ਸ਼ਹੀਦ ਬਾਬਾ ਨੱਥਾ ਸਿੰਘ ਵਾਲੇ ਗੁਰਦੁਆਰਾ ਸਾਹਿਬ ਵਿੱਚ ਗਿਆ ਪਰ ਉੱਥੇ ਜਾ ਕੇ ਪਤਾ ਲੱਗਾ ਕਿ ਦਸਵੀਂ ਇੱਕ ਦਿਨ ਪਹਿਲਾਂ ਲੰਘ ਚੁੱਕੀ ਸੀ। ਜਿਸ ਕਾਰਨ ਉਹ ਮੁੜ ਕਿਲ੍ਹਾ ਸਾਹਿਬ ਪਹੁੰਚ ਗਿਆ ਅਤੇ ਉਥੇ ਲਿਖ਼ਤ ਵਿੱਚ ਹੋਈ ਗਲਤੀ ਸਬੰਧੀ ਗ੍ਰੰਥੀ ਸਿੰਘ ਨਾਲ ਗੱਲ ਕੀਤੀ। ਗ੍ਰੰਥੀ ਸਿੰਘ ਨੇ, ਦੇਸੀ ਮਹੀਨੇ ਦੀਆਂ ਤਰੀਕਾਂ ਅਤੇ ਮੱਸਿਆ, ਸੰਗਰਾਂਦ ਆਦਿ ਲਿਖ਼ਣ ਲਈ ਉਸ ਨੂੰ, ਹੀ ਲਗਾ ਦਿੱਤਾ। ਸਮੇਂ ਦੇ ਬੀਤਣ ਨਾਲ ਹੋਲੀ ਹੋਲੀ ਉਹ ਹੁਕਮਨਾਮਾ ਵੀ ਲਿਖਣ ਲੱਗ ਪਿਆ। ਇੱਕ ਵਾਰੀ ਦੀ ਗੱਲ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲਿਖ਼ਤ ਵੇਖ ਕੇ ਸੰਗਰੂਰ ਦੇ ਸੇਵਾਮੁਕਤ ਐਸ.ਐਸ.ਪੀ.ਹਰਮਨਪ੍ਰੀਤ ਸਿੰਘ ਨੇ ਗੁਰਦੁਆਰਾ ਕਿਲ੍ਹਾ ਮੁਬਾਰਕ ਦੇ ਹੈਡ ਗ੍ਰੰਥੀ ਤੇਜਾ ਸਿੰਘ ਨੂੰ ਚਿੱਠੀ ਲਿਖ਼ੀ ਸੀ। ਜਿਸ ਵਿੱਚ ਲਿਖ਼ਿਆ ਕਿ ਉਨ੍ਹਾਂ ਨੇ ਬਹੁਤ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਹਨ ਪਰ ਅਜਿਹੀ ਪੰਜਾਬੀ ਦੀ ਇੰਨੀ ਜ਼ਿਆਦਾ ਸੁੰਦਰ ਲਿਖ਼ਾਈ ਵਿੱਚ ਉਨ੍ਹਾਂ ਹੁਕਮਨਾਮਾ ਲ਼ਿਖਿਆ ਕਿਤੇ ਵੀ ਨਹੀਂ ਵੇਖਿਆ ਹੈ। ਉਨ੍ਹਾਂ ਅਪੀਲ ਕੀਤੀ ਕਿ ਉਸ ਨੂੰ ਦੋ ਤਿੰਨ ਪੇਜ਼ ਹੋਕਮਨਾਮਾ ਦਿਖ਼ਣ ਵਾਲੇ ਤੋਂ ਪੰਜਾਬੀ ਭਾਸ਼ਾ ਵਿੱਚ ਲਿਖ਼ਵਾ ਕੇ ਭੇਜੇ ਜਾਣ। ਗੁਰਚਰਨ ਸਿੰਘ ਨੇ, ਉਨ੍ਹਾਂ ਲਈ ਚਾਰ ਪੇਜ਼ ਲਿਖ਼ ਕੇ ਭੇਜੇ ਅਤੇ ਬੜਾ ਮਾਣ ਮਹਿਸੂਸ ਕੀਤਾ।

ਗੁਰਚਰਨ ਸਿੰਘ ਦੱਸਦਾ ਹੈ ਕਿ ਉਹ ਨਿਰੰਤਰ 1993 ਤੋਂ ਗੁਰੂ ਘਰ ਜਾ ਰਿਹਾ ਹੈ। ਇਸ ਅਰਸੇ ਦੌਰਾਨ ਪਏ ਨਾਂਗਿਆਂ ਦੀ ਗੱਲ ਪੁੱਛਣ ਉਪਰ ਉਨ੍ਹਾਂ ਕਿਹਾ ਕਿ ਜੇ ਉਸ ਨੂੰ ਬਠਿੰਡਾ ਤੋਂ ਬਾਹਰ ਜਾਣਾ ਪੈਂਦਾ ਹੈ ਤਾਂ ਉਹ ਗੁਰੂ ਘਰ ਵਿੱਚ ਸਵੇਰੇ ਸ਼ਾਮ ਹਾਜ਼ਰੀ ਅਗੇਤੀ ਹੀ ਲਗਵਾ ਜਾਂਦੇ ਹਨ ਅਤੇ ਜਿੱਥੇ ਵੀ ਜਾਂਦੇ ਹਨ। ਉੱਥੇ ਨਜ਼ਦੀਕੀ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਹੁਕਮਨਾਮਾ ਲਿਖ਼ਣ ਦੀ ਸੇਵਾ ਕਰ ਦਿੰਦੇ ਹਨ। ਲੱਕੜੀ ਦਾ ਕਾਰੀਗਰ ਹੋਣ ਕਾਰਨ, ਉਹ ਹੁਕਮਨਾਮੇ ਲਿਖ਼ਣ ਵਾਲੇ ਬੋਰਡ ਵੱਖ-ਵੱਖ ਡਿਜ਼ਾਇਨ ਦੇ ਬਣਾ ਕੇ ਲਗਾਉਣ ਦੀ ਸੇਵਾ ਵੀ ਉਹ ਖ਼ੁਦ ਹੀ ਕਰਦਾ ਹੈ। ਗੁਰਦੁਆਰਾ ਕਿਲ੍ਹਾ ਮੁਬਾਰਕ ਵਿਖੇ ਉਸ ਦਾ ਹੁਕਮਨਾਮਾ ਲਿਖ਼ਣ ਵਾਲਾ ਬੋਰਡ ਜੋ ਗੋਲ ਅਕਾਰ ਦਾ ਬਣਾਇਆ ਹੈ। ਉਸ ਦੀ ਕਲਾ ਦੀ ਗਵਾਹੀ ਭਰਦਾ ਹੈ।

ਗੁਰਚਰਨ ਸਿੰਘ ਅਨੁਸਾਰ, ਉਨ੍ਹਾਂ ਉਪਰ ਗੁਰੂਘਰ ਦੀ ਇੰਨੀ ਕ੍ਰਿਪਾ ਹੋ ਚੁੱਕੀ ਹੈ ਕਿ ਜਦੋਂ ਹੁਕਮਨਾਮੇ ਦੇ ਪਹਿਲੇ ਦੋ ਤਿੰਨ ਸਬਦ ਸੁਣ ਲੈਂਦੇ ਹਨ ਤਾਂ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਅੰਗ ਅਤੇ ਸ਼ਬਦ ਆਪ ਮੁਹਾਰੇ ਹੀ ਜੁਬਾਨ ਉਪਰ ਆ ਜਾਂਦਾ ਹੈ। ਇਸੇ ਤਰ੍ਹਾਂ ਹੀ ਉਹ ਜਦੋਂ ਦੋ ਤਿੰਨ ਵਾਰ ਉਹ ਸ਼ਬਦ ਨੂੰ ਉਚਾਰਦੇ ਹਨ ਤਾਂ ਉਨ੍ਹਾਂ ਦੇ ਅਰਥ ਵੀ ਉਨ੍ਹਾਂ ਦੇ ਦਿਮਾਗ ਵਿੱਚ ਪ੍ਰਗਟ ਹੋ ਜਾਂਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਗੁਰਚਰਨ ਸਿੰਘ ਦੀ ਪੰਜਾਬੀ ਭਾਸ਼ਾ ਦੇ ਨਾਲ ਹੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿਖ਼ਾਈ ਵੀ ਬੜੀ ਹੀ ਸੁੰਦਰ ਹੈ। ਉਹਨਾਂ ਦੇ ਚਾਰ ਲੜਕੀਆਂ ਤੇਜਿੰਦਰ ਕੌਰ, ਜਸਵਿੰਦਰ ਕੌਰ, ਬਲਵਿੰਦਰ ਕੌਰ, ਗੁਰਜੀਤ ਕੌਰ ਅਤੇ ਲੜਕਾ ਚਮਕੌਰ ਸਿੰਘ ਹੈ। ਉਨ੍ਹਾਂ ਦੀ ਲਿਖ਼ਾਈ ਭਾਵੇਂ ਵੀ ਬੜੀ ਸੁੰਦਰ ਹੈ ਪਰ ਉਹ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਹੁਕਮਨਾਮਾ ਲਿਖਣ ਦੀ ਸੇਵਾ ਨਹੀਂ ਕਰਦੇ ਹਨ।

ਇਸ ਸਮੇਂ ਗੁਰਚਰਨ ਸਿੰਘ ਗੁਰਦੁਆਰਾ ਕਿਲ੍ਹਾ ਸਾਹਿਬ, ਗੁਰਦੁਆਰਾ ਸਿੰਘ ਸਭਾ ਸਾਹਿਬ,ਗੁਰਦੁਆਰਾ ਹਾਜੀ ਰਤਨ ਸਹਿਬ, ਗੁਰਦੁਆਰਾ ਜੀਵਨ ਪ੍ਰਕਾਸ਼ ਮਾਡਲ ਟਾਉੂਨ, ਗੁਰਦੁਆਰਾ ਸਾਹਿਬ ਸੰਗਤ ਸਿਵਲ ਸਟੇਸਨ ਅਤੇ ਮੁਲਤਾਨੀਆਂ ਰੋਡ ਉਪਰ ਸਥਿਤ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਰੋਜਾਨਾ ਹੁਕਮਨਾਮਾ ਲਿਖ਼ਣ ਦੀ ਸੇਵਾ ਨਿਭਾਅ ਰਹੇ ਹਨ। ਇਸ ਕੰਮ ਲਈ ਸ਼੍ਰੋਮਣੀ ਪ੍ਰਬੰਧਕ ਕਮੇਟੀ ਵੱਲੋਂ ਮਾਣ ਸਨਮਾਨ ਕਰਨ ਦੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਸਨਮਾਨ ਨਹੀਂ, ਪ੍ਰਮਾਤਮਾ ਦੀ ਕ੍ਰਿਪਾ ਚਾਹੀਦੀ ਹੈ ਜੋ ਉਹਨਾਂ ਦੇ ਪੂਰੇ ਪਰਿਵਾਰ ਉਪਰ ਹੋ ਰਹੀ ਹੈ।



# ਸੀਮਤ ਮਾਤਰਾ ਵਿਚ ਹੀ ਰੁਜ਼ਗਾਰ ਪੈਦਾ ਕਰੇਗਾ 2021-22 ਦਾ ਭਾਰਤੀ ਬਜਟ

**ਐਸ. ਐਸ. ਛੀਨਾ**

ਦੇਸ਼ ਦੀ ਆਰਥਿਕਤਾ ਦੀ ਦਸ਼ਾ ਅਨੁਸਾਰ ਆਉਣ ਵਾਲੇ ਸਮੇਂ ਵਿਚ ਆਰਥਿਕਤਾ ਨੂੰ ਦਿਸ਼ਾ ਦੇਣ ਲਈ ਕੇਂਦਰੀ ਬਜਟ ਦੀ ਵੱਡੀ ਭੂਮਿਕਾ ਹੁੰਦੀ ਹੈ, ਜਿਸ ਵਿਚ ਕੁਝ ਖੇਤਰਾਂ ਨੂੰ ਤਰਜੀਹ ਦੇਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਪਹਿਲਾਂ ਹੀ ਉਮੀਦ ਕੀਤੀ ਜਾਂਦੀ ਸੀ ਕਿ ਇਸ ਸਾਲ ਖੇਤੀ ਵਿਚ ਨਿਵੇਸ਼ ਵਧਾਉਣ ਲਈ ਪਿਛਲੇ ਸਾਲ ਤੋਂ ਵੱਧ ਕਰਜ਼ਾ ਰੱਖਿਆ ਜਾਵੇਗਾ ਅਤੇ ਉਸ ਅਨੁਸਾਰ ਹੀ ਇਸ ਸਾਲ ਕਿਸਾਨੀ ਖੇਤਰ ਲਈ 16 ਲੱਖ ਕਰੋੜ ਰੁਪਏ ਦੇ ਕਰਜ਼ੇ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ 7 ਫ਼ੀਸਦੀ ਦੀ ਵਿਆਜ ਦਰ 'ਤੇ ਦਿੱਤਾ ਜਾਵੇਗਾ। ਖੇਤੀ ਖੇਤਰ ਵਿਚ ਦੇਸ਼ ਦੀ 60 ਫ਼ੀਸਦੀ ਜਾਂ ਸਭ ਤੋਂ ਜ਼ਿਆਦਾ ਵਸੋਂ ਲੱਗੀ ਹੋਣ ਕਰਕੇ ਇਸ ਖੇਤਰ ਦੀ ਆਮਦਨ ਵਧਾਉਣ ਲਈ ਖੇਤੀ ਦੇ ਸਹਾਇਕ ਖੇਤਰਾਂ ਜਿਵੇਂ ਪਸ਼ੂ ਪਾਲਣ ਅਤੇ ਡੇਅਰੀ ਦੀ ਸਭ ਤੋਂ ਵੱਡੀ ਭੂਮਿਕਾ ਹੈ। ਇਸ ਲਈ ਇਸ ਬਜਟ ਵਿਚ 40 ਹਜ਼ਾਰ ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਭਾਵੇਂ ਕਿ ਬਜਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਕਿਸਾਨ ਦੀ ਫ਼ਸਲ 'ਤੇ ਉਸ ਨੂੰ ਉਸ ਦੀ ਲਾਗਤ ਤੋਂ ਡੇਢ ਗੁਣਾ ਜ਼ਿਆਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ ਪਰ ਇਸ ਦੇ ਵੇਰਵੇ ਨਹੀਂ ਦਿੱਤੇ ਗਏ ਕਿ ਉਸ ਵਿਚ ਕਿਹੜੀਆਂ ਫ਼ਸਲਾਂ ਆਉਣਗੀਆਂ ਅਤੇ ਉਸ ਲਾਗਤ ਨੂੰ ਕਿਸ ਤਰ੍ਹਾਂ ਮਾਪਿਆ ਜਾਵੇਗਾ। ਇੱਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨ ਨਾਲ ਹੀ ਉਹ ਕੀਮਤ ਲਾਗੂ ਨਹੀਂ ਹੋ ਜਾਂਦੀ, ਉਹ ਕੀਮਤ ਤਾਂ ਹੀ ਲਾਗੂ ਹੋ ਸਕਦੀ ਹੈ, ਜੇ ਉਨ੍ਹਾਂ ਕੀਮਤਾਂ 'ਤੇ ਉਨ੍ਹਾਂ ਫ਼ਸਲਾਂ ਦੀ ਸਰਕਾਰ ਵੱਲੋਂ ਖ਼ਰੀਦ ਕੀਤੀ ਜਾਵੇ।

ਭਾਵੇਂ ਕਿ ਖੇਤੀ ਦੇ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਪੈਟਰੋਲ 'ਤੇ 4 ਫ਼ੀਸਦੀ ਜਦੋਂ ਕਿ ਡੀਜ਼ਲ 'ਤੇ 2.50 ਫ਼ੀਸਦੀ ਕ੍ਰਿਸ਼ੀ ਸੈੱਸ ਲਾਇਆ ਜਾਣਾ ਹੈ। ਇਸ ਨਾਲ ਖੇਤੀ ਖੇਤਰ ਵਿਚ ਕਿੰਨਾ ਕੁ ਰੁਜ਼ਗਾਰ ਪੈਦਾ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਪਰ ਇਸ ਦਾ ਇਕ ਮਾੜਾ ਪ੍ਰਭਾਵ ਇਕਦਮ ਇਹ ਸ਼ੁਰੂ ਹੋ ਜਾਵੇਗਾ ਕਿ ਇਸ ਨਾਲ ਆਮ ਵਰਤੋਂ ਦੀਆਂ ਚੀਜ਼ਾਂ ਇਕਦਮ ਮਹਿੰਗੀਆਂ ਹੋ ਜਾਣਗੀਆਂ ਕਿਉਂ ਜੋ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਜਿੱਥੇ ਢੁਆਈ ਤੇ ਆਵਾਜਾਈ ਦੇ ਖ਼ਰਚ ਵਧਣਗੇ, ਉੱਥੇ ਉਤਪਾਦਨ ਦੀ ਲਾਗਤ ਵੀ ਵਧੇਗੀ, ਇਸ ਸੰਦਰਭ ਵਿਚ ਹੀ ਖੇਤੀ ਉਤਪਾਦਨ ਦੀ ਲਾਗਤ ਵੀ ਵਧੇਗੀ ਜਿਹੜੀ ਹਰ ਵਰਗ ਦੇ ਵਿਅਕਤੀ ਨੂੰ ਪ੍ਰਭਾਵਿਤ ਕਰੇਗੀ ਪਰ ਇਹ ਸਭ ਤੋਂ ਜ਼ਿਆਦਾ ਗ਼ਰੀਬ ਅਤੇ ਮੱਧ ਵਰਗ ਦੇ ਵਿਅਕਤੀ ਨੂੰ ਜ਼ਿਆਦਾ ਪ੍ਰਭਾਵਿਤ ਕਰੇਗੀ।

ਸਿਹਤ ਦੇ ਪੱਖ 'ਤੇ ਭਾਰਤ ਵੱਲੋਂ ਜਿਹੜਾ ਖ਼ਰਚ ਕੀਤਾ ਜਾਂਦਾ ਸੀ, ਉਸ ਦੀ ਹਰ ਸਾਲ ਆਲੋਚਨਾ ਕੀਤੀ ਜਾਂਦੀ ਸੀ। ਇਸ ਸਾਲ ਦੇ ਬਜਟ ਵਿਚ ਸਿਹਤ ਲਈ ਕੀਤੇ ਜਾਣ ਵਾਲੇ ਖ਼ਰਚ ਵਿਚ ਇਕਦਮ 137 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਪਿਛਲੇ ਸਾਲ ਸਿਹਤ ਦੇ ਖੇਤਰ ਵਿਚ 94 ਹਜ਼ਾਰ ਕਰੋੜ ਰੁਪਏ ਖ਼ਰਚ ਕੀਤੇ ਗਏ ਸਨ ਪਰ ਇਸ ਸਾਲ ਉਹ ਖ਼ਰਚ ਵਧ ਕੇ 2.32 ਲੱਖ ਕਰੋੜ ਕਰ ਦਿੱਤਾ ਗਿਆ ਹੈ। ਇਸ ਵਿਚ 75 ਹਜ਼ਾਰ ਨਵੇਂ ਹੈਲਥ ਸੈਂਟਰ ਖੋਲਣ ਦੀ ਤਜਵੀਜ਼ ਹੈ ਜਿਸ ਨਾਲ ਦੇਸ਼ ਦੇ 6.50 ਲੱਖ ਪਿੰਡਾਂ ਨੂੰ ਆਪਣੇ ਘੇਰੇ ਵਿਚ ਲਿਆਂਦਾ ਜਾਣਾ ਹੈ। ਇਸ ਬਜਟ ਵਿਚ ਦੋ ਮੋਬਾਈਲ ਹਸਪਤਾਲ ਖੋਲਣ ਦੀ ਤਜਵੀਜ਼ ਵੀ ਰੱਖੀ ਗਈ ਹੈ। 35 ਹਜ਼ਾਰ ਕਰੋੜ ਰੁਪਏ ਕੋਰੋਨਾ ਵੈਕਸੀਨ 'ਤੇ ਖ਼ਰਚ ਕਰਨ ਲਈ ਰੱਖੇ ਗਏ ਹਨ ਭਾਵੇਂ ਕਿ ਇਸ ਦੀ ਵਿਆਖਿਆ ਤਾਂ ਨਹੀਂ ਕੀਤੀ ਗਈ ਕਿ ਉਹ ਖ਼ਰਚ ਰਿਆਇਤੀ ਜਾਂ ਮੁਫ਼ਤ ਵੈਕਸੀਨ ਲਈ ਕੀਤਾ ਜਾਣਾ ਹੈ ਪਰ ਉਮੀਦ ਕੀਤੀ ਜਾਂਦੀ ਹੈ ਕਿ ਇਸ ਖ਼ਰਚ ਨੂੰ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਉਨ੍ਹਾਂ ਲੋਕਾਂ ਲਈ ਮੁਫ਼ਤ ਵੈਕਸੀਨ ਦੀ ਵਿਵਸਥਾ ਕੀਤੀ ਜਾਵੇਗੀ ਜਿਹੜੇ ਮਹਿੰਗੀ ਵੈਕਸੀਨ ਨੂੰ ਖ਼ਰੀਦਣ ਦੀ ਸਮਰੱਥਾ ਨਹੀਂ ਰੱਖਦੇ। ਇਸ ਖ਼ਰਚ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਜ਼ਿਆਦਾ ਖ਼ਰਚ ਪਿੰਡਾਂ ਦੀਆਂ ਡਿਸਪੈਂਸਰੀਆਂ, ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਹਸਪਤਾਲਾਂ ਲਈ ਕੀਤਾ ਜਾਵੇਗਾ, ਜਿਨ੍ਹਾਂ ਨੂੰ ਮਹਿੰਗੇ ਇਲਾਜ ਲਈ ਨਿੱਜੀ ਹਸਪਤਾਲਾਂ ਅਤੇ ਡਾਕਟਰਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਇਨ੍ਹਾਂ ਸਿਹਤ ਸੇਵਾਵਾਂ ਵਿਚ ਕਿਸਾਨ ਲਈ ਸਿਹਤ ਬੀਮੇ ਦੇ ਘੇਰੇ ਨੂੰ ਵਧਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ।

ਸਰਕਾਰ ਵੱਲੋਂ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦੇ ਉਦੇਸ਼ ਲਈ ਇਸ ਬਜਟ ਵਿਚ 64100 ਕਰੋੜ ਰੁਪਏ ਰੱਖੇ ਗਏ ਹਨ ਜਿਸ ਦੇ ਅਧੀਨ ਉਨ੍ਹਾਂ ਉਦਯੋਗਿਕ ਇਕਾਈਆਂ ਦੀ ਮਦਦ ਕੀਤੀ ਜਾਣੀ ਹੈ ਜਿਹੜੀਆਂ ਇਕਾਈਆਂ ਵਿਦੇਸ਼ਾਂ ਤੋਂ ਆਉਣ ਵਾਲੀਆਂ ਵਸਤੂਆਂ ਦਾ ਬਦਲ ਬਣ ਸਕਦੀਆਂ ਹਨ। ਪਿਛਲੇ ਸਮਿਆਂ ਵਿਚ ਵਿਦੇਸ਼ਾਂ ਤੋਂ ਆਉਣ ਵਾਲੀਆਂ ਵਸਤੂਆਂ ਦੇ ਵਿਕਣ ਕਰਕੇ ਦੇਸ਼ ਵਿਚ ਬਣਨ ਵਾਲੀਆਂ ਵਸਤੂਆਂ ਨਹੀਂ ਸਨ ਵਿਕਦੀਆਂ, ਜਿਸ ਕਰਕੇ ਉਦਯੋਗਿਕ ਇਕਾਈਆਂ ਬੰਦ ਹੋਈਆਂ ਸਨ ਅਤੇ ਜਿਸ ਨਾਲ ਲੱਖਾਂ ਲੋਕ ਬੇਰੁਜ਼ਗਾਰ ਹੋਏ ਸਨ। ਦੇਸ਼ ਦੇ ਆਤਮ-ਨਿਰਭਰ ਹੋਣ ਨਾਲ ਜਿੱਥੇ ਵਿਦੇਸ਼ੀ ਮੁਦਰਾ ਬਚੇਗੀ, ਉੱਤੇ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਪਰ ਇਸ ਲਈ ਰੱਖੀ ਗਈ ਰਕਮ ਇਸ ਵੱਡੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕਾਫ਼ੀ ਨਹੀਂ ਹੈ।

ਬਜਟ ਵਿਚ ਘਰਾਂ ਲਈ ਕਰਜ਼ਾ ਲੈਣ ਵਾਲੇ ਵਿਅਕਤੀਆਂ ਲਈ 1.50 ਲੱਖ ਤੱਕ ਬਗ਼ੈਰ ਵਿਆਜ ਅਤੇ ਬਾਅਦ ਵਿਚ ਲਏ ਕਰਜ਼ੇ ਦੇ ਵਿਆਜ ਵਿਚ ਇਕ ਫ਼ੀਸਦੀ ਦੀ ਰਿਆਇਤ ਦੇਣ ਦੀ ਵਿਵਸਥਾ ਹੈ। ਭਾਰਤ ਦੇ ਕਰੋੜਾਂ ਲੋਕ ਬੇਘਰ ਹਨ ਅਤੇ ਵਧਦੀ ਹੋਈ ਜ਼ਮੀਨ ਦੀ ਕੀਮਤ ਅਤੇ ਘਰਾਂ ਦੀ ਲਾਗਤ ਕਰਕੇ ਉਹ ਆਪਣੀ ਆਮਦਨ ਵਿਚ ਨਵੇਂ ਘਰ ਨਹੀਂ ਉਸਾਰ ਸਕਦੇ। ਅਜਿਹੇ ਕਰਜ਼ਧਾਰਕਾਂ ਨੂੰ ਸਿਰਫ਼ ਇਕ ਫ਼ੀਸਦੀ ਦੀ ਰਿਆਇਤ ਨਵੇਂ ਘਰ ਬਣਾਉਣ ਲਈ ਉਤਸ਼ਾਹਿਤ ਨਹੀਂ ਕਰ ਸਕਦੀ।

ਨਵੇਂ ਆਰਥਿਕ ਢਾਂਚੇ ਵਿਚ ਰੇਲਵੇ ਅਤੇ ਸੜਕਾਂ ਦੀ ਉਸਾਰੀ ਲਈ ਵੀ ਵਿਵਸਥਾ ਕੀਤੀ ਗਈ ਹੈ। ਰੇਲਵੇ ਲਈ 1.10 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸ ਸਾਲ ਵਿਚ 8500 ਕਰੋੜ ਰੁਪਏ ਨਵੀਆਂ ਸੜਕਾਂ ਦੀ ਉਸਾਰੀ ਲਈ ਰੱਖੇ ਗਏ ਹਨ। ਪਿਛਲੇ ਸਾਲ ਦੀ ਮਹਾਂਮਾਰੀ ਕਰਕੇ ਆਰਥਿਕਤਾ ਵਿਚ ਵੱਡੀ ਖੜੋਤ ਆ ਗਈ ਸੀ, ਜਿਸ ਨਾਲ ਰੁਜ਼ਗਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਜੇ ਨਿੱਜੀ ਖ਼ਰਚ ਨਾ ਹੁੰਦਾ ਹੋਵੇ ਤਾਂ ਸਰਕਾਰ ਨੂੰ ਆਪ ਖ਼ਰਚ ਕਰ ਦੇਣਾ ਚਾਹੀਦਾ ਹੈ ਪਰ ਦੇਸ਼ ਭਰ ਵਿਚ ਬਣਨ ਵਾਲੀਆਂ ਸੜਕਾਂ ਜੋ ਵਿਕਾਸ ਗਤੀ ਨੂੰ ਤੇਜ਼ ਕਰਦੀਆਂ ਹਨ ਅਤੇ ਰੁਜ਼ਗਾਰ ਪੈਦਾ ਕਰਦੀਆਂ ਹਨ, ਉਨ੍ਹਾਂ ਲਈ ਰੱਖੀ ਰਕਮ ਏਨੀ ਨਹੀਂ ਕਿ ਉਸ ਨਾਲ ਵੱਡੀ ਮਾਤਰਾ ਵਿਚ ਰੁਜ਼ਗਾਰ ਪੈਦਾ ਹੋ ਸਕੇ। ਸਰਕਾਰ ਵੱਲੋਂ ਇਸ ਬਜਟ ਵਿਚ 20 ਲੱਖ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਵਿਚ ਮੈਟਰੋ ਰੇਲ ਸੇਵਾ ਸ਼ੁਰੂ ਕਰਨ ਦੀ ਤਜਵੀਜ਼ ਦਿੱਤੀ ਗਈ ਹੈ, ਜਿਹੜਾ ਕਿ ਬਹੁਤ ਲੰਮੇ ਸਮੇਂ ਦਾ ਪ੍ਰਾਜੈਕਟ ਹੈ ਅਤੇ ਇਸ ਤੋਂ ਮਿਲਣ ਵਾਲੇ ਲਾਭ ਕਾਫ਼ੀ ਸਮੇਂ ਤੋਂ ਬਾਅਦ ਹੀ ਮਿਲਣੇ ਹਨ ਪਰ ਇਹ ਇਸ ਵਕਤ ਦੀ ਲੋੜ ਸੀ ਅਤੇ ਇਸ ਨਾਲ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਵਿੱਦਿਆ ਦੇ ਖੇਤਰ ਵਿਚ ਕੀਤੀ ਗਈ ਵਿਵਸਥਾ ਵਿਚ ਜਨਤਕ ਨਿੱਜੀ ਭਾਈਵਾਲੀ ਅਧੀਨ 100 ਨਵੇਂ ਸੈਨਿਕ ਸਕੂਲ ਖੋਲਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਲੱਦਾਖ ਵਿਚ ਇਕ ਕੇਂਦਰੀ ਯੂਨੀਵਰਸਿਟੀ ਖੋਲੀ ਜਾਣੀ ਹੈ। ਪਰ ਵਿੱਦਿਆ ਦੇ ਖੇਤਰ ਵਿਚ ਨਵੇਂ ਸਕੂਲਾਂ ਨੂੰ ਖੋਲਣ ਦੀ ਬਜਾਏ ਪੁਰਾਣੇ ਸਕੂਲਾਂ ਨੂੰ ਸੁਧਾਰਨ ਲਈ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ। ਭਾਵੇਂ ਕਿ ਪਹਿਲਾਂ ਹੀ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਹੈ ਪਰ ਫਿਰ ਵੀ ਦੇਸ਼ ਦੇ 3 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜਬੂਰ ਹਨ। ਵਿੱਦਿਆ ਦੀ ਨੀਤੀ ਅਤੇ ਵਿੱਦਿਆ 'ਤੇ ਕੀਤੇ ਜਾਣ ਵਾਲੇ ਖ਼ਰਚ ਨਾਲ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਦੇਸ਼ ਦਾ ਇਕ ਵੀ ਬੱਚਾ ਕਿਰਤ ਕਰਨ ਲਈ ਮਜਬੂਰ ਨਾ ਹੋਵੇ। ਭਾਵੇਂ ਕਿ ਇਸ ਬਜਟ ਵਿਚ ਆਮਦਨ ਦੀ ਸੀਮਾ ਜਿਸ 'ਤੇ ਟੈਕਸ ਲਗਦਾ ਹੈ, ਉਸ ਨੂੰ ਵਧਾਇਆ ਨਹੀਂ ਗਿਆ, ਜਿਸ ਦੀ ਮੱਧ ਵਰਗ ਨੂੰ ਉਮੀਦ ਸੀ ਪਰ ਫਿਰ ਵੀ 75 ਸਾਲ ਤੋਂ ਵਧ ਵਿਅਕਤੀਆਂ ਨੂੰ ਆਮਦਨ ਕਰ ਰਿਟਰਨ ਭਰਨ ਤੋਂ ਛੋਟ ਦੇਣਾ ਇਕ ਰਾਹਤ ਹੈ। ਉਮੀਦ ਕੀਤੀ ਜਾਂਦੀ ਸੀ ਕਿ ਕਾਰਪੋਰੇਟ ਟੈਕਸ ਜਿਸ ਨੂੰ ਕੁਝ ਸਾਲ ਪਹਿਲਾਂ 30 ਤੋਂ 25 ਫ਼ੀਸਦੀ ਕੀਤਾ ਗਿਆ ਸੀ, ਉਸ ਵਿਚ ਫਿਰ ਵਾਧਾ ਕੀਤਾ ਜਾਵੇਗਾ ਪਰ ਉਹ ਵੀ ਨਹੀਂ ਕੀਤਾ ਗਿਆ, ਜਦੋਂ ਕਿ ਦੁਨੀਆ ਦੇ ਬਹੁਤੇ ਦੇਸ਼ਾਂ ਨਾਲੋਂ ਭਾਰਤ ਵਿਚ ਕਾਰਪੋਰੇਟ ਟੈਕਸ ਕਾਫ਼ੀ ਘੱਟ ਹੈ। ਇਹ ਬਜਟ 6.8 ਫ਼ੀਸਦੀ ਘਾਟੇ ਦਾ ਬਜਟ ਹੈ ਜਿਸ ਦਾ ਅਰਥ ਹੈ ਕਿ ਖ਼ਰਚ ਆਮਦਨ ਤੋਂ 6.8 ਫ਼ੀਸਦੀ ਵਧ ਹੈ ਜਿਸ ਨੂੰ ਕਰਜ਼ ਲੈ ਕੇ ਪੂਰਾ ਕਰਨਾ ਪਵੇਗਾ। ਇਹ ਸੁਭਾਵਿਕ ਹੀ ਹੈ ਕਿ ਇਸ ਖ਼ਰਚ ਵਿਚ ਵਾਧਾ ਹੁੰਦਾ ਹੋਵੇਗਾ ਕਿਉਂਕਿ ਆਮਦਨੀ ਵਧਾਉਣ ਵਿਚ ਅਜੇ ਵੱਡੀਆਂ ਰੁਕਾਵਟਾਂ ਆਈਆਂ ਹੋਈਆਂ ਹਨ ਪਰ 'ਮਨਰੇਗਾ' ਜੋ ਪਿੰਡਾਂ ਵਿਚ ਅਤੇ ਦੇਸ਼ ਭਰ ਵਿਚ ਵੱਡਾ ਰੁਜ਼ਗਾਰ ਪੈਦਾ ਕਰ ਸਕਦਾ ਹੈ, ਉਸ ਨੂੰ ਇਸ ਬਜਟ ਵਿਚ ਅਣਗੌਲਿਆ ਗਿਆ ਹੈ। ਸੂਖਮ, ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਜਿਹੜੇ ਸਭ ਤੋਂ ਵੱਧ ਰੁਜ਼ਗਾਰ ਪੈਦਾ ਕਰਦੇ ਹਨ, ਉਨ੍ਹਾਂ ਦਾ ਅਣਗੌਲਿਆ ਜਾਣਾ ਜਾਂ ਉਨ੍ਹਾਂ ਨੂੰ ਘੱਟ ਮਹੱਤਵ ਦੇਣਾ ਵੀ ਠੀਕ ਨਹੀਂ ਪਰ ਉਪਨਿਵੇਸ਼ ਵਧਾ ਕੇ ਜਨਤਕ ਖੇਤਰ ਦੀਆਂ ਅਹਿਮ ਕੰਪਨੀਆਂ ਤੇ ਅਦਾਰਿਆਂ ਨੂੰ ਵੇਚਣਾ ਵੀ ਸਹੀ ਨਹੀਂ ਹੈ।

# ਦੇਸ਼ ਦੇ ਅੰਨਦਾਤਾ ਨਾਲ ਵਿਤਕਰਾ ਕਿਉਂ ?

**ਸੰਜੀਵ ਸਿੰਘ ਸੈਣੀ ਮੋਹਾਲੀ**

ਇਸ ਸਮੇਂ ਕਿਸਾਨ ਅੰਦੋਲਨ ਪੂਰੇ ਜ਼ੋਰਾਂ 'ਤੇ ਹੈ। ਹਰ ਤਬਕੇ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਜਾ ਰਹੀ ਹੈ। ਯੂ ਐਨ ਓ ਤੋਂ ਲੈ ਕੇ ਇਕ ਮਜ਼ਦੂਰ ਤੱਕ ਸਭ ਨੇ ਕਿਸਾਨ ਅੰਦੋਲਨ ਦੀ ਵਕਾਲਤ ਕੀਤੀ ਹੈ। ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ ਦੇ ਖ਼ਿਲਾਫ਼ ਅੱਜ ਦੇਸ ਦਾ ਅੰਨਦਾਤਾ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ ਅੰਦੋਲਨ ਕਰ ਰਿਹਾ ਹੈ। ਅੱਜ ਇਹ ਅੰਦੋਲਨ ਜਨ ਅੰਦੋਲਨ ਬਣ ਗਿਆ ਹੈ। ਇਹ ਅੰਦੋਲਨ ਸਿਰਫ਼ ਪੰਜਾਬ ਦੇ ਕਿਸਾਨਾਂ ਦਾ ਨਾ ਰਹਿ ਕੇ ਪੂਰੇ ਭਾਰਤ ਦੇ ਕਿਸਾਨਾਂ ਦਾ ਅੰਦੋਲਨ ਬਣ ਗਿਆ ਹੈ। ਤਕਰੀਬਨ ਕਾਫ਼ੀ ਲੰਮੇ ਸਮੇਂ ਬਾਅਦ ਸੰਸਦ ਦੇ ਬਜਟ ਸੈਸ਼ਨ ਵਿੱਚ ਕਿਸਾਨੀ ਅੰਦੋਲਨ ਦਾ ਮੁੱਦਾ ਉਠਿਆ। ਓਧਰ ਇਕ ਸਾਬਕਾ ਪ੍ਰਧਾਨ ਮੰਤਰੀ ਨੇ ਬਿਆਨ ਵੀ ਦਿੱਤਾ ਹੈ ਖੇਤੀ ਵਿਸ਼ਾ ਜੋ ਸੂਬਿਆਂ ਦਾ ਵਿਸ਼ਾ ਹੈ। ਫਿਰ ਕੇਂਦਰ ਸਰਕਾਰ ਨੇ ਸੂਬਿਆਂ ਤੋਂ ਉਲਟ ਚੱਲ ਕੇ, ਬਿਨਾਂ ਸਲਾਹ ਮਸ਼ਵਰਾ ਕੀਤੇ ਖੇਤੀ ਬਿੱਲ ਕਿਉਂ ਬਣਾਏ। ਤਕਰੀਬਨ ਖੇਤੀ ਮੰਤਰੀ ਨਾਲ ਕਿਸਾਨਾਂ ਦੀਆਂ 11 ਮੀਟਿੰਗਾਂ ਹੋਈਆਂ, ਜੋ ਤਕਰੀਬਨ ਬੇਸਿੱਟਾ ਹੀ ਰਹੀਆਂ। ਪਹਿਲੇ ਹੀ ਦਿਨ ਤੋਂ ਕੇਂਦਰੀ ਖੇਤੀਬਾੜੀ ਮੰਤਰੀ ਇਨ੍ਹਾਂ ਬਿੱਲਾਂ ਦੀ ਵਕਾਲਤ ਕਰਦੇ ਆ ਰਹੇ ਹਨ।

ਰਾਜ ਸਭਾ ਵਿੱਚ ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਹੈ ਕਿ ਸਰਕਾਰ ਬਿੱਲਾਂ ਵਿੱਚ ਸੋਧਾਂ ਕਰਨ ਲਈ ਤਿਆਰ ਹੈ, ਪਰ ਇਹ ਕਾਨੂੰਨ ਵਿੱਚ ਕੁਝ ਵੀ ਗਲਤ ਨਹੀਂ ਹੈ। ਸਰਕਾਰ ਇਹਨਾਂ ਕਾਨੂੰਨਾਂ ਨੂੰ ਰੱਦ ਨਹੀਂ ਕਰੇਗੀ। ਉਹੀ ਪੁਰਾਣੀਆਂ ਦਲੀਲਾਂ ਨੂੰ ਦੁਹਰਾਇਆ ਗਿਆ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਏਗੀ। ਐਮ ਐਸ ਪੀ ਖ਼ਤਮ ਨਹੀਂ ਹੋਵੇਗੀ। 70 ਸਾਲ ਵਿਚ ਪਹਿਲੀ ਵਾਰ ਕਿਸਾਨ ਆਜ਼ਾਦ ਹੋਇਆ ਹੈ। ਕੇਂਦਰ ਸਰਕਾਰ ਵਾਰ-ਵਾਰ ਕਹਿੰਦੀ ਹੈ ਕਿ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ। ਜੇ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ ਤਾਂ ਸਰਕਾਰ ਕਾਨੂੰਨਾਂ ਵਿੱਚ ਸੋਧਾਂ ਕਰਨ ਲਈ ਕਿਉਂ ਤਿਆਰ ਹੈ? ਜਦੋਂ ਕਿਸਾਨ ਆਪਣਾ ਫ਼ਾਇਦਾ ਕਰਵਾਉਣਾ ਹੀ ਨਹੀਂ ਚਾਹੁੰਦੇ, ਤਾਂ ਸਰਕਾਰ ਧੱਕੇ ਨਾਲ ਕਿਸਾਨਾਂ ਦੇ ਗਲ ਇਹ ਕਾਨੂੰਨ ਕਿਉਂ ਮੜ੍ਹ ਰਹੀ ਹੈ। ਕਿਸਾਨਾਂ ਨੂੰ ਮੰਡੀਆਂ ਖ਼ਤਮ ਹੋਣ ਦਾ ਵੀ ਡਰ ਹੈ। ਸਭ ਨੂੰ ਪਤਾ ਹੈ ਕਿ ਦੋ ਮੰਡੀਆਂ ਬਰਾਬਰ ਨਹੀਂ ਚੱਲ ਸਕਦੀਆਂ। ਫਿਰ ਖੇਤੀਬਾੜੀ ਮੰਤਰੀ ਨੇ ਇਹ ਵੀ ਕਿਹਾ ਕਿ ਇਹ ਸਿਰਫ਼ ਪੰਜਾਬ ਦਾ ਅੰਦੋਲਨ ਹੈ। ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਭਾਰਤ ਦੇਸ਼ ਦੇ ਤਕਰੀਬਨ ਸਾਰੇ ਸੂਬਿਆਂ ਤੋਂ ਹੀ ਅੱਜ ਕਿਸਾਨ ਦਿੱਲੀ ਦੀਆਂ ਬਰੂਹਾਂ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ। ਪਿਛਲੇ ਹਫ਼ਤੇ ਜਦੋਂ ਰਕੇਸ਼ ਟਿਕੈਤ ਜੀ ਭਾਵੁਕ ਹੋਏ, ਤਾਂ ਯੂਪੀ ਸੂਬੇ ਤੋਂ ਮਹਾਂ ਪੰਚਾਇਤਾਂ ਦਾ ਦਿੱਲੀ ਦੀਆਂ ਬਰੂਹਾਂ 'ਤੇ ਹੜ੍ਹ ਆ ਗਿਆ। ਪਿਛਲੇ ਦੋ ਦਿਨਾਂ ਤੋਂ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿੱਚ ਮਹਾਂ ਪੰਚਾਇਤਾਂ ਹੋਈਆਂ। ਜਿਨ੍ਹਾਂ ਨੇ ਕਿਸਾਨੀ ਸੰਘਰਸ਼ ਵਿਚ ਵੱਧ-ਚੜ੍ਹ ਕੇ ਆਪਣੀ ਸ਼ਮੂਲੀਅਤ ਕੀਤੀ।

ਵਿਦੇਸ਼ਾਂ ਤੱਕ ਦੇ ਫ਼ਿਲਮ ਸਟਾਰ ਵੀ ਅੱਜ ਖੇਤੀ ਅੰਦੋਲਨ ਦੀ ਹਮਾਇਤ ਕਰ ਰਹੇ ਹਨ। ਫਿਰ ਅੱਜ ਤੱਕ ਕਿਉਂ ਸਰਕਾਰ ਦੀਆਂ ਅੱਖਾਂ ਤੇ ਪੱਟੀ ਬੰਨ੍ਹੀਂ ਹੋਈ ਹੈ। ਸਰਕਾਰ ਦੀਆਂ ਅੱਖਾਂ ਤੋਂ ਪੱਟੀ ਕਦੋਂ ਲਥੇਗੀ? 190 ਦੇ ਕਰੀਬ ਕਿਸਾਨਾਂ ਨੇ ਸ਼ਹੀਦੀ ਵੀ ਦਿੱਤੀ ਹੈ। ਅੱਜ ਹਰ ਇੱਕ ਨਾਗਰਿਕ ਨੂੰ ਇਨ੍ਹਾਂ ਬਿੱਲਾਂ ਬਾਰੇ ਸਮਝ ਲੱਗ ਚੁੱਕੀ ਹੈ। ਕਿ ਜੇ ਇਹ ਬਿੱਲ ਲਾਗੂ ਹੁੰਦੇ ਹਨ ਤਾਂ, ਅਸੀਂ ਬੇ-ਰੋਜ਼ਗਾਰ ਹੋ ਜਾਵਾਂਗੇ। ਖ਼ੁਦਕੁਸ਼ੀਆਂ ਵਧ ਜਾਣਗੀਆਂ। ਤਕਰੀਬਨ ਹਰ ਪਰਿਵਾਰ ਵਿੱਚ ਅੱਜ ਦੇ ਨੌਜਵਾਨ ਪੜ੍ਹੇ-ਲਿਖੇ ਹਨ। ਕਿਸਾਨ ਸਮਝਦਾਰ ਹਨ। ਭੋਲੇ-ਭਾਲੇ ਹਨ। ਖੇਤੀ ਕਾਨੂੰਨਾਂ ਵਿੱਚ ਸਾਫ਼ ਸਾਫ਼ ਲਿਖਿਆ ਹੈ ਕਿ ਇਹ ਕਾਨੂੰਨ ਕਾਰਪੋਰੇਟ ਅਦਾਰੇ ਦੇ ਹੱਕ ਵਿੱਚ ਹਨ। ਆਖ਼ਿਰ ਸਰਕਾਰ ਐਮ ਐੱਸ ਪੀ ਨੂੰ ਕਾਨੂੰਨੀ ਦਰਜਾ ਕਿਉਂ ਨਹੀਂ ਦੇਣਾ ਚਾਹੁੰਦੀ? ਆਖ਼ਿਰ ਕੇਂਦਰ ਸਰਕਾਰ ਆਪਣੀ ਅੜੀ ਕਿਉਂ ਨਹੀਂ ਛੱਡ ਰਹੀ? ਮੋਦੀ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਕਾਰਪੋਰੇਟ ਦਾ ਪੱਖ ਪੂਰ ਰਹੀ ਹੈ? ਬਰੂਹਾਂ 'ਤੇ ਬੈਠੇ ਕਿਸਾਨਾਂ 'ਤੇ ਸਰਕਾਰ ਵੱਲੋਂ ਤਸ਼ੱਦਦ ਢਾਹੇ ਗਏ? ਕੀ ਕਿਸਾਨ ਮਾਓਵਾਦੀ ਹਨ, ਜੋ ਸਾਰੇ ਦੇਸ਼ ਦਾ ਪੇਟ ਭਰਦਾ ਹੈ? ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਵਤੀਰਾ ਛੱਡ ਕੇ ਇਹ ਖੇਤੀ ਮਾਰੂ ਬਿੱਲ ਰੱਦ ਕਰ ਦੇਣੇ ਚਾਹੀਦੇ ਹਨ। ਸਰਕਾਰ ਇਸ ਅੰਦੋਲਨ ਨੂੰ ਜਿੰਨਾ ਲੰਬਾ ਖਿੱਚੇਗੀ, ਇਹ ਹੋਰ ਪ੍ਰਚੰਡ ਹੁੰਦਾ ਜਾਵੇਗਾ। ਇਸ ਦਾ ਸਰਕਾਰ ਨੂੰ ਹੀ ਨੁਕਸਾਨ ਹੋਵੇਗਾ। ਜਮਹੂਰੀਅਤ ਵਿੱਚ ਕਿਸੇ ਵੀ ਕਾਨੂੰਨ ਤੇ ਦੁਬਾਰਾ ਵਿਚਾਰ ਕਰਨਾ ਸੰਭਵ ਹੈ।

# ਸਹੋਤਾ ਪਰਿਵਾਰ ਨੂੰ ਸਦਮਾ



ਕੈਪਟਨ ਗਿਆਨ ਸਿੰਘ ਸਹੋਤਾ, ਪਿੰਡ ਚੱਕ ਦੇਸ ਰਾਜ (ਬੜਾ ਪਿੰਡ) ਜੋ ਅੱਜ-ਕੱਲ੍ਹ ਕੈਲੇਫੋਰਨੀਆਂ ਦੇ ਸ਼ਹਿਰ ਟਰੇਸੀ ਵਿੱਚ ਰਹਿੰਦੇ ਸਨ, ਐਤਵਾਰ ਅਚਾਨਕ ਦਿਲ ਦਾ ਦੌਰਾ ਪੈਣ ਕਾਰਣ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਉਮਰ 87 ਸਾਲ ਦੀ ਸੀ ਅਤੇ ਸਿਹਤਯਾਬ ਵੀ ਸਨ। ਉਹ 32 ਸਾਲ ਸਿੱਖ ਰੈਜਮੈਂਟ ਵਿੱਚ ਰਹੇ ਸਨ ਅਤੇ ਬਹੁਤ ਸਤਿਕਾਰਯੋਗ ਗਿਣੇ ਜਾਂਦੇ ਸਨ। ਉਹ ਆਪਣੇ ਸੰਬੰਧੀਆਂ ਅਤੇ ਯਾਰ ਦੋਸਤਾਂ ਵਿੱਚ 'ਕੈਪਟਨ ਸਾਬ' ਦੇ ਨਾਮ ਨਾਲ ਹੀ ਜਾਣੇ ਜਾਂਦੇ ਸਨ। ਸਿੱਖ ਪੰਚਾਇਤ ਦੇ ਭਾਈ ਜਸਦੇਵ ਸਿੰਘ ਅਫਸੋਸ ਜਾਹਿਰ ਕਰਦੇ ਹੋਏ ਦੱਸਿਆ ਕਿ ਕੈਪਟਨ ਗਿਆਨ ਸਿੰਘ ਸਹੋਤਾ, ਪੰਥਕ ਸਫਾਂ ਅਤੇ ਖੇਡ ਪ੍ਰੇਮੀਆਂ ਵਿੱਚ ਹਰਮਨ ਪਿਆਰੇ ਜਸਕਰਨ ਸਿੰਘ ਸਹੋਤਾ ਦੇ ਪਿਤਾ ਸਨ। ਜਸਕਰਨ ਸਿੰਘ ਸਹੋਤਾ ਆਪ ਵੀ ਹਾਕੀ ਦੇ ਉੱਘੇ ਖਿਡਾਰੀ ਰਹੇ ਹਨ। ਭਾਈ ਜਸਵਿੰਦਰ ਸਿੰਘ ਜੰਡੀ ਨੇ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਵੀ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਕੈਪਟਨ ਸਾਹਿਬ ਨੇ ਇੱਕ ਵਧੀਆ ਇਨਸਾਨ ਦੇ ਨਾਲ ਨਾਲ ਪਰਿਵਾਰਕ ਜ਼ੁੰਮੇਵਾਰੀਆਂ ਨੂੰ ਬੜੀ ਬਾਖੂਬੀ ਨਾਲ ਨਿਭਾਇਆ। ਜਸਕਰਨ ਸਿੰਘ ਸਹੋਤਾ ਨੇ ਸਸਕਾਰ ਅਤੇ ਅਖੰਡ ਪਾਠ ਸਾਹਿਬ ਦੇ ਭੋਗ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਸਕਾਰ ਤੇ ਸਿਰਫ 25 ਬੰਦੇ ਹੀ ਜਾ ਸਕਦੇ ਹਨ ਇਸਲਈ ਸਾਰੇ ਦੋਸਤਾਂ ਮਿੱਤਰਾਂ ਨੂੰ ਸਨਿੱਚਰਵਾਰ ਮਿਤੀ 13 ਫਰਵਰੀ 2 ਵਜੇ ਗੁਰਦੁਆਰਾ ਸਾਹਿਬ ਫਰੀਮਾਂਟ ਅੰਤਿਮ ਅਰਦਾਸ ਤੇ ਭੋਗ ਤੇ ਹਾਜਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

**ਪਰਿਵਾਰ ਨਾਲ ਅਫਸੋਸ ਕਰਨ ਅਤੇ ਹੋਰ ਜਾਣਕਾਰੀ ਲਈ ਜਸਕਰਨ ਸਿੰਘ ਸਹੋਤਾ ਨੂੰ 408-910-9429 ਤੇ ਫੋਨ ਕਰ ਸਕਦੇ ਹੋ।**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਿਆਸਤਦਾਨਾਂ ਨੂੰ ਲਲਕਾਰਨ ਵਾਲੀ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਵਾਲੀ ਗਰੇਟਾ ਥਨਬਰਗ

## ✪ ਗ੍ਰੇਟਾ ਦੇ ਟੂਲਕਿਟ 'ਤੇ ਦਿੱਲੀ ਪੁਲਿਸ ਔਖੀ ✪ ਭਾਰਤ ਸਰਕਾਰ ਨੇ ਦਸਿਆ ਕਿ ਦੇਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ

**ਬਘੇਲ ਸਿੰਘ**

ਕਿਸਾਨ ਅੰਦੋਲਨ ਦੇ ਪੱਖ ਵਿੱਚ ਵਾਤਾਵਰਨ ਕਾਰਕੁਨ ਗਰੇਟਾ ਥਨਬਰਗ ਨੇ ਆਪਣੀ ਹਮਾਇਤ ਜ਼ਾਹਿਰ ਕਰਦਿਆਂ ਕਿਹਾ, 'ਅਸੀਂ ਭਾਰਤ ਵਿੱਚ ਹੋ ਰਹੇ ਕਿਸਾਨ ਅੰਦੋਲਨ ਦੇ ਨਾਲ ਖੜ੍ਹੇ ਹਾਂ।' ਗਰੇਟਾ ਦੇ ਇਸ ਟਵੀਟ ਨੇ ਉਸ ਨੂੰ ਵਿਸ਼ਵ ਚਰਚਾ ਵਿੱਚ ਤੜਥਲੀ ਮਚਾ ਦਿੱਤੀ ਹੈ। ਭਾਰਤ ਸਰਕਾਰ ਵਲੋਂ ਉਸ ਦੀ ਵਿਰੋਧਤਾ ਕੀਤੀ ਜਾਣ ਲੱਗੀ। ਕਿਸਾਨ ਤੇ ਸਿੱਖ ਭਾਈਚਾਰੇ ਵਲੋਂ ਉਸ ਨੂੰ ਅੱਖਾਂ ਉਪਰ ਬਿਠਾਕੇ ਉਸ ਦੀਆਂ ਸਿਫਤਾਂ ਕੀਤੀਆਂ ਗਈਆਂ ਹਨ। ਮੋਦੀ ਸਰਕਾਰ ਨੇ ਤਾਂ ਉਸ ਵਲੋਂ ਕਿਸਾਨ ਅੰਦੋਲਨ ਨੂੰ ਦਿੱਤੀ ਹਮਾਇਤ ਨੂੰ ਭਾਰਤ ਖਿਲਾਫ ਕੌਮਾਂਤਰੀ ਸਾਜਸਿ ਦਾ ਇੱਕ ਹਿੱਸਾ ਕਰਾਰ ਦੇ ਦਿੱਤਾ।

ਉਸ ਮਗਰੋਂ ਗਰੇਟਾ ਨੇ ਮੁੜ ਟਵੀਟ ਕੀਤਾ ਤੇ ਕਿਹਾ ਕਿ ਉਹ ਅਜੇ ਵੀ ਕਿਸਾਨਾਂ ਦੇ ਸ਼ਾਂਤਮਈ ਮੁਜ਼ਾਹਰੇ ਦੀ ਹਮਾਇਤ ਵਿੱਚ ਹੈ ਤੇ ਕਿਸੇ ਪ੍ਰਕਾਰ ਦੀ ਕੋਈ ਧਮਕੀ ਉਸ ਨੂੰ ਅਜਿਹਾ ਕਰਨ ਤੋਂ ਨਹੀਂ ਰੋਕ ਸਕਦੀ ।

**ਕੌਣ ਹੈ ਗਟੇਟਾ ਥਨਬਰਗ**

ਗਰੇਟਾ ਥਨਬਰਗ ਸਵੀਡਨ ਦੇ ਸਟੌਕਹੌਮ ਦੀ ਰਹਿਣ ਵਾਲੀ 18 ਸਾਲਾ ਕੁੜੀ ਹੈ ਜਿਸ ਨੇ ਸਕੂਲ ਛੱਡਿਆ ਤੇ ਮੌਸਮ ਤਬਦੀਲੀ ਨਾਲ ਲੜਨ ਲਈ ਇੱਕ ਕੌਮਾਂਤਰੀ ਵਾਤਾਵਰਨ ਲਹਿਰ ਦੀ ਅਗਵਾਈ ਕੀਤੀ। ਉਸ ਨੇ ਲੱਖਾਂ ਲੋਕਾਂ ਨੂੰ ਦੁਨੀਆਂ ਭਰ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਗਰੇਟਾ ਦੀ ਮਾਂ ਮਲੇਨਾ ਅਰਨਮੈਨ ਇੱਕ ਓਪੇਰਾ ਗਾਇਕਾ ਹੈ । ਉਸ ਦੇ ਪਿਤਾ ਸਵਾਂਟ ਥਨਬਰਗ ਇੱਕ ਅਦਾਕਾਰ ਹਨ ਅਤੇ ਸਵਾਂਟ ਅਰਹੀਨੀਅਸ ਦੇ ਵੰਸ਼ਜ ਹਨ ਜੋ ਕਿ ਵਿਗਿਆਨੀ ਸਨ ਜਿਨ੍ਹਾਂ ਨੇ ਗ੍ਰੀਨਹਾਊਸ ਦੇ ਪ੍ਰਭਾਵ ਦਾ ਮਾਡਲ ਲਿਆਂਦਾ ਸੀ। 1903 ਵਿੱਚ ਉਨ੍ਹਾਂ ਨੂੰ ਕੈਮਿਸਟਰੀ ਲਈ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਦੋਵਾਂ ਕੁੜੀਆਂ ਵਿਚੋਂ ਵੱਡੀ ਗਰੇਟਾ ਦਾ ਕਹਿਣਾ ਹੈ ਕਿ ਉਸ ਨੇ ਮੌਸਮੀ ਤਬਦੀਲੀ ਬਾਰੇ ਉਦੋਂ ਸਿੱਖਿਆ ਜਦੋਂ ਉਹ ਅੱਠ ਸਾਲਾਂ ਦੀ ਸੀ । ਮਈ, 2018 ਵਿੱਚ 15 ਸਾਲ ਦੀ ਉਮਰ ਵਿੱਚ ਗਰੇਟਾ ਨੇ ਇੱਕ ਸਥਾਨਕ ਅਖਬਾਰ ਵਿੱਚ ਇੱਕ ਮੌਸਮੀ ਤਬਦੀਲੀ ਬਾਰੇ ਲੇਖ ਮੁਕਾਬਲਾ ਜਿੱਤਿਆ। ਤਿੰਨ ਮਹੀਨਿਆਂ ਬਾਅਦ ਅਗਸਤ ਵਿੱਚ ਉਸ ਨੇ ਸਵੀਡਿਸ਼ ਸੰਸਦ ਦੀ ਇਮਾਰਤ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਧਰਨੇ ਨੂੰ ਉਦੋਂ ਤੱਕ ਜਾਰੀ ਰੱਖਣ ਦਾ ਦਾਅਵਾ ਕੀਤਾ ਜਦੋਂ ਤੱਕ ਸਵੀਡਨ ਦੀ ਸਰਕਾਰ 2015 ਵਿੱਚ ਪੈਰਿਸ ਵਿੱਚ ਵਿਸ਼ਵ ਆਗੂਆਂ ਵੱਲੋਂ ਸਹਿਮਤ ਕੀਤੇ ਗਏ ਕਾਰਬਨ ਨਿਕਾਸ ਦੇ ਟੀਚੇ ਨੂੰ ਪੂਰਾ ਨਹੀਂ ਕਰਦੀ। ਉਸਨੇ ਇੱਕ ਤਖਤਾ ਫੜਿਆ ਜਿਸ 'ਤੇ ਲਿਖਿਆ ਸੀ- 'ਵਾਤਾਵਰਨ ਲਈ ਸਕੂਲ ਹੜਤਾਲ' ਅਤੇ ਸੁੱਕਰਵਾਰ ਨੂੰ ਹੜਤਾਲ 'ਤੇ ਜਾਣ ਲਈ ਲਗਾਤਾਰ ਸਕੂਲ ਤੋਂ ਛੁੱਟੀ ਮਾਰਨ ਲੱਗੀ। ਉਸ ਨੇ ਦੁਨੀਆਂ ਭਰ ਦੇ ਵਿਦਿਆਰਥੀਆਂ ਨੂੰ ਉਸ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਸ ਵੱਲੋਂ ਕੀਤਾ ਜਾ ਰਿਹਾ ਵਿਰੋਧ ਪ੍ਰਦਰਸਨ ਸ਼ੋਸਲ ਮੀਡੀਆ 'ਤੇ ਵਾਇਰਲ ਹੋ ਗਿਆ ਅਤੇ ਜਿਵੇਂ ਹੀ ਉਸਦੇ ਟੀਚੇ ਲਈ ਸਮਰਥਨ ਵੱਧਦਾ ਗਿਆ, ਦੁਨੀਆਂ ਭਰ ਵਿੱਚ # Fridays For Future ਨਾਲ ਹੋਰ ਹੜਤਾਲਾਂ ਵੀ ਸ਼ੁਰੂ ਹੋ ਗਈਆਂ।

ਦਸੰਬਰ 2018 ਤੱਕ ਦੁਨੀਆਂ ਭਰ ਦੇ 20,000 ਤੋਂ ਵੱਧ ਵਿਦਿਆਰਥੀਆਂ ਨੇ ਉਸ ਦਾ ਸਾਥ ਦਿੱਤਾ ਜਿਸ ਵਿੱਚ ਆਸਟਰੇਲੀਆ, ਯੂ.ਕੇ., ਬੈਲਜੀਅਮ, ਅਮਰੀਕਾ ਅਤੇ ਜਪਾਨ ਦੇ ਵਿਦਿਆਰਥੀ ਸ਼ਾਮਲ ਸਨ। ਉਹ ਯੂਰਪ ਦੇ



ਆਲੇ-ਦੁਆਲੇ ਦੀਆਂ ਹੜਤਾਲਾਂ ਵਿੱਚ ਸ਼ਾਮਲ ਹੋਈ ਤੇ ਵਾਤਾਵਰਣ ਤੇ ਉਸ ਦੇ ਪ੍ਰਭਾਵ ਨੂੰ ਸੀਮਤ ਕਰਨ ਲਈ ਰੇਲ ਰਾਹੀਂ ਯਾਤਰਾ ਕਰਨਾ ਚੁਣਿਆ। ਗਰੇਟਾ ਮੁਹਿੰਮ ਜਾਰੀ ਰੱਖਣ ਲਈ ਅਤੇ ਦੁਨੀਆਂ ਭਰ ਵਿੱਚ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ 2019 ਦੇ ਪੂਰੇ ਸਾਲ ਹੀ ਸਕੂਲ ਨਹੀਂ ਗਈ। ਸਤੰਬਰ 2019 ਵਿੱਚ ਉਹ ਯੂਐੱਨ ਵਾਤਾਵਰਨ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਨਿਊਯਾਰਕ ਗਈ। ਗਰੇਟਾ ਨੇ ਵਾਤਾਵਰਨ 'ਤੇ ਪੈਣ ਵਾਲੇ ਅਸਰ ਕਾਰਨ ਉਡਾਣ ਰਾਹੀਂ ਸਫਰ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲਈ ਉਸਨੇ ਰੇਸਿੰਗ ਯਾਚ ਰਾਹੀਂ ਸਫਰ ਕੀਤਾ ਅਤੇ ਦੋ ਹਫਤਿਆਂ ਵਿੱਚ ਉੱਥੇ ਪਹੁੰਚੀ। ਜਦੋਂ ਉਹ ਪਹੁੰਚੀ ਦੁਨੀਆਂ ਭਰ ਦੇ ਲੱਖਾਂ ਲੋਕਾਂ ਨੇ ਵਾਤਾਵਰਨ ਤਬਦੀਲੀ ਨਾਲ ਜੁੜੀ ਹੜਤਾਲ ਵਿੱਚ ਹਿੱਸਾ ਲਿਆ।

ਗਰੇਟਾ ਦਾ ਕਹਿਣਾ ਹੈ ਕਿ ਦੁਨੀਆਂ ਭਰ ਦੀਆਂ ਵੱਡੀਆਂ ਸਰਕਾਰਾਂ ਤੇ ਕਾਰੋਬਾਰ ਕਾਰਬਨ ਦੇ ਨਿਕਾਸ ਨੂੰ ਘਟਾਉਣ ਲਈ ਤੇਜ਼ੀ ਨਾਲ ਕੰਮ ਨਹੀਂ ਕਰ ਰਹੇ ਹਨ ਤੇ ਉਸ ਨੇ ਨੌਜਵਾਨਾਂ ਨੂੰ ਨਿਰਾਸ਼ ਕਰਨ ਲਈ ਦੁਨੀਆਂ ਭਰ ਦੇ ਆਗੂਆਂ 'ਤੇ ਸ਼ਬਦੀ ਹਮਲਾ ਕੀਤਾ। ਸ਼ੁਰੂ ਵਿੱਚ ਉਸ ਦੇ ਵਿਰੋਧ-ਪ੍ਰਦਰਸ਼ਨ ਸਵੀਡਨ ਦੀ ਸਰਕਾਰ ਦੇ ਵਾਤਾਵਰਨ ਦੇ ਟੀਚਿਆਂ 'ਤੇ ਕੇਂਦ੍ਰਿਤ ਸਨ ਅਤੇ ਉਸ ਨੇ ਦੁਨੀਆਂ ਭਰ ਦੇ ਵਿਦਿਆਰਥੀਆਂ ਨੂੰ ਆਪਣੇ ਦੇਸ਼ਾਂ ਵਿਚ ਅਜਿਹੀਆਂ ਮੰਗਾਂ ਰੱਖਣ ਦੀ ਅਪੀਲ ਕੀਤੀ। ਪਰ ਜਿਵੇਂ ਕਿ ਉਸ ਦੀ ਪ੍ਰਸਿੱਧੀ ਵਧਦੀ ਗਈ, ਉਸਨੇ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਗਲੋਬਲ ਨਿਕਾਸ ਨੂੰ ਘਟਾਉਣ ਲਈ ਅਪੀਲ ਕੀਤੀ। ਉਸ ਨੇ ਕੌਮਾਂਤਰੀ ਬੈਠਕਾਂ ਵਿੱਚ ਬੋਲਿਆ ਜਿਸ ਵਿੱਚ ਸੰਯੁਕਤ ਰਾਸ਼ਟਰ ਦੇ ਨਿਊਯਾਰਕ ਵਿੱਚ 2019 ਦੇ ਵਾਤਾਵਰਨ ਤਬਦੀਲੀ ਬਾਰੇ ਸੰਬੋਧਨ ਤੇ ਦਾਵੋਸ ਵਿੱਚ ਵਿਸਵ ਆਰਥਿਕ ਮੰਚ ਵੀ ਸ਼ਾਮਲ ਹਨ। ਫੋਰਮ ਦੌਰਾਨ ਉਸਨੇ ਬੈਂਕਾਂ, ਕੰਪਨੀਆਂ ਅਤੇ ਸਰਕਾਰਾਂ ਨੂੰ ਜੈਵਿਕ ਇੰਧਨ ਜਿਵੇਂ ਕਿ ਤੇਲ, ਕੋਲਾ ਤੇ ਗੈਸ ਵਿੱਚ ਨਿਵੇਸ਼ ਕਰਨ ਅਤੇ ਸਬਸਿਡੀ ਦੇਣ ਤੋਂ ਰੋਕਣ ਦੀ ਮੰਗ ਕੀਤੀ। ਉਸਨੇ ਕਿਹਾ, 'ਇਸ ਦੀ ਬਜਾਏ, ਉਨ੍ਹਾਂ ਨੂੰ ਆਪਣੇ ਪੈਸੇ ਨੂੰ ਤਕਨੀਕ, ਖੋਜ ਵਿਕਸਿਤ ਕਰਨ ਅਤੇ ਕੁਦਰਤ ਨੂੰ ਬਹਾਲ ਕਰਨ ਵਿੱਚ ਲਗਾਉਣਾ ਚਾਹੀਦਾ ਹੈ।'

**'ਗ੍ਰੇਟਾ' ਵਿਰੁਧ ਮੋਦੀ ਸਰਕਾਰ ਸਰਗਰਮ**

ਵਾਤਾਵਰਨ ਪ੍ਰੇਮੀ ਤੇ ਸਮਾਜ ਸੇਵਕ ਗ੍ਰੇਟਾ ਥਨਬਰਗ ਦੁਆਰਾ ਕਿਸਾਨ ਅੰਦੋਲਨ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਹੋਏ ਟੂਲਕਿੱਟ ਦਾ ਮਾਮਲਾ ਭਖ ਗਿਆ ਹੈ । ਦਿੱਲੀ ਪੁਲਿਸ ਗੂਗਲ ਤੋਂ ਉਸ ਆਈਪੀ ਐਡਰੈੱਸ ਅਤੇ ਲੋਕੇਸ਼ਨ ਦੀ ਜਾਣਕਾਰੀ ਮੰਗਣ ਜਾ ਰਹੀ ਹੈ, ਜਿਥੋਂ ਪਹਿਲੀ ਵਾਰ ਟੂਲਕਿੱਟ ਨੂੰ ਗੂਗਲ ਡਾਕਸ 'ਤੇ ਅਪਲੋਡ ਕੀਤਾ ਗਿਆ ਸੀ। ਹੁਣ ਦਿੱਲੀ ਪੁਲਿਸ ਇਸ ਬਾਰੇ ਤੇਜ਼ੀ ਨਾਲ ਪੜਤਾਲ ਕਰ ਰਹੀ ਹੈ ਕਿ ਆਖ਼ਿਰ ਗ੍ਰੇਟਾ ਨੂੰ ਟੂਲਕਿੱਟ ਕਿਥੋਂ ਪ੍ਰਾਪਤ ਹੋਈ। ਭਾਰਤੀ ਸੂਤਰਾਂ ਅਨੁਸਾਰ ਗ੍ਰੇਟਾ ਨੂੰ ਇਹ ਟੂਲਕਿੱਟ ਇਕ ਖ਼ਾਲਿਸਤਾਨ ਸਮਰਥਕ ਸੰਗਠਨ ਨੇ ਕੈਨੇਡਾ ਤੋਂ ਉਪਲਬਧ ਕਰਵਾਏ ਸਨ ਤੇ ਉਥੇ ਹੀ ਥਨਬਰਗ ਨੂੰ ਫੰਡਿੰਗ ਵੀ ਉਪਲਬਧ ਕਰਵਾ ਰਿਹਾ ਹੈ।

ਕਾਂਗਰਸ ਖੁੱਲ੍ਹ ਕੇ ਵਿਦੇਸ਼ੀ ਸੈਲੀਬ੍ਰਿਟੀ ਤੇ ਸਮਾਜਿਕ ਕਾਰਜ ਕਰਤਾਵਾਂ ਦੇ ਸਮਰਥਨ 'ਚ ਆ ਗਈ ਹੈ। ਲੋਕ ਸਭਾ 'ਚ ਕਾਂਗਰਸ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਵਿਵਾਦਿਤ ਵਾਤਾਵਰਨ ਪ੍ਰੇਮੀ ਗ੍ਰੇਟਾ ਥਨਬਰਗ ਦਾ ਸਮਰਥਨ ਕੀਤਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ 'ਤੇ ਨਿਸ਼ਾਨਾ ਲਗਾਇਆ ਕਿ ਝੂਠ ਬੋਲਣਾ ਬੰਦ ਕਰਨ। ਖ਼ਾਲਿਸਤਾਨੀ ਸੰਗਠਨ ਪੀਸ ਫਾਰ ਜਸਟਿਸ ਦੁਆਰਾ ਤਿਆਰ ਕੀਤੀ ਗਈ ਟੂਲਕਿੱਟ ਨੂੰ ਸ਼ੇਅਰ ਕਰਨ 'ਤੇ ਗ੍ਰੇਟਾ ਥਨਬਰਗ 'ਤੇ ਸਵਾਲ ਚੁੱਕਣ ਲੱਗੇ ਤਾਂ ਉਸਨੇ ਤੁਰੰਤ ਟਵੀਟ ਨੂੰ ਡਿਲੀਟ ਕਰ ਦਿੱਤਾ।

**ਕੀ ਹੈ ਟੂਲਕਿਟ ?**

ਦਰਅਸਲ ਟੂਲਕਿਟ ਇਕ ਇਸ ਤਰ੍ਹਾਂ ਦਾ ਦਸਤਾਵੇਜ ਹੁੰਦਾ ਹੈ ਜਿਸ 'ਚ ਕਿਸੇ ਮੁੱਦੇ ਦੀ ਜਾਣਕਾਰੀ ਦੇਣ ਲਈ ਤੇ ਉਸ ਨਾਲ ਜੁੜੇ ਕਦਮ ਉਠਾਉਣ ਲਈ ਇਸ 'ਚ ਸੁਝਾਅ ਦਿੱਤੇ ਹਨ। ਆਮ ਤੌਰ 'ਤੇ ਕਿਸੇ ਵੱਡੇ ਅੰਦੋਲਨ ਦੌਰਾਨ ਉਸ 'ਚ ਹਿੱਸਾ ਲੈਣ ਵਾਲੇ ਵਲੰਟੀਅਰਜ਼ ਨੂੰ ਇਸ 'ਚ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ। ਟੂਲਕਿਟ ਦਾ ਪਹਿਲੀ ਵਾਰ ਜ਼ਿਕਰ ਅਮਰੀਕਾ 'ਚ ਕੀਤਾ ਗਿਆ ਸੀ। ਤੁਹਾਨੂੰ ਯਾਦ ਹੋਵੇਗਾ ਕਿ ਅਮਰੀਕਾ 'ਚ ਇਕ ਸਿਆਹਫਾਮ ਵਿਅਕਤੀ ਦੀ ਹੱਤਿਆ ਕਰ ਦਿੱਤੀ ਗਈ ਤੇ ਅਮਰੀਕਾ ਸੁਲਗ ਰਿਹਾ ਸੀ। ਉਸ ਦੌਰਾਨ ਬਲੈਕ ਲਾਈਫ ਮੈਟਰ ਨਾਂ ਤੋਂ ਅੰਦੋਲਨ ਵੀ ਹੋਂਦ 'ਚ ਜਿਸ ਨੂੰ ਬਾਹਰੀ ਮੁਲਕਾਂ ਦੇ ਲੋਕਾਂ ਨੇ ਵੀ ਸਮਰਥਨ ਦਿੱਤਾ ਸੀ। ਉਸੇ ਦੌਰਾਨ ਅੰਦੋਲਨ ਨਾਲ ਜੁੜੇ ਲੋਕਾਂ ਨੇ ਹੀ ਟੂਲਕਿਟ ਬਣਾਇਆ ਜਿਸ 'ਚ ਤਰ੍ਹਾਂ-ਤਰ੍ਹਾਂ ਦੀ ਜਾਣਕਾਰੀ ਸੀ। ਉਦਾਹਰਣ ਲਈ ਅੰਦੋਲਨ 'ਚ ਕਿੰਨਾਂ ਜਗ੍ਹਾ 'ਤੇ ਜਾਓ ਜਾਂ ਦੂਰ ਰਹੇ ਹਨ, ਸੋਸ਼ਲ ਮੀਡੀਆ 'ਤੇ ਕਿਸੇ ਤਰ੍ਹਾਂ ਨਾਲ ਐਕਟਿਵ ਰਹਿ ਸਕਦੇ ਹਨ ਕਿਹੜੇ ਹੈਸ਼ਟੈਗ ਦੇ ਜ਼ਰੀਏ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚ ਬਣਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਜੇ ਪੁਲਿਸ ਕੋਈ ਕਾਰਵਾਈ ਕਰਦੀ ਹੈ ਤਾਂ ਉਸ ਨੂੰ ਕਿਸ ਤਰ੍ਹਾਂ ਬਚਾਇਆ ਜਾ ਸਕਦਾ ਹੈ।

ਟੂਲਕਿਟ ਦੀ ਸ਼ੁਰੂਆਤ ਚਾਇਲਡ ਐਕਟੀਵਿਸਟ ਦੇ ਤੌਰ 'ਤੇ ਚਰਚਿਤ ਰਹੀ ਗ੍ਰੇਟਾ ਥਨਬਰਗ ਦੇ ਟਵੀਟ ਨਾਲ ਫਿਰ ਤੋਂ ਹੋ ਗਈ ਹੈ। ਕਿਸਾਨ ਅੰਦੋਲਨ ਦੇ ਸਮਰਥਨ 'ਚ ਗ੍ਰੇਟਾ ਨੇ ਇਕ ਟਵੀਟ ਕੀਤੀ ਤੇ ਇਕ ਟੂਲਕਿਟ ਨਾਂ ਦਾ ਇਕ ਡਾਕੂਮੈਂਟ ਸ਼ੇਅਰ ਕੀਤਾ। ਇਸ ਨੂੰ ਦੇਖ ਕੇ ਸੋਸ਼ਲ ਮੀਡੀਆ 'ਤੇ ਕਾਫੀ ਹੰਗਾਮਾ ਹੋਇਆ।

# ਆਪਣੇ ਹੁਨਰ ਨੂੰ ਨਿਖਾਰੋ

**ਹਰਕੀਰਤ ਕੌਰ**

**੯੭੭੯੧੧੮੦੬੬**

ਅਮਰੀਕਾ ਦੇ ਇੱਕ ਮਹਾਨ ਜਰਨਲਿਸਟ 'ਨੋਰਮਾਨ ਕਜਨਸ' ਦਾ ਕਹਿਣਾ ਹੈ ਸਭ ਤੋਂ ਵੱਡਾ ਦੁਖਾਂਤ ਮੌਤ ਨਹੀਂ ਬਲਕਿ ਜਿਊਂਦੇ ਜੀਅ ਆਪਣੇ ਅੰਦਰ ਆਪਣੇ ਹੁਨਰ ਨੂੰ ਮਾਰ ਦੇਣਾ ਸਭ ਤੋਂ ਵੱਡਾ ਦੁਖਾਂਤ ਹੈ। 'ਇਸਦੇ ਨਾਲ ਹੀ ਮੈ ਵੀ ਕਈ ਵਾਰ ਨਿਰੀਖਣ ਕਰਦੀ ਹਾਂ ਕਿ ਅਸੀਂ ਆਪਣੇ ਆਪ ਨਾਲ ਸਭ ਤੋਂ ਵੱਡਾ ਧੱਕਾ ਉਸ ਸਮੇਂ ਕਰਦੇ ਹਾਂ ਜਦੋਂ ਅਸੀਂ ਆਪਣੇ ਹੁਨਰ ਨੂੰ ਛੱਡ ਕਿਸੇ ਹੋਰ ਖੇਤਰ ਜਾਂ ਕਿੱਤੇ ਵਿੱਚ ਜਾ ਵੜਦੇ ਹਾਂ, ਸਾਰੀ ਜਿੰਦਗੀ ਕੰਮ ਦਾ ਬੋਝ ਢਾਉਂਦੇ ਗੁਜ਼ਾਰ ਦਿੰਦੇ ਹਾਂ ਅਤੇ ਸ਼ਿਕਵੇ ਕਰਦੇ ਰਹਿੰਦੇ ਹਾਂ। ਅਸੀਂ ਸਾਰੇ ਇਸ ਗੱਲ ਤੋਂ ਵਾਕਿਫ ਹਾਂ ਕਿ ਪ੍ਰਮਾਤਮਾ ਨੇ ਹਰ ਪ੍ਰਾਣੀ ਮਾਤਰ ਨੂੰ ਇੱਕ ਖ਼ਾਸ ਹੁਨਰ ਜਾਂ ਕਲਾ ਨਾਲ ਨਿਵਾਜਿਆ ਹੁੰਦਾ ਹੈ। ਪਰ ਮਨੁੱਖੀ ਸੁਭਾਅ ਹੈ ਕਿ ਉਹ ਦੂਸਰਿਆਂ ਦੇ ਗੁਣ ਤਾਂ ਨਜ਼ਰਅੰਦਾਜ਼ ਕਰਦਾ ਹੀ ਹੈ ਨਾਲ ਦੀ ਨਾਲ ਕਈ ਵਾਰ ਆਪਣੇ ਵੀ ਗੁਣਾ ਜਾਂ ਹੁਨਰ ਨੂੰ ਅੱਖੋਂ ਪਰੋਖੇ ਕਰਦਾ ਰਹਿੰਦਾ ਹੈ। ਮੈਂ ਆਮ ਲੋਕਾਂ ਨੂੰ ਉਸ ਚੀਜ਼ ਜਾਂ ਗੁਣ ਲਈ ਰੋਂਦੇ ਦੇਖਿਆ ਹੈ ਜੋ ਉਹਨਾਂ ਕੋਲ ਨਹੀਂ ਹੁੰਦਾ ਬਜਾਇ ਇਸ ਦੇ ਕਿ ਆਪਣੇ ਵਿੱਚ ਛੁਪੀ ਕਾਬਲੀਅਤ ਨੂੰ ਪਹਿਚਾਣ ਕੇ ਉਸ ਨੂੰ ਹੋਰ ਨਿਖਾਰਨ। ਇਹ ਗੱਲ ਪੱਕੀ ਹੈ ਕਿ ਕੋਈ ਵੀ ਇਨਸਾਨ ਸਰਵਗੁਣ ਸੰਪੰਨ ਨਹੀਂ ਹੋ ਸਕਦਾ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਲੋਕ ਜਿਸ ਨੂੰ ਵੀ ਅੱਗੇ ਵਧਦਾ ਦੇਖ ਲੈਂਦੇ ਹਨ ਉਸ ਵਰਗੇ ਹੀ ਬਣਨਾ ਚਾਹੁੰਦੇ ਹਨ, ਉਦਹਾਰਣ ਦੇ ਤੌਰ ਤੇ ਜੇਕਰ ਕਿਸੇ ਨੂੰ ਪੁਲਿਸ ਦੀ ਵਰਦੀ ਵਿੱਚ ਜਚਦਾ ਦੇਖ ਲਿਆ ਤਾਂ ਪੁਲਿਸ ਵਿੱਚ ਜਾਣ ਦਾ ਮਨ ਬਣਾ ਲਿਆ, ਜੇ ਕਿਸੇ ਨੂੰ ਲਿਖਦੇ ਦੇਖ ਲਿਆ ਤਾਂ ਲਿਖਣਾ ਸ਼ੁਰੂ ਕਰ ਦਿੱਤਾ, ਜੇ ਕਿਸੇ ਨੂੰ ਗਾਉਂਦੇ, ਨੱਚਦੇ ਦੇਖ ਲਿਆ ਤਾਂ ਉਸ ਵੱਲ ਤੁਰ ਪੈਣਾ, ਬਜਾਏ ਇੱਕ ਕਲਾ ਜਾਂ ਕਿਤੇ ਵਿੱਚ ਮੁਹਾਰਤ ਹਾਸਿਲ ਕਰਨ ਦੇ ਉਹ ਆਪਣੇ ਧਿਆਨ ਨੂੰ ਭਟਕਾ ਲੈਂਦੇ ਹਨ। ਜਿਸ ਨਾਲ ਕੋਈ ਵੀ ਸਾਰਥਕ ਨਤੀਜਾ ਸਾਹਮਣੇ ਨਹੀਂ ਆਉਂਦਾ। ਸਭ ਤੋਂ ਪਹਿਲਾਂ ਅਸੀਂ ਆਪਣੇ ਹੁਨਰ ਨੂੰ ਪਹਿਚਾਨਣਾ ਹੁੰਦਾ ਹੈ। ਹੁਣ ਇੱਥੇ ਸਵਾਲ ਇਹ ਉੱਠਦਾ ਹੈ ਕਿ ਆਪਣੇ ਹੁਨਰ ਨੂੰ ਪਹਿਚਾਣਿਆ ਕਿਵੇਂ ਜਾਵੇ ? ਉਸਦਾ ਬਹੁਤ ਹੀ ਅਸਾਨ ਉੱਤਰ ਹੈ ਕਿ ਅਸੀਂ ਖ਼ੁਦ ਜਾਂ ਮਾਪਿਆਂ ਨੇ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਕਿਸ ਕੰਮ ਵਿੱਚ ਬੱਚੇ ਦਾ ਸਭ ਤੋਂ ਵੱਧ ਧਿਆਨ ਲੱਗ ਰਿਹਾ ਹੈ ਜਾਂ ਕਿਸ ਕੰਮ ਨੂੰ ਉਹ ਪੂਰੀ ਤਨਦੇਹੀ, ਧਿਆਨ ਜਾਂ ਲੁਤਫ਼ ਨਾਲ ਕਰ ਰਿਹਾ ਹੈ। ਕਿਸ ਕੰਮ ਨੂੰ ਕਰਨ ਲੱਗਿਆ ਬੱਚੇ ਨੂੰ ਅਕੇਵਾਂ ਨਹੀਂ ਹੋ ਰਿਹਾ। ਜਿਸ ਕੰਮ ਨੂੰ ਕਰਦਿਆਂ ਕੋਈ ਉਸਦਾ ਲੁਤਫ਼ ਲੈਂਦਾ ਹੈ ਅਤੇ ਅਕੇਵਾਂ ਮਹਿਸੂਸ ਨਹੀਂ ਕਰਦਾ, ਇਸ ਦਾ ਅਰਥ ਉਸ ਕੰਮ ਵਿੱਚ ਰੁਚੀ ਅਤੇ ਕਲਾ ਦੋਨੋਂ ਹਨ। ਸੋ ਸਭ ਤੋਂ ਪਹਿਲਾਂ ਆਪਣੇ ਹੁਨਰ ਨੂੰ ਪਹਿਚਾਣੋ। ਪਹਿਚਾਨਣ ਉਪਰੰਤ ਉਸ ਨੂੰ ਨਿਖਾਰਨ ਲਈ ਦਿਨ ਰਾਤ ਮਿਹਨਤ ਕਰੋ, ਮਿਹਨਤ ਕਰਨ ਉਪਰੰਤ ਉਸੇ ਕਲਾ, ਹੁਨਰ ਨੂੰ ਆਪਣਾ ਕਿੱਤਾ ਬਣਾਓ। ਜਦੋਂ ਅਸੀਂ ਆਪਣੀ ਕਲਾ ਨੂੰ ਆਪਣਾ ਕਿੱਤਾ ਬਣਾ ਲੈਂਦੇ ਹਾਂ ਤਾਂ ਅਸੀਂ ਜਿੰਦਗੀ ਨੂੰ ਬਹੁਤ ਅਨੰਦ ਨਾਲ ਜਿਊਂਦੇ ਹਾਂ, ਸਾਡੇ ਉੱਪਰ ਬੋਝ ਘੱਟ ਅਤੇ ਆਪਣੇ ਆਪ ਨੂੰ ਇੱਕ ਮਿਸਾਲ ਦੇ ਤੌਰ 'ਤੇ ਸਥਾਪਤ ਕਰਨ ਦਾ ਜਨੂੰਨ ਜ਼ਿਆਦਾ ਹੁੰਦਾ ਹੈ। ਸੋ ਆਪਣੇ ਅੰਦਰ ਛੁਪੇ ਹੁਨਰ ਨੂੰ ਜ਼ਰੂਰ ਪਹਿਚਾਣੋ। ਕਿਉਂਕਿ ਲੋਕਾਂ ਦੇ ਦਿਲਾਂ ਤੇ ਜਾਂ ਦੁਨੀਆ ਤੇ ਰਾਜ ਕਰਨ ਦਾ ਇੱਕ ਸਭ ਤੋਂ ਅਸਾਨ ਤਰੀਕਾ ਹੈ ਆਪਣੀ ਕਲਾ ਨੂੰ ਆਪਣੀ ਤਾਕਤ ਬਣਾਉਣਾ।




## ਪਾਠਕਾਂ ਦਾ ਨਜ਼ਰੀਆ

### ਸਰਕਾਰ ਕਿਸਾਨ ਅੰਦੋਲਨ ਤੇ ਮੋਦੀ ਸਰਕਾਰ ਦੀ ਸਖ਼ਤੀ

ਕਿਸਾਨ ਮੋਰਚੇ ਨੇ ਪੰਜਾਬ ਦੀਆਂ, ਦੇਸ਼ ਦੀਆਂ ਉਮੀਦਾਂ ਹੀ ਨਹੀਂ ਜਗਾਈਆਂ ਸਨ, ਸਗੋਂ ਇਸ ਅੰਦੋਲਨ ਨੇ ਪੰਜਾਬ ਅਤੇ ਸਿੱਖਾਂ ਦੇ ਵੱਕਾਰ ਨੂੰ ਇਕ ਨਵੀਂ ਬੁਲੰਦੀ ਵੀ ਬਖ਼ਸ਼ ਦਿੱਤੀ ਸੀ। ਇਸ ਅੰਦੋਲਨ ਨੇ ਸਰਕਾਰ ਨੂੰ ਬਹੁਤ ਹੱਦ ਤੱਕ ਮਜਬੂਰ ਵੀ ਕੀਤਾ ਸੀ ਕਿ ਉਹ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਝੁਕੇ ਅਤੇ ਕਿਸੇ ਸਮਝੌਤੇ 'ਤੇ ਪੁੱਜੇ। ਇਸ ਨੇ ਪੰਜਾਬ ਸਿਰ ਲੱਗੇ ਕਈ ਕਲੰਕ ਵੀ ਧੋ ਦਿੱਤੇ ਸਨ। ਜਿਵੇਂ ਕਿ ਪੰਜਾਬੀ ਨੌਜਵਾਨ ਨਸ਼ਈ ਹੈ ਤੇ ਕੁਝ ਕਰਨ ਦੇ ਸਮਰੱਥ ਨਹੀਂ ਰਿਹਾ। ਪੰਜਾਬ ਦੇ ਹਰ ਵਰਗ ਵਿਚ ਏਕਤਾ ਦਾ ਪੈਗ਼ਾਮ ਵੀ ਦਿੱਤਾ ਗਿਆ ਸੀ। ਇਸ ਮੋਰਚੇ ਨੇ ਸਿੱਖਾਂ ਤੇ ਪੰਜਾਬੀਆਂ ਦਾ 1984 ਵਿਚ ਗੁਆਚਿਆ ਅਕਸ ਵੀ ਬਹਾਲ ਕਰ ਦਿੱਤਾ ਸੀ। ਪੂਰੀ ਦੁਨੀਆ ਨਹੀਂ ਤਾਂ ਪੂਰਾ ਦੇਸ਼ ਗੁਰੂ ਸਾਹਿਬਾਨ, ਸਿੱਖ ਕੌਮ ਅਤੇ ਪੰਜਾਬੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਤੋਂ ਵਾਕਿਫ਼ ਹੋ ਰਿਹਾ ਸੀ। ਇਹ ਅੰਦੋਲਨ ਇਹ ਪ੍ਰਭਾਵ ਬਣਾ ਰਿਹਾ ਸੀ ਕਿ ਪੰਜਾਬੀ ਅਤੇ ਸਿੱਖ ਵੱਡੀ ਤੋਂ ਵੱਡੀ ਲੜਾਈ ਸਬਰ, ਸਹਿਜ, ਸ਼ਾਂਤੀ ਨਾਲ ਤੇ ਹਿੰਸਾ ਤੋਂ ਬਿਨਾਂ ਵੀ ਲੜ ਸਕਦੇ ਹਨ। ਅੰਦੋਲਨ ਵਿਚ ਲੰਗਰ ਤੇ ਵੰਡ ਛਕਣ ਦੀ ਪਰੰਪਰਾ ਵੀ ਪ੍ਰਤੱਖ ਰੂਪਮਾਨ ਹੋਈ ਨਜ਼ਰ ਆ ਰਹੀ ਸੀ। ਲੋਕ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਰਹੇ ਸਨ।

ਪਰ 26 ਜਨਵਰੀ ਦੀ ਟਰੈਕਟਰ ਪਰੇਡ ਦੇ ਬੇਕਾਬੂ ਹੋਣ ਨੇ ਇਸ ਪ੍ਰਾਪਤੀ ਨੂੰ ਵੱਡੀ ਸੱਟ ਮਾਰੀ ਹੈ। ਅਸੀਂ ਇੱਥੇ ਇਸ ਗੱਲ 'ਤੇ ਬਹਿਸ ਨਹੀਂ ਕਰ ਰਹੇ ਕਿ ਇਨ੍ਹਾਂ ਘਟਨਾਵਾਂ ਵਿਚ ਕਿਸ ਦਾ ਕਿੰਨਾ ਹੱਥ ਹੈ। ਪਰ ਇਹ ਸਚਾਈ ਹੈ ਕਿ ਇਸ ਘਟਨਾ ਨੇ ਕਿਸਾਨ ਅੰਦੋਲਨ ਨੂੰ ਇਕ ਵਾਰ ਤਾਂ ਪਿੱਛੇ ਪਾ ਦਿੱਤਾ ਹੈ। ਹਾਂ ਹਨੇਰੇ ਕਿੰਨੇ ਵੀ ਗੂੜ੍ਹੇ ਤੇ ਕਾਲੇ ਕਿਉਂ ਨਾ ਹੋਣ ਸਵੇਰ ਦੀ ਆਸ ਤਾਂ ਛੱਡੀ ਨਹੀਂ ਜਾ ਸਕਦੀ। ਹਰ ਰਾਤ ਤੋਂ ਬਾਅਦ ਸਵੇਰ ਤਾਂ ਯਕੀਨੀ ਹੈ। ਹੁਣ ਕੇਂਦਰ ਸਰਕਾਰ ਇਸ ਅੰਦੋਲਨ ਨਾਲ ਨਿਪਟਣ ਲਈ ਦੂਹਰੀ ਜਾਂ ਤੀਹਰੀ ਰਣਨੀਤੀ 'ਤੇ ਅਮਲ ਕਰਨ ਦੀ ਤਿਆਰੀ ਵਿਚ ਹੈ। ਪਹਿਲੇ ਕਦਮ ਵਜੋਂ ਦਿੱਲੀ ਬਾਰਡਰ ਤੋਂ ਇਲਾਵਾ ਕਿਤੇ ਵੀ ਬੈਠੇ ਕਿਸਾਨਾਂ ਨੂੰ ਜ਼ਬਰਦਸਤੀ ਖਦੇੜਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼, ਹਰਿਆਣਾ ਆਦਿ ਜਿੱਥੇ ਭਾਜਪਾ ਸ਼ਾਸਨ ਹੈ, ਵਿਚ ਲੱਗੇ ਕਿਸਾਨ ਧਰਨਿਆਂ ਨੂੰ ਜ਼ਬਰਦਸਤੀ ਉਠਾ ਦਿੱਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ 'ਤੇ ਵੀ ਦਬਾਅ ਬਣਾਏ ਜਾਣ ਦੇ ਆਸਾਰ ਹਨ ਕਿ ਆਉਂਦੇ ਕੁਝ ਦਿਨਾਂ ਵਿਚ ਹੀ ਟੋਲ ਪਲਾਜ਼ਿਆਂ ਤੇ ਹੋਰ ਸੰਸਥਾਵਾਂ 'ਤੇ ਜਿੱਥੇ ਕਿਸਾਨ ਪੱਕੇ ਧਰਨੇ ਲਾ ਕੇ ਬੈਠੇ ਹਨ, ਉਨ੍ਹਾਂ ਨੂੰ ਮਨਾ ਕੇ ਜਾਂ ਜ਼ਬਰਦਸਤੀ ਉਠਾ ਦਿੱਤਾ ਜਾਵੇ। ਅਜਿਹੇ ਸੰਕੇਤ ਵੀ ਹਨ ਕਿ ਜੇ ਪੰਜਾਬ ਸਰਕਾਰ ਤੇ ਪੁਲਿਸ ਅਜਿਹਾ ਨਾ ਕਰ ਸਕੀ ਤਾਂ ਇਸ ਲਈ ਕੇਂਦਰੀ ਬਲਾਂ ਦੇ ਦਸਤੇ ਵੀ ਭੇਜੇ ਜਾ ਸਕਦੇ ਹਨ। ਹੁਣ ਦਿੱਲੀ ਜਾ ਰਹੇ ਕਿਸਾਨਾਂ ਦੇ ਟਰੈਕਟਰ ਵੀ ਰਾਹ ਵਿਚ ਹੀ ਜ਼ਬਤ ਕਰਨ ਜਾਂ ਹਿਰਾਸਤ ਵਿਚ ਲੈਣ ਦਾ ਫ਼ੈਸਲਾ ਵੀ ਕੀਤਾ ਜਾ ਸਕਦਾ ਹੈ। ਦਿੱਲੀ ਦੀਆਂ ਘਟਨਾਵਾਂ ਵਿਚ 37 ਦੇ ਕਰੀਬ ਪ੍ਰਮੁੱਖ ਨੇਤਾਵਾਂ ਦੇ ਨਾਂਅ ਐਫ਼.ਆਈ.ਆਰ. ਵਿਚ ਸ਼ਾਮਿਲ ਕਰਨਾ ਤਾਂ ਇਹੀ ਸੰਕੇਤ ਦਿੰਦਾ ਹੈ ਕਿ ਸਰਕਾਰ ਨੇ ਅੰਦੋਲਨ ਨੂੰ ਸਖ਼ਤੀ ਨਾਲ ਦਬਾਉਣ ਦਾ ਮਨ ਬਣਾ ਲਿਆ ਹੈ ਅਤੇ ਸਰਕਾਰ ਦਿੱਲੀ ਦੁਆਲੇ ਬੈਠੇ ਕਿਸਾਨਾਂ ਨੂੰ ਉਠਾਉਣ ਲਈ ਵੀ ਸਖ਼ਤ ਕਦਮ ਉਠਾਉਣ ਦੀ ਤਿਆਰੀ ਵਿਚ ਹੈ। ਕੁਝ ਸਥਾਨਕ ਲੋਕਾਂ ਵੱਲੋਂ ਕਿਸਾਨਾਂ ਖ਼ਿਲਾਫ਼ ਮੁਜ਼ਾਹਰੇ ਦੀ ਸ਼ੁਰੂਆਤ ਤੇ ਰਸਤਾ ਖ਼ਾਲੀ ਕਰਨ ਦੀ ਮੰਗ ਨੂੰ ਇਸ ਦੇ ਇਕ ਹਿੱਸੇ ਵਜੋਂ ਹੀ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਸਮਝੌਤੇ ਦੇ ਆਸਾਰ ਖ਼ਤਮ ਹੁੰਦੇ ਨਜ਼ਰ ਆ ਰਹੇ ਹਨ।

ਪਰ ਦੂਜੇ ਪਾਸੇ ਸਾਡੀ ਜਾਣਕਾਰੀ ਅਨੁਸਾਰ ਸਰਕਾਰ ਜਿੱਥੇ ਹੁਣ ਅੰਦੋਲਨ ਨਾਲ ਸਖ਼ਤੀ ਨਾਲ ਨਿਪਟਣ ਦੀਆਂ ਤਿਆਰੀਆਂ ਵਿਚ ਲੱਗ ਗਈ ਹੈ, ਉੱਥੇ ਸਮਝੌਤੇ ਦੀ ਆਖ਼ਰੀ ਉਮੀਦ ਅਜੇ ਵੀ ਟੁੱਟੀ ਨਹੀਂ। ਸਗੋਂ ਇਸ ਸਖ਼ਤੀ ਦੀ ਤਿਆਰੀ ਦੇ ਨਾਲ-ਨਾਲ ਕੁਝ ਕਿਸਾਨ ਨੇਤਾਵਾਂ ਰਾਹੀਂ ਗੱਲਬਾਤ ਦੁਬਾਰਾ ਚਲਾਉਣ ਦੀ ਇਕ ਅੰਤਿਮ ਕੋਸ਼ਿਸ਼ ਦੇ ਸੰਕੇਤ ਵੀ ਮਿਲੇ ਹਨ। ਪਤਾ ਲੱਗਾ ਹੈ ਕਿ ਇਸ ਵਾਰ ਦੀ ਗੱਲਬਾਤ ਦੀ ਅਗਵਾਈ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਤੇ ਰੇਲਵੇ ਮੰਤਰੀ ਪਿਊਸ਼ ਗੋਇਲ ਨਹੀਂ ਸਗੋਂ ਰੱਖਿਆ ਮੰਤਰੀ ਰਾਜਨਾਥ ਸਿੰਘ ਕਰਨਗੇ।

ਪਰ ਇਸ ਵਾਰ ਗੱਲਬਾਤ ਤਦ ਹੀ ਹੋਵੇਗੀ ਜੇਕਰ ਕਿਸਾਨ ਨੇਤਾ ਤਿੰਨ ਖੇਤੀ ਕਾਨੂੰਨਾਂ ਨੂੰ ਹੁਣੇ ਰੱਦ ਕਰਨ ਦੀ ਗੱਲ ਛੱਡ ਕੇ ਮੁਲਤਵੀ ਕਰਨ ਦੇ ਫ਼ੈਸਲੇ ਨੂੰ ਮੰਨਣ ਲਈ ਤਿਆਰ ਹੋਣ। ਹਾਲਾਂ ਕਿ ਅੱਜ ਵੀ ਅੰਦੋਲਨ ਚਲਾ ਰਹੇ ਪ੍ਰਮੁੱਖ ਨੇਤਾਵਾਂ ਵਿਚੋਂ ਇਕ ਨੇ ਸੰਪਰਕ ਕਰਨ 'ਤੇ ਇਹੀ ਕਿਹਾ ਕਿ ਸਾਡਾ ਅੰਦੋਲਨ ਤਿੰਨੇ ਕਾਨੂੰਨਾਂ ਨੂੰ ਰੱਦ ਕਰਵਾਉਣ ਤੱਕ ਜਾਰੀ ਰਹੇਗਾ।

**ਹਰਜਿੰਦਰ ਸਿੰਘ**

### ਮੀਡੀਆ ਦਾ ਅਧੂਰਾ ਸੱਚ ਤੇ ਨਿਸ਼ਾਨ ਸਾਹਿਬ

ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੀ ਟਰੈਕਟਰ ਰੈਲੀ ਵਿਚ ਕੁਝ ਥਾਵਾਂ 'ਤੇ ਹਿੰਸਾ ਹੋਣ ਦੀਆਂ ਖ਼ਬਰਾਂ ਦਰਮਿਆਨ ਸਭ ਤੋਂ ਜ਼ਿਆਦਾ ਕੇਂਦਰ ਵਿਚ ਗੱਲ ਇਹ ਰਹੀ ਕਿ ਕੁਝ ਕਿਸਾਨਾਂ ਨੇ ਲਾਲ ਕਿਲੇ 'ਤੇ ਤਿਰੰਗੇ ਦੀ ਬਜਾਏ ਕਿਸਾਨੀ ਝੰਡਾ ਤੇ ਨਿਸ਼ਾਨ ਸਾਹਿਬ ਲਹਿਰਾ ਦਿੱਤਾ ਹੈ। ਇਸ ਨੂੰ ਦੇਸ਼-ਧ੍ਰੋਹ ਅਤੇ ਹੋਰ ਪਤਾ ਨਹੀਂ ਕੀ ਕੀ ਕਿਹਾ ਗਿਆ। ਮੀਡੀਆ ਵਿਚ ਵੀ ਅਧੂਰਾ ਸੱਚ ਹੀ ਦਿਖਾਇਆ ਗਿਆ। ਕਿਸੇ ਨੇ ਲਾਲ ਕਿਲੇ 'ਤੇ ਲਹਿਰਾ ਰਹੇ ਤਿਰੰਗੇ ਨੂੰ ਹੱਥ ਨਹੀਂ ਲਗਾਇਆ ਸੀ। ਉਸ ਤਿਰੰਗੇ ਦੇ ਅੱਗੇ ਜੋ ਇਕ ਖ਼ਾਲੀ ਪੋਲ ਸੀ, ਜਿਸ 'ਤੇ 15 ਅਗਸਤ ਨੂੰ ਤਿਰੰਗਾ ਲਹਿਰਾਇਆ ਜਾਂਦਾ ਹੈ, ਉਸ 'ਤੇ ਕੁਝ ਲੋਕਾਂ ਨੇ ਨਿਸ਼ਾਨ ਸਾਹਿਬ ਅਤੇ ਕਿਸਾਨ ਯੂਨੀਅਨ ਦਾ ਝੰਡਾ ਲਹਿਰਾ ਦਿੱਤਾ। ਇਸ ਘਟਨਾ ਦੀ ਸਭ ਤੋਂ ਜ਼ਿਆਦਾ ਭਗਵੇਂ ਫਾਸ਼ੀਵਾਦੀਆਂ ਆਲੋਚਨਾ ਹੋ ਰਹੀ ਹੈ। ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਇਸੇ ਦੀ ਵਰਤੋਂ ਕੀਤੀ ਜਾ ਰਹੀ ਹੈ। ਪਰ ਇਹ ਕੋਈ ਨਹੀਂ ਪੁੱਛ ਰਿਹਾ ਹੈ ਕਿ ਤਿੰਨ ਸਾਲ ਪਹਿਲਾਂ ਹੀ ਸਰਕਾਰ ਨੇ ਲਾਲ ਕਿਲੇ ਨੂੰ ਪਟੇ 'ਤੇ ਕਿਉਂ ਦੇ ਦਿੱਤਾ ਸੀ? ਹੁਣ ਰਾਸ਼ਟਰੀ ਗੌਰਵ ਆਦਿ ਗੱਲਾਂ ਦਾ ਕੀ ਮਤਲਬ ਹੈ? ਹਾਲਾਂਕਿ ਸਰਕਾਰ ਕਹਿੰਦੀ ਹੈ ਕਿ ਕਿਲਾ ਪਟੇ 'ਤੇ ਨਹੀਂ ਦਿੱਤਾ ਹੈ, ਸਗੋਂ ਡਾਲਮੀਆ ਸਮੂਹ ਨੇ ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਿਟੀ ਤਹਿਤ ਇਸ ਨੂੰ ਗੋਦ ਲਿਆ ਹੈ ਅਤੇ ਉਹ ਇਸ ਦਾ ਰੱਖ ਰਖਾਅ ਕਰ ਰਹੀ ਹੈ। ਤਾਂ ਵੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਨੂੰ ਤੁਸੀਂ ਸਭ ਤੋਂ ਵੱਡੀ ਵਿਰਾਸਤ ਅਤੇ ਆਜ਼ਾਦੀ, ਲੋਕਤੰਤਰ ਆਦਿ ਦਾ ਪ੍ਰਤੀਕ ਦੱਸ ਰਹੇ ਹੋ, ਉਸ ਦਾ ਰੱਖ ਰਖਾਅ ਖ਼ੁਦ ਨਹੀਂ ਕਰ ਸਕਦੇ ਤਾਂ ਫਿਰ ਉਸ ਦੇ ਸਨਮਾਨ ਦੀ ਏਨੀ ਚਿੰਤਾ ਦਾ ਕੀ ਮਤਲਬ ਹੈ?

**ਅਨਿਲ ਜੈਨ**

### ਕੇਂਦਰ ਸਰਕਾਰ ਦੀ ਮੱਕਾਰੀ ਤੇ ਕਿਸਾਨ ਅੰਦੋਲਨ

ਅੱਜ 2 ਸੌ ਕੁ ਸਾਲ ਪਹਿਲਾਂ ਇਹ ਬਹੁਤ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਗਿਆ ਕਿ ਦੱਖਣ ਏਸ਼ੀਆ ਵਿੱਚ ਇੱਕ ਧਰਮ ਲੱਖਾਂ-ਹਜ਼ਾਰਾਂ ਸਾਲ ਪੁਰਾਣਾ ਹੈ। ਪਰ ਅੱਜ ਤੱਕ ਕਿਤੇ ਵੀ ਉਸ ਪ੍ਰਾਚੀਨ ਧਾਰਮਿਕ ਸੰਸਕ੍ਰਿਤੀ ਦੀ ਭਾਸ਼ਾ ਜਾਂ ਸੱਭਿਅਤਾ ਦਾ ਇੱਕ ਵੀ ਸਬੂਤ 11-12 ਸੌ ਸਾਲ ਤੋਂ ਪੁਰਾਣਾ ਨਹੀਂ ਲੱਭਿਆ। ਮੌਜੂਦਾ ਪੰਜਾਬ, ਸਿੰਧ, ਬਲੋਚਿਸਤਾਨ ਵਿੱਚ 9 ਹਜ਼ਾਰ ਸਾਲ ਪੁਰਾਣੀ ਸੱਭਿਅਤਾ ਹੋਣ ਦੇ ਸਬੂਤ ਹਨ ਅਤੇ ਬਾਕੀ ਭਾਰਤ ਵਿੱਚ 3 ਹਜ਼ਾਰ ਸਾਲ ਦੇ ਸਬੂਤ ਮਿਲਦੇ ਹਨ। ਖ਼ੁਦਾਈਆਂ ਵਿੱਚ ਲੱਖਾਂ ਅਵਸ਼ੇਸ਼ ਮਿਲ ਚੁੱਕੇ ਨੇ ਪਰ ਕਿਤੇ ਵੀ ਵੇਦ, ਪੁਰਾਣ, ਵੈਦਿਕ ਸੱਭਿਅਤਾ ਦਾ ਇੱਕ ਵੀ ਸਬੂਤ ਨਹੀਂ ਮਿਲਿਆ, ਇੱਕ ਵੀ ਨਹੀਂ। ਕੋਈ 2500 ਸਾਲ ਪਹਿਲਾਂ ਸਿਕੰਦਰ ਦੇ ਨਾਲ ਕਈ ਲੇਖਕ ਆਏ। ਕਿਸੇ ਨੇ ਵੀ ਬ੍ਰਾਹਮਣ, ਵੇਦ, ਗੀਤਾ, ਰਿਸ਼ੀ, ਯੋਗੀ ਜਾਂ ਅਯੁਰਵੇਦ ਨਹੀਂ ਦੇਖਿਆ। ਭਾਰਤ ਵਿੱਚ ਫਾਇਜਾਂਗ ਅਤੇ ਹਿਊਨਸਾਂਗ ਚੌਥੀ ਅਤੇ ਸੱਤਵੀਂ ਸਦੀ ਵਿੱਚ ਆਏ ਪਰ ਉਹਨਾਂ ਨੇ ਕੋਈ ਬ੍ਰਾਹਮਣ ਜਾਂ ਹਿੰਦੂ ਮੱਤ ਨਹੀਂ ਦੇਖਿਆ।

ਬਾਹਮਣ ਦੇ ਨੇੜੇ ਤੇੜੇ ਦਾ ਸ਼ਬਦ ਇੱਕ ਵਾਰ ਮੈਗਨੀਥੀਜ ਨਾਂ ਦਾ ਯੂਨਾਨੀ ਨੇ ਵਰਤਿਆ ਜੋ ਅਸ਼ੋਕ ਮੌਰੀਆ ਦੇ ਰਾਜ ਵਿੱਚ 12 ਸਾਲ ਰਾਜਦੂਤ ਵਜੋਂ ਰਿਹਾ ਅਤੇ ਘੁੰਮਿਆ। ਬਾਅਦ ਵਿੱਚ ਇੰਡੀਕਾ ਨਾਂ ਦੀ ਕਿਤਾਬ ਵੀ ਲਿਖੀ, ਜੋ 19ਵੀਂ ਸਦੀ ਵਿੱਚ ਯੂਨਾਨੀਆਂ ਨੇ ਉਲੱਥਾ ਕਰਕੇ ਅੰਗਰੇਜ਼ੀ ਵਿੱਚ ਛਾਪੀ। ਉਸ ਨੇ ਕਿਤੇ ਵੀ ਬ੍ਰਾਹਮਣ ਜਾਂ ਵੈਦਿਕ ਸੱਭਿਅਤਾ ਦਾ ਜ਼ਿਕਰ ਨਹੀਂ ਕੀਤਾ। ਪਰ ਬੋਧੀਆਂ ਦੇ ਇੱਕ ਫਿਲਾਸਫਰ ਵਰਗ ਨੂੰ ਉਸ ਨੇ ਬਰਚਮੈਨ ਦੱਸਿਆ। ਜੋ ਕਿ ਬੋਧੀ ਸਨ, ਧਿਆਨ ਲਾਉਣ ਦੇ ਢੰਗ ਮੌਜੂਦਾ ਬ੍ਰਾਹਮਣਾਂ ਨਾਲ ਮਿਲਦੇ ਸਨ, ਬਾਕੀ ਬੋਧੀਆਂ ਦੇ ਉਲਟ ਘਰ ਦੀਆਂ ਔਰਤਾਂ ਨੂੰ ਪੜ੍ਹਨ ਤੋਂ ਰੋਕਦੇ ਸਨ, ਧਿਆਨ ਲਾਉਣ ਲਈ ਜੰਗਲਾਂ ਵਿੱਚ ਜਾਂਦੇ ਸਨ ਆਦਿ। ਲੋਕਾਂ ਦੀਆਂ ਘਰੇਲੂ ਧਾਰਮਿਕ ਰਸਮਾਂ ਕਰਨ ਦਾ ਜ਼ੁੰਮਾ ਵੀ ਇੰਨਾ ਦਾ ਹੀ ਹੁੰਦਾ ਸੀ ਜਿਵੇਂ ਜਨਮ, ਮਰਨ ਆਦਿ। ਪਰ ਇਹ ਬੋਧੀ ਸਨ।

ਮੈਗਨੀਥੀਜ ਤੋਂ ਬਾਅਦ ਅਲਬਰੂਨੀ ਪਹਿਲੀ ਵਾਰ 11ਵੀਂ ਸਦੀ ਵਿੱਚ ਪੂਰੀ ਤਰ੍ਹਾਂ ਬ੍ਰਾਹਮਣ ਧਰਮ ਦੀ ਗੱਲ ਕਰਦਾ ਹੈ। ਇਸੇ ਸਮੇਂ ਤੋਂ ਹੀ ਇਸ ਧਰਮ ਦੇ ਸਬੂਤ ਖੰਡਰਾਂ ਵਿੱਚੋਂ ਮਿਲਦੇ ਹਨ। ਸੰਸਕ੍ਰਿਤ ਵੀ ਮਿਲਦੀ ਹੈ, ਵੇਦਾਂ ਦਾ ਵੀ ਜ਼ਿਕਰ ਮਿਲਣਾ ਸ਼ੁਰੂ ਹੋ ਜਾਂਦਾ। 9000 ਸਾਲ ਦੀ ਸੱਭਿਅਤਾ ਵਿੱਚੋਂ ਜਿਨ੍ਹਾਂ ਦਾ ਵਜੂਦ ਮਸਾਂ 1200 ਸਾਲ ਦਾ ਹੈ, ਬੋਧੀਆਂ ਵਿੱਚੋਂ ਨਿਕਲੇ ਹਨ ਉਨ੍ਹਾਂ ਝੂਠ ਬੋਲ ਬੋਲ ਆਪਣੇ ਆਪ ਨੂੰ ਬੋਧੀਆਂ, ਜੈਨੀਆਂ ਤੋਂ ਵੀ ਪੁਰਾਣਾ ਬਣਾ ਲਿਆ। ਬੋਧੀਆਂ ਦੀਆਂ ਮੂਰਤੀਆਂ ਉੱਤੇ ਕੱਪੜੇ ਪਾ, ਤਿਲਕ/ਸੰਧੂਰ ਲਾ ਉਨ੍ਹਾਂ ਦੀ ਪੂਜਾ ਦਾ ਬਿਜ਼ਨਸ ਚਲਾ ਕੇ ਬੁੱਧ ਨੂੰ ਕਾਲਪਨਿਕ ਵਿਸ਼ਨੂੰ ਦਾ ਅਵਤਾਰ ਬਣਾ ਦਿੱਤਾ।

ਇਹਨਾਂ ਦੀ ਬੁਨਿਆਦ ਹੀ ਝੂਠ ਉੱਤੇ ਘੜੀ ਹੈ। ਇੱਕ ਝੂਠ ਦੱਬਣ ਲਈ ਹਜ਼ਾਰ ਉਸ ਤੋਂ ਵੀ ਵੱਡੇ ਝੂਠ ਬੋਲ ਸਕਦੇ ਨੇ ਅਤੇ ਕਦੇ ਸ਼ਰਮ ਨਹੀਂ ਮੰਨਣਗੇ।

**ਰਮਨਦੀਪ ਸਿੰਘ**

### ਅਸੀਂ ਸਾਰੇ ਦੀਪ ਸਿੱਧੂ ਅਤੇ ਬਾਕੀ ਮਜ਼ਲੂਮਾਂ ਨਾਲ ਹਾਂ

ਹੁਣ ਸਰਕਾਰ ਨਾਲ ਕੋਈ ਵੀ ਬੈਠਕ ਕਰਨ ਤੋਂ ਪਹਿਲਾਂ '26 ਜਨਵਰੀ ਅਤੇ ਉਸ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਸਾਰੇ ਮੁੰਡਿਆਂ ਦੀ 'ਸਨਮਾਨ ਪੂਰਵਕ ਰਿਹਾਈ ਦੀ ਸ਼ਰਤ' ਰੱਖਣ ਯੂਨੀਅਨਾਂ, ਝੰਡਾ ਝੁਲਾਉਣ 'ਚ ਨਾਮਜ਼ਦ ਜੁਗਰਾਜ ਸਿੰਘ ਤੋਂ ਲੈ ਕੇ ਸਰਕਾਰੀ ਰੂਟ ਤੇ ਬੀਜੇਪੀ ਦੇ ਗੁੰਡਿਆਂ ਵੱਲੋਂ 'ਬਵਾਨਾ ਪਿੰਡ' ਵਿਚ ਹੋਣ ਵਾਲੇ ਹਮਲੇ ਬਾਰੇ ਸਨਸਨੀਖ਼ੇਜ਼ ਖ਼ੁਲਾਸੇ ਕਰਨ ਵਾਲੇ 'ਪੱਤਰਕਾਰ ਮਨਦੀਪ ਪੂਨੀਆਂ ਸਮੇਤ' ਸਾਰੇ ਪੁੱਤ-ਧੀਆਂ ਦੀ ਬਿਨਾ ਸ਼ਰਤ ਰਿਹਾਈ ਕਰਵਾਈ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਇਹ ਯੂਨੀਅਨਾਂ ਦੀ ਇਤਿਹਾਸਕ ਗ਼ਲਤੀ ਸਾਬਤ ਹੋਵੇਗੀ। ਜੇ ਫ਼ਸਲਾਂ ਤੇ ਨਸਲਾਂ ਦੀ ਗੱਲ ਹੈ ਤਾਂ ਫਿਰ ਪਹਿਲਾਂ ਗੱਲ ਨਸਲ ਦੀ ਹੋਵੇਗੀ। ਜੇ ਕਣਕਾਂ ਤੇ ਅਣਖਾਂ ਦੀ ਗੱਲ ਹੈ ਤਾਂ ਫਿਰ ਪਹਿਲਾਂ ਗੱਲ ਅਣਖੀਲੇ ਪੁੱਤਰਾਂ ਦੀ ਹੋਵੇਗੀ ਜੋ ਯੂਨੀਅਨਾਂ ਦੀ ਇਕ ਅਵਾਜ਼ 'ਤੇ ਦਿੱਲੀ ਪਹੁੰਚੇ।

'ਬਵਾਨਾ' 'ਚ ਟ੍ਰੈਕਟਰ ਰੈਲੀ ਤੇ ਹੋਣ ਬਾਰੇ ਹਮਲੇ ਬਾਰੇ ਯੂਨੀਅਨ ਆਗੂਆਂ ਨੂੰ ਪਤਾ ਸੀ ਬੇਸ਼ੱਕ ਇਹ ਸਰਕਾਰੀ ਰੂਟ ਸੀ ਪਰ ਯੂਨੀਅਨਾਂ ਵਾਲੇ ਏਧਰ ਗਏ ਨਹੀਂ। ਏਸੇ ਲਈ ਕੁਝ ਆਗੂ ਰਿੰਗ ਰੋਡ ਨੂੰ ਲੈ ਕੇ ਅੜੇ ਸਨ। ਇਹ ਸ਼ਬਦ ਮਨਦੀਪ ਪੂਨੀਆਂ ਦੇ ਹਨ। ਉਹਦੀ ਵੀਡੀਓ ਸੁਣੋ ਜੋ ਉਹਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਬਣਾਈ ਸੀ। ਮਾਝੇ ਦੀ ਸਟੇਜ ਤੋਂ ਬੇਰਹਿਮੀ ਨਾਲ ਧੂਹ ਕੇ ਲਿਜਾਏ ਮੁੰਡੇ ਦੀ ਪੁੱਛ-ਪੜਤਾਲ ਲਈ ਮਨਦੀਪ ਪੂਨੀਆਂ ਨੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਦੁਹਾਈ ਪਾਈ ਸੀ ਤੇ ਸੁਪਰੀਮ ਕੋਰਟ ਜਾਣ ਦਾ ਐਲਾਨ ਕੀਤਾ ਸੀ ਪਰ ਉਸ ਤੋਂ ਪਹਿਲਾਂ ਹੀ ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਾਮਰੇਡਾਂ ਵੱਲੋਂ 'ਝੰਡਾ ਝੁਲਾਉਣ ਦੇ ਬਹਾਨੇ' ਅਮੀਰ ਵਿਰਸੇ ਬਾਰੇ ਅਥਾਹ ਨਫ਼ਰਤ ਗਲੱਛੀ। ਪਰ ਗੁਰੂ ਕਿਰਪਾ ਨਾਲ ਇਹਨਾਂ ਦੇ ਫੈਲਾਏ ਝੂਠ 2-3 ਦਿਨਾਂ 'ਚ ਹੀ ਧੁੰਦ ਦੇ ਬੱਦਲਾਂ ਵਾਂਗ ਉੱਡ ਗਏ। ਫੈਡਰਲਿਜ਼ਮ ਦੇ ਝੰਡਾ ਬਰਦਾਰ ਅਖਵਾਉਣ ਵਾਲੇ ਡਾਕਟਰ ਗਾਂਧੀ ਵਰਗੇ ਵੱਡੇ ਥੰਮ ਡੋਲ ਗਏ। ਗੋਦੀ ਮੀਡੀਆ ਬਾਰੇ ਬਰੀਕ ਜਾਣਕਾਰੀ ਦਾ ਦਾਅਵਾ ਕਰਨ ਵਾਲੇ ਮੀਡੀਆ ਦੀ ਗੋਦੀ 'ਚ ਹੀ ਬੈਠੇ ਰਹੇ। ਸੂਤਰਾਂ ਦੇ ਦਾਅਵੇ ਨਾਲ ਊਟ-ਪਟਾਂਗ ਲਿਖਣ ਵਾਲੇ ਤੱਥਾਂ ਮੂਹਰੇ ਹਰਨ ਤੇ ਸ਼ਰਮਿੰਦੇ ਹੋ ਗਏ। ਗੁਰੂ ਦੇ ਲਾਲ ਇਨਸਾਨੀਅਤ ਤੌਰ ਅਤੇ ਸਿਧਾਂਤਿਕ ਪ੍ਰਜੀਸ਼ਨ ਤੇ ਸਹੀ ਸਾਬਤ ਹੋਣਗੇ। ਯੂਨੀਅਨਾਂ ਨੂੰ ਆਪਣੀ ਗ਼ਲਤੀ ਸਵੀਕਾਰ ਕਰਨੀ ਚਾਹੀਦੀ ਹੈ

ਸਰਕਾਰ ਮੂਹਰੇ ਟਿਕੈਤ ਦਾ ਅੜਨਾ ਪੰਜਾਬੀਆਂ ਨੂੰ ਪਸੰਦ ਆਇਆ, ਸੁਭਾਅ ਹੁੰਦੇ ਹਨ ਕੌਮਾਂ ਦੇ। ਹਮਾਇਤ ਲਈ ਪੰਜਾਬੋਂ ਲੋਕ ਗਾਜ਼ੀਆਬਾਦ ਬਾਰਡਰ ਵਹੀਰਾਂ ਘੱਤ ਤੁਰੇ। ਜਦੋਂ ਡਰਪੋਕ ਲੀਡਰ ਲਾਲ ਕਿਲੇ ਨੂੰ ਲਲਕਾਰ ਕੇ ਆਪ ਖੁੱਡਾਂ 'ਚ ਵੜ ਗਏ ਪਰ ਪੰਜਾਬ ਦੀ ਨੌਜਵਾਨੀ ਆਪਣੀ ਦਲੇਰੀ ਨਾਲ ਮੋਰਚੇ ਨੂੰ ਸਿਖਰ 'ਤੇ ਲੈ ਗਈ। ਯੂਨੀਅਨ ਦੇ ਗੱਦੀ ਲੀਡਰਾਂ ਦੀ ਮੂਰਖਤਾ ਨੇ ਮੋਰਚੇ ਨੂੰ ਵੱਡੀ ਸੱਟ ਮਾਰੀ। ਚਾਹੀਦਾ ਸੀ ਕਿ ਇਕ ਪੜਾਅ ਲਾਲ ਕਿਲੇ ਗੱਡ ਦਿੱਤਾ ਜਾਂਦਾ। ਲੀਡਰਾਂ ਨੂੰ ਨੌਜੁਆਨੀ ਨੇ ਲਾਲ ਕਿਲੇ ਖੜਕੇ ਅਗਵਾਈ ਕਰਨ ਲਈ ਅਵਾਜ਼ਾਂ ਮਾਰੀਆਂ। ਕੁਝ 5-7 ਜਾਣੇ ਤੁਰ ਵੀ ਪਏ। ਪਰ ਫਿਰ 'ਯਾਦਵ' ਨੇ ਉਂਗਲ ਲਾਈ ਕਿ ਇਸ ਤਰ੍ਹਾਂ ਜਾਣ ਨਾਲ ਤਾਂ ਰਿੰਗ ਰੋਡ ਜਾਣ ਵਾਲੀ 'ਕਿਰਤੀ ਮਜ਼ਦੂਰ ਸੰਘਰਸ਼ ਕਮੇਟੀ' ਨੂੰ ਬਲ ਮਿਲੇਗਾ। ਦੀਪ ਸਿੱਧੂ ਨੂੰ ਵੀ ਸਿਹਰਾ ਮਿਲੇਗਾ। ਫੇਰ ਯਾਦਵ ਨੇ 'ਝੰਡਾ ਝੁਲਾਉਣ ਨੂੰ ਰਾਸ਼ਟਰੀ ਸ਼ਰਮ ਦੱਸਿਆ ਤੇ ਸ਼ਰਾਰਤੀ ਅਨਸਰਾਂ ਤੇ ਸਖ਼ਤ ਕਾਰਵਾਈ' ਦੀ ਮੰਗ ਕੀਤੀ। ਇਹੀ ਲਾਈਨ ਸੰਯੁਕਤ ਮੋਰਚੇ ਨੇ ਫਾਲੋ ਕੀਤੀ। ਨਹੀਂ ਤਾਂ ਜਦੋਂ ਲਾਲ ਕਿਲੇ ਤੇ ਝੰਡਾ ਝੁਲਾਉਣ ਦੀ ਮੁੱਢਲੀ ਖ਼ਬਰ ਸੰਯੁਕਤ ਮੋਰਚੇ ਦੀ ਸਟੇਜ ਤੇ ਪਹੁੰਚੀ ਸੀ ਤਾਂ ਖ਼ੁਸ਼ੀ 'ਚ ਸੈਲੀਬਿਰੇਟ ਕੀਤਾ ਗਿਆ ਜੈਕਾਰੇ ਗਜਾਏ ਗਏ। ਫੇਰ 'ਯਾਦਵ ਜੀ' ਪ੍ਰਗਟ ਹੋਏ। ਉਨਾਂ ਦੇ 'ਰਾਸ਼ਟਰੀ ਸ਼ਰਮ ਵਾਲੇ ਇਲਹਾਮ' ਤੋਂ ਬਾਅਦ ਮੋਰਚੇ ਦੀ ਬੁਲੰਦੀ ਵਜੋਂ 'ਸਾਰੇ ਗੱਦੀ ਸ਼ਰਮਿੰਦੇ' ਹੋਏ, ਮੋਰਚੇ ਨੂੰ ਭਾਰੀ ਸੱਟ ਮਾਰਕੇ ਲੋਕਾਂ ਨੂੰ ਨਿਰਾਸ਼ ਕਰਕੇ ਹੁਣ ਪਿੰਡਾਂ 'ਚ ਹੋ ਕੇ ਦਿਵਾਏ ਜਾ ਰਹੇ ਰਹੇ ਕਿ ਆਓ ਸੰਯੁਕਤ ਮੋਰਚੇ ਆਲ਼ੇ 'ਦੇਸ਼-ਵਿਆਪੀ ਧਰਨੇ ਦੇ ਦਾਅਵੇਦਾਰ 100 ਮੀਟਰ ਦੂਰ ਬੈਠੀ ਸੰਗਤ ਦੇ ਹਮਲਾ ਹੁੰਦਾ ਵੇਖ ਦੜ ਵੱਟ ਗਏ। ਪੰਜਾਬੀਆਂ ਨੇ ਬਾਦਲ-ਕੈਪਟਨ ਦੋ ਜਾਣਿਆਂ ਤੋਂ ਖਹਿੜਾ ਛੁਡਾਉਂਦੇ-ਛੁਡਾਉਂਦੇ 32 ਅਲੱਗ ਹੋਰ ਸਿਰ ਬਿਠਾ ਲਏ।

'ਆਲਟ ਨਿਊਜ਼' ਅਤੇ ਪੱਤਰਕਾਰ 'ਅਭੀਸਾਰ ਸ਼ਰਮਾ' ਵਰਗਿਆਂ ਨੇ ਸਭ ਸਾਫ਼ ਕਰਤਾ ਕਿ ਕੀ ਹੋਇਆ ਸੀ ਲਾਲ ਕਿਲੇ 'ਚ।

**ਸੁਖਦੀਪ ਸਿੰਘ ਬਰਨਾਲਾ**



ਬਾਲ ਕਹਾਣੀ

# ਮਿਹਨਤ ਦਾ ਫਲ

**ਜਪਜੀਤ ਕੌਰ, ਜਮਾਤ-ਚੌਥੀ**
**੮੫੬੯੦੦੧੫੯੦**

ਇੱਕ ਬੁੱਢੀ ਔਰਤ ਬਜ਼ਾਰ ਵੱਲ ਜਾ ਰਹੀ ਸੀ। ਬਜ਼ਾਰ ਜਾਣ ਦੇ ਸਾਰੇ ਰਸਤੇ ਬੰਦ ਹੋਏ ਪਏ ਸਨ। ਸਿਰਫ਼ ਇੱਕ ਹੀ ਰਸਤਾ ਖੁੱਲ੍ਹਾ ਸੀ। ਦੂਜੇ ਰਸਤਿਆਂ ਵਿੱਚ ਬਹੁਤ ਸਾਰੇ ਟੋਏ ਅਤੇ ਇੱਟਾਂ-ਰੋੜੇ ਪਏ ਹੋਏ ਸਨ, ਕਿਉਂਕਿ ਉਸ ਰਸਤੇ ਨੂੰ ਠੀਕ ਕੀਤਾ ਜਾ ਰਿਹਾ ਸੀ। ਉਹ ਬੁੱਢੀ ਔਰਤ ਸੋਚਣ ਲੱਗੀ ਕਿ ਉਸਨੂੰ ਹੁਣ ਸੁੰਨੇ ਰਸਤੇ ਵਿਚੋਂ ਹੀ ਲੰਘ ਕੇ ਜਾਣਾ ਪਵੇਗਾ । ਉਸ ਬੁੱਢੀ ਔਰਤ ਨੂੰ ਸੁਣਦਾ ਵੀ ਘੱਟ ਸੀ ਅਤੇ ਦਿਖਾਈ ਵੀ ਘੱਟ ਦਿੰਦਾ ਸੀ। ਅਖੀਰ ਉਹ ਸੁੰਨੇ ਰਸਤੇ ਵਿੱਚ ਹੀ ਚੱਲ ਪਈ। ਉਸ ਰਸਤੇ ਵਿੱਚ ਇੱਕ ਪੱਥਰ ਪਿਆ ਸੀ। ਉਹ ਤੁਰਦੇ-ਤੁਰਦੇ ਰਸਤੇ ਵਿੱਚ ਪਏ ਪੱਥਰ ਕੋਲ ਪਹੁੰਚ ਕੇ ਉਸ ਵਿੱਚ ਅੜਕ ਕੇ ਡਿੱਗਣ ਵਾਲੀ ਸੀ। ਉਸ ਦੇ ਪਿੱਛੇ-ਪਿੱਛੇ ਇੱਕ ਕੁੜੀ ਆ ਰਹੀ ਸੀ। ਉਸਨੇ ਬਜ਼ੁਰਗ ਔਰਤ ਨੂੰ ਬਹੁਤ ਅਵਾਜ਼ਾਂ ਮਾਰੀਆਂ । ਪਰ ਬੁੱਢੀ ਔਰਤ ਨੂੰ ਘੱਟ ਸੁਣਾਈ ਦਿੰਦਾ ਹੋਣ ਕਰ ਕੇ ਕੁੱਝ ਵੀ ਨਹੀਂ ਸੁਣਿਆ। ਕੁੜੀ ਸੋਚਣ ਲੱਗੀ ਜੇ ਕਰ ਮੈਂ ਤੇਜ਼ ਦੌੜ ਕੇ ਉਸ ਔਰਤ ਕੋਲ ਪਹੁੰਚ ਜਾਵਾਂ ਤਾਂ ਮੈਂ ਉਸਨੂੰ ਡਿੱਗਣ ਤੋਂ ਬਚਾ ਸਕਦੀ ਹਾਂ। ਫਿਰ ਉਹ ਕੁੜੀ ਬਹੁਤ ਤੇਜ਼ੀ ਨਾਲ ਭੱਜ ਕੇ ਉਸ ਬੁੱਢੀ ਔਰਤ ਕੋਲ ਪਹੁੰਚ ਗਈ, ਜਦੋਂ ਤੱਕ ਬੁੱਢੀ ਔਰਤ ਪੱਥਰ ਕੋਲ ਪਹੁੰਚੀ ਅਤੇ ਉਸ ਨੇ ਬੁੱਢੀ ਔਰਤ ਨੂੰ ਡਿੱਗਣ ਤੋਂ ਬਚਾ ਲਿਆ। ਬੁੱਢੀ ਔਰਤ ਨੇ ਉਸ ਕੁੜੀ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਉਹ ਬੁੱਢੀ ਔਰਤ ਬਹੁਤ ਦਿਆਲੂ ਔਰਤ ਸੀ। ਉਹਨੇ ਕੁੜੀ ਨੂੰ ਕਿਹਾ ਕਿ ਮੇਰੀ ਪਿਆਰੀ ਬੱਚੀ ਤੂੰ ਅੱਜ ਮੇਰੇ ਕੋਲੋਂ ਕੁੱਝ ਮੰਗ ਸਕਦੀ ਹੈਂ। ਉਹ ਕੁੜੀ ਨੇ ਕਿਹਾ ਕਿ ਮੈਨੂੰ ਹੋਰ ਕੁੱਝ ਨਹੀਂ ਚਾਹੀਦਾ, ਮੈਂ ਆਈ.ਏ.ਐਸ.ਬਣਨਾ ਚਾਹੁੰਦੀ ਹਾਂ ਮੈਨੂੰ ਅਸ਼ੀਰਵਾਦ ਦਿਓ ਕਿ ਮੈਂ ਆਪਣਾ ਇਹ ਸੁਪਨਾ ਪੂਰਾ ਕਰ ਸਕਾਂ। ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਸਕਾਂ। ਇਹ ਸੁਣਦਿਆਂ ਹੀ ਬੁੱਢੀ ਔਰਤ ਨੇ ਉਸ ਕੁੜੀ ਨੂੰ ਇਕ ਮੰਤਰ ਦੱਸਿਆ। ਉਹ ਮੰਤਰ ਸੀ ਪੂਰੀ ਲਗਨ ਨਾਲ ਆਪਣੇ ਸੁਪਨੇ ਪੂਰੇ ਕਰਨ ਲਈ ਮਿਹਨਤ ਕਰਨੀ। ਕੁੜੀ ਨੇ ਇਹੀ ਮੰਤਰ ਅਪਣਾਇਆ ਅਤੇ ਉਹ ਆਉਂਦੇ ਦਸ ਸਾਲਾਂ ਨੂੰ ਆਈ.ਏ.ਐਸ ਬਣ ਗਈ।

---

## ਦਿੱਲੀ ਕਿਸਾਨ ਸੰਘਰਸ਼ ਦੀ ਵਾਰ

**ਡਾ. ਸੁਰਿੰਦਰ ਪਾਲ ਸਿੰਘ ਮੰਡ**
**(ਪ੍ਰੋਫੈਸਰ)**

ਸੁੱਤਾ ਵੇਖ ਕਿਸਾਨ ਨੂੰ, ਕੀਤਾ ਮੋਦੀ ਪਿੱਠ 'ਤੇ ਵਾਰ ।
ਸਾਰੀ ਫ਼ਸਲ ਜ਼ਮੀਨਾਂ ਖੋਹਣ ਨੂੰ, ਕਰ ਲਏ ਕਾਨੂੰਨ ਤਿਆਰ ।
ਕਹਿੰਦਾ ਹੋ-ਜੋ ਤਿਆਰ ਆਡਾਨੀਓਂ, ਤੁਸੀਂ ਮੇਰੇ ਜਿਗਰੀ ਯਾਰ ।
ਮੈਂ ਧਾਡੇ ਸਿਰ 'ਤੇ ਚੱਲਦਾ, ਮੈਂ ਧਾਡਾ ਸੇਵਾਦਾਰ ।

ਲਓ, ਲਾਲ-ਕਿਲ੍ਹੇ ਨੂੰ ਸਾਂਭ ਲਓ, ਫੜੋ ਰੇਲਾਂ ਵਣਜ ਵਪਾਰ ।
ਧਾਨੂੰ ਬੀਮਾ ਬੈਂਕਾਂ ਦਿੱਤੀਆਂ, ਸਾਂਭੋ ਤੇਲ ਤੇ ਗੈਸ ਭੰਡਾਰ ।

ਧਾਨੂੰ ਕੋਲਾ ਖਾਣਾਂ ਸੌਂਪੀਆਂ, ਨਾਲ ਬਿਜਲੀ ਕਾਰੋਬਾਰ ।
ਤੁਸੀਂ ਲੈ-ਲੋ ਸਾਰੇ ਅੱਡਿਆਂ, ਸਾਂਭੋ ਉੱਡਣ ਦਾ ਵਿਓਪਾਰ ।

ਹੁਣ ਤੁਸੀਂ ਰਫੇਲ ਬਣਾਵਣੇਂ, ਹੁਣ ਤੁਸੀਂ ਸੰਭਾਲੋ ਹਥਿਆਰ ।
ਧਾਨੂੰ ਟੈਲੀਫੂਨ ਵੀ ਸੌਂਪਣਾਂ, ਨਾਲੇ ਕਰਿਓ ਫ਼ਸਲ ਭੰਡਾਰ ।

ਆਪਾਂ ਰਲ ਕਿਸਾਨ ਨੂੰ ਨੱਪਣਾ, ਖੋਹਣੀ ਪੈਲੀ ਤੇ ਜਿਨਸ ਵਪਾਰ ।
ਇਹਦੀ ਅੰਦਰੋਂ ਆਕੜ ਭੰਨਣੀ, ਇਹਨੂੰ ਕਰਨਾ ਗੋਡਿਆਂ ਭਾਰ ।

ਤੁਸੀਂ ਸਾਂਭੋ ਸਾਰੀਆਂ ਦੌਲਤਾਂ, ਸਾਂਭੋ ਸੱਭੇ ਕਾਰੋਬਾਰ ।
ਮੈਂ ਧਰਮ ਦਾ ਬੁਰਕਾ ਪਾਇਕੇ, ਫੜੂੰ ਵੰਡਣ ਦੀ ਤਲਵਾਰ ।

ਸੁਣ ਭਾਰਤ-ਮਾਂ ਲਲਕਾਰਿਆ, ਕਹਿੰਦੀ ਹੋ-ਜੋ ਪੁੱਤਰੋ ਤਿਆਰ ।
ਮੇਰੇ ਸਿਰ ਤੋਂ ਚੁੰਨੜੀ ਲੈ ਗਏ, ਮਿਲੇ ਲੋਭੀ ਅਤੇ ਗ਼ੱਦਾਰ ।

ਜਦੋਂ ਸੁਣੀ ਪੁਕਾਰ ਪੰਜਾਬ ਨੇ, ਬੰਨ੍ਹੀ ਗੁਰੂਆਂ ਦੀ ਦਸਤਾਰ ।
ਨਾਲ ਲਏ ਭਰਾ ਹਰਿਆਣਵੀ, ਦਿੱਤੀ ਲੋਕਾਂ ਨੂੰ ਲਲਕਾਰ ।

ਸਾਨੂੰ ਭਾਰਤ-ਮਾਂ ਹੈ ਪੁਕਾਰਦੀ, ਕਹਿੰਦੀ ਖ਼ਤਰੇ ਵਿਚ ਪਰਿਵਾਰ ।
ਲੋਕ ਘੱਤ ਵਹੀਰਾਂ ਡਟ ਗਏ, ਘੇਰ ਦਿੱਲੀ ਦਾ ਦਰਬਾਰ ।

ਲੋਕਾਂ ਠੰਡ੍ਹੀਆਂ ਰਾਤਾਂ ਝੱਲੀਆਂ, ਸਭ ਛੱਡਤੇ ਘਰ ਪਰਿਵਾਰ ।
ਕਈ ਸੂਰਿਆਂ ਜਿੰਦੜੀ ਵਾਰ 'ਤੀ, ਜਾ ਮਿਲੇ 'ਅਜੀਤ ਜੁਝਾਰ' ।

ਕਈ ਮੋਦੀ ਚਾਲਾਂ ਚੱਲੀਆਂ, ਸਾਨੂੰ ਪੈ-ਜੇ ਵੱਡੀ ਮਾਰ ।
ਅਸਾਂ ਸਾਬਤ ਕਰਤਾ ਦੋਸਤੋ, ਸਾਡਾ ਏਕਾ ਬਰਕਰਾਰ ।

ਜੋ ਪੁੱਤ ਬਣੇ ਨਾ ਬਾਪ ਹੀ, ਨਾ ਪਤੀ ਤੇ ਨਾ ਦਿਲਦਾਰ ।
ਉਹ ਬੰਦਾ ਤਾਂ ਇਨਸਾਨ ਨਹੀਂ, ਕੁਦਰਤ ਦਾ ਇਕ ਵਗਾੜ ।

ਜਿਹੜਾ ਬੰਦਾ ਫ਼ਰਜ਼ੋਂ ਭੱਜਿਆ, ਉਹ ਕਾਸੇ ਦਾ ਨੀ ਹੱਕਦਾਰ ।
ਘਰਾਂ ਵਾਲ਼ਿਓਂ ਉਸ ਤੋਂ ਆਸ ਕੀ, ਜਿੰਨ੍ਹੇ ਛੱਡਿਆ ਹੈ ਘਰ-ਬਾਰ

ਵੇਖੋ ਮੋਦੀ ਗੂੰਗਾ ਹੋ ਗਿਆ, ਉਹਦਾ ਬੋਲ ਪਿਆ ਹੰਕਾਰ ।
ਕਹਿੰਦਾ ਪੀ.ਐੱਮ ਦੇ ਮੈਂ ਲਾਇਕ ਨਹੀਂ, ਮੈਨੂੰ ਨਹੀਂ ਕਿਸੇ ਦੀ ਸਾਰ।

ਕਿਹਾ ਮੋਦੀ ਘੇਰ 'ਟਿਕੈਤ' ਨੂੰ, ਬੰਨ੍ਹੋ ਮੁਸ਼ਕਾਂ ਕਰੋ ਲਾਚਾਰ ।
ਅੱਗੋਂ ਸ਼ੇਰ 'ਟਿਕੈਤ' ਦਹਾੜਿਆ, ਕੱਢੇ ਖੂੰਨੀਂ ਹੰਝੂ ਬਾਹਰ ।

ਵੇਖ ਅੱਥਰੂ ਵੀਰ ਟਿਕੈਤ ਦੇ, ਹੋ ਸੁੰਨ ਗਿਆ ਸੰਸਾਰ ।
ਲੋਕ ਦਿੱਲੀ ਵੱਲ ਨੂੰ ਤੁਰ ਪਏ, ਅੱਗੇ ਭੱਜ ਤੁਰੀ ਸਰਕਾਰ ।

ਸਾਡੇ ਪੈਰਾਂ ਵਿਚ ਕਿੱਲ ਗੱਡ ਕੇ, ਨਾ ਹਾਕਮਾਂ ਭਾਜੀ ਚਾੜ੍ਹ ।
ਇਹ ਘੇਰਾ ਹੈ ਚਮਕੌਰ ਦਾ, ਇਹ ਜੋ ਕੰਡਿਆਲੀ ਤਾਰ ।

ਨਾ ਬਣ ਸੂਬਾ ਸਰਹੰਦ ਉਏ, ਨਾ ਚਿਣ ਕੰਧਾਂ ਦੀ ਵਾੜ ।
ਸਾਨੂੰ ਢਾਰਸ ਦੇਂਦੇ ਵੈਰੀਆ, ਫਤਹਿ ਸਿੰਘ ਤੇ ਜ਼ੋਰਾਵਾਰ ।

ਭਾਵੇਂ ਕਰ ਲੈ ਕਿੰਨੀਆਂ ਸਾਜ਼ਿਸ਼ਾਂ, ਜਿੰਨਾ ਮਰਜ਼ੀ ਕੂੜ ਪ੍ਰਚਾਰ ।
ਅਸੀਂ 'ਕੱਠੇ ਚੱਲਣਾ ਸ਼ਾਂਤਮਈ, ਤੂੰ ਡਿਗਣਾ ਏਂ ਮੂੰਹ-ਭਾਰ ।

ਉਹੀ ਜਿਊਂਦੇ ਵਿਚ ਇਤਿਹਾਸ ਦੇ, ਜੋ ਲੜਦੇ ਬਣ ਸਚਿਆਰ ।
ਉਹੀ ਲੋਕ ਅਖੀਰੀ ਜਿੱਤਦੇ, ਜਿਹੜੇ ਮੰਨਦੇ ਨੀ ਕਦੀ ਹਾਰ ।

ਅਸੀਂ ਐਸਾ ਮੁਲਕ ਬਣਾਵਣਾਂ, ਦੇਵੇ ਸਿੱਖਿਆ ਸਿਹਤ ਰੁਜ਼ਗਾਰ ।
ਅਸੀਂ ਲੋਟੂ ਖੂੰਜੇ ਲਾਵਣੇਂ, ਸਭ ਵੰਡਣਾ ਹੈ ਇਕਸਾਰ ।

ਇਹ ਘੋਲ ਮਿਸਾਲੀ ਬਣ ਗਿਆ, ਇਹਦੀ ਪੈੜ ਤੁਰੂ ਸੰਸਾਰ ।
ਇਹ ਬਦਲੂ ਹੋਣੀ ਕਿਰਤ ਦੀ, ਇਹ ਰੌਸ਼ਨ ਬਣੂ ਮੀਨਾਰ ।

*ਮੋਬਾ. ੯੪੧੭੩ ੨੪੫੪੩

## ਗੱਲ ਸਾਡੇ ਹੱਕਾਂ ਦੀ ਏ

ਗੱਲ ਸੜਕਾਂ ਉੱਤੇ ਬੈਠ ਦਿੱਤੇ ਧਰਨੇ ਰੈਲੀਆਂ ਦੀ ਨਹੀਂ
ਗੱਲ ਸਾਡੇ ਹੱਕਾਂ ਦੀ ਏ
ਸਾਡੇ ਜਮੀਰ ਉੱਤੇ ਵੱਜੀਆਂ ਡੂੰਘੀਆਂ ਸੱਟਾਂ ਦੀ ਏ
ਜਦੋਂ ਬੇ-ਮੌਸਮੇ ਬਰਬਾਦ ਹੋਈ ਫ਼ਸਲ
ਗੱਲ ਅੱਖਾਂ ਵਿੱਚ ਤਿੱਪ-ਤਿੱਪ ਚੋਂਦੇ ਹੰਝੂਆਂ ਦੀ ਏ
ਬਿਨਾਂ ਕਸੂਰੋਂ ਸੜਕਾਂ ਉੱਤੇ ਪਾਲੇ ਠਰਦੇ
ਗੱਲ ਮਾਸੂਮਾਂ ਦੀ ਏ
ਲਹੂ ਪਸੀਨਾ ਬਣ ਚੋਂਦਾ
ਗੱਲ ਹਾੜ-ਜੇਠ ਦੀਆਂ ਧੁੱਪਾਂ ਵਿੱਚ ਤਪਦੇ
ਨੰਗੇ ਪੈਰਾਂ ਦੀ ਏ
ਢਿੱਡ ਭਰਦਾ ਪੂਰੀ ਦੁਨੀਆ ਦਾ ਜੋ
ਗੱਲ ਸ਼ਾਹੂਕਾਰਾਂ ਦੇ ਕਰਜ਼ੇ ਹੇਠ ਦੱਬੇ ਕਿਸਾਨਾਂ ਦੀ ਏ
ਮਿੱਟੀ ਦੇ ਨਾਲ ਮਿੱਟੀ ਹੋਇਆ
ਮਿੱਟੀ ਵਿੱਚ ਮਿਲ ਜਾਣਾ
ਫ਼ਸਲ ਰੋੜ ਜੋ ਲੈ ਗਏ
ਗੱਲ ਬੇਵਕਤ ਚੜ੍ਹ ਆਏ ਤੁਫ਼ਾਨਾਂ ਦੀ ਏ
ਮਾੜੀ ਕਿਸਮਤ ਤੇ ਜੋ ਸਲਫਾਸ ਜ਼ਹਿਰ ਖਾ ਮਰਦਾ
ਗੱਲ ਉਸ ਕਿਸਾਨ ਪੁੱਤ ਦੀ ਏ
ਗੱਲ ਬਜ਼ੁਰਗਾਂ ਤੇ ਵਰਦੀਆਂ ਲਾਠੀਆਂ
ਤੇ ਮਾਰਾਂ ਦੀ ਏ
ਝੂਠ ਨੂੰ ਸਲਾਮ, ਸੱਚ ਨੂੰ ਫਾਂਸੀ
ਗੱਲ ਬਦਲੇ ਕਿਰਦਾਰਾਂ ਦੀ ਏ
ਧਾਲੀਵਾਲ ਅਣਮਿਥੇ ਸਮੇਂ ਚੜ੍ਹ ਆਇਆ ਜੋ ਸੂਰਜ
ਗਗਨ ਗੱਲ ਭੈੜੇ ਕਾਨੂੰਨਾਂ ਦੀ ਏ ।

**ਗਗਨਦੀਪ ਧਾਲੀਵਾਲ ਝਲੂਰ**
**ਬਰਨਾਲਾ ।**

---------

## ਜਿੱਤ ਵਾਲੇ ਝੰਡੇ

ਇੱਕ ਗੱਲ ਦਾ ਸਾਥੀਓ ਖ਼ਿਆਲ ਰੱਖਣਾ,
ਦੁਸ਼ਮਣ ਦਾ ਹਰ ਫੱਟ ਅਸੀਂ ਸਹਿ ਲਵਾਂਗੇ।
ਕਰਿਓ ਨਾ ਗ਼ੱਦਾਰੀ ਕਦੇ ਟੁੰਡੇ ਲਾਟ ਵਾਂਗੂੰ,
ਵਰਨਾ ! ਪਹਾੜਾਂ ਸੰਗ ਅਸੀਂ ਖਹਿ ਲਵਾਂਗੇ।
ਦੁਸ਼ਮਣ ਦਾ ਕਰਨਾ ਹੈ ਫੇਲ੍ਹ ਹਰ ਪੈਂਤੜਾ
ਕੱਕਰ ਦੀਆਂ ਰਾਤਾਂ ਭੁੱਖੇ ਭਾਣੇ ਰਹਿ ਲਵਾਂਗੇ।
ਫੂਕ ਫੂਕ ਰੱਖਿਓ ਕਦਮ ਹੁਣ ਵੀਰਿਓ ਵੇ,
ਵੇਖਿਓ ਹੱਕ ਹੁਣ ਆਪਣੇ ਜੀ ਲੈ ਲਵਾਂਗੇ।
ਅਜਾਈਂ ਨਹੀਂ ਜਾਣ ਦੇਣੀ ਕੁਰਬਾਨੀ ਅਸਾਂ,
ਪਾਪੀ ਜਰਵਾਣੇ ਨਾਲ ਖਹਿ ਲਵਾਂਗੇ।
ਕਤਰਾਂ ਕਤਰਾਂ ਖ਼ੂਨ ਦਾ ਵਹਾ, ਕਾਨੂੰਨ ਰੱਦ ਕਰਵਾਉਣੇ,
ਜਾਣੀ ਨਾ ਕਮਜ਼ੋਰ ਕਿ, ਤੇਰੇ ਅੱਗੇ ਢਹਿ ਪਵਾਂਗੇ।
ਮੂਤ ਪੀਣੀ ਜਾਤ ਕੀ ਜਾਣੇ ਸਾਡੀਆਂ ਸ਼ਹਾਦਤਾਂ ਨੂੰ,
ਫਾਂਸੀਆਂ ਦੇ ਰੱਸੇ ਚੁੰਮੇ, ਤੱਤੀ ਤਵੀ ਉੱਤੇ ਬਹਿ ਲਵਾਂਗੇ।
ਫੋਲ ਵੇਖ ਕਿਤੇ ਇਤਿਹਾਸ ਸਾਡਾ ਹਾਕਮਾਂ ਵੇ,
ਸੀਨਾ ਪੁੱਤ ਦਾ ਚਿਰਾ, ਟੋਟੇ ਗਲਾਂ 'ਚ ਪਵਾ ਲਵਾਂਗੇ।
ਨਿਰਮਲ ਲਿਖ ਦੇ ਸਚਾਈ, ਕਾਮੇ ਰੁਲਣ ਨਾ ਸੜਕਾਂ ਤੇ,
ਜਿੱਤ ਵਾਲੇ ਝੰਡੇ ਤੇਰੀ ਹਿੱਕ ਤੇ ਝੁਲਾਅ ਲਵਾਂਗੇ।
ਜਿੱਤ ਵਾਲੇ ਝੰਡੇ ਤੇਰੀ ਹਿੱਕ ਤੇ ਝੁਲਾਅ ਲਵਾਂਗੇ।

**ਨਿਰਮਲ ਕੌਰ ਕੋਟਲਾ**
**੯੮੭੬੬੫੧੩੯੦**

## ਮਾਂ ਧਰਤੀਏ

ਧੰਨ ਹੈਂ ਮਾਂ ਧਰਤੀਏ, ਤੇਰਾ ਜਿਗਰਾ ਵੱਡਾ।
ਕਿੱਲ ਠੋਕੇ ਤੇਰੀ ਹਿੱਕ ਤੇ, ਚਾਹੇ ਖੋਦਿਆ ਖੱਡਾ।
ਤੂੰ ਫਿਰ ਵੀ ਰਹੀ ਅਡੋਲ ਫ਼ਰਜ਼ਾਂ ਦੀ ਮਾਰੀ।
ਵੇਖ ਨੀ ਮਾਂ ਧਰਤੀਏ ਤੇਰੀ ਲਚਾਰੀ।
ਤੇਰੇ ਪੁੱਤਰ ਕਾਮੇ ਆ ਗਏ ਭਰ ਭਰ ਕੇ ਲਾਰੀ।
ਅੱਜ ਦੇਣ ਸ਼ਹਾਦਤਾਂ ਪਿਉ, ਪੁੱਤ ਨੀ ਵੇਖ ਵਾਰੋ ਵਾਰੀ।
ਸਾਡੇ ਮੱਥੇ ਸਿਹਰੇ ਖ਼ੂਨ ਦੇ ਅਸਾਂ ਲਾੜੀ ਮੌਤ ਵਿਆਉਣੀ।
ਸਾਡੀ ਪੱਗ ਨੂੰ ਹੱਥ ਜੋ ਪਾਂਵਦਾ, ਉਹਦੀ ਅਲਖ ਮਿਟਾਉਣੀ।
ਅੱਖ ਭਰੀ ਟਕੈਤ ਦੀ, ਹੜ੍ਹ ਆਇਆ ਕਿਰਸਾਨਾਂ ਦਾ।
ਮੁਰਦੇ ਹੀਰੋ ਦੇਸ਼ ਦੇ, ਜਿਗਰਾ ਤੱਕਿਆ ਰਿਹਾਨਾ ਦਾ।
ਬੋਲ ਨਾ ਸਕਦੇ, ਜਿਨ੍ਹਾਂ ਨੂੰ, ਬੁਰਕੀ ਪੈਂਦੀ ਹਾਕਮ ਦੀ।
ਜ਼ੁਲਮ ਜੋ ਕਰਦਾ, ਬਹੁਤੀ ਦੇਰ ਨਾ, ਕੁਰਸੀ ਰਹਿੰਦੀ ਹਾਕਮ ਦੀ।
ਰਲ ਮਿਲ ਕਰਲੋ ਫ਼ਤਿਹ ਮੋਰਚਾ, ਫਿਰ ਛਿੱਤਰ ਰੋਟੀ ਵੰਡ ਲਾਂ ਗੇ,
ਜਿੱਤ ਦਾ ਝੰਡਾ ਗੱਡ ਵੀਰਿਓ, ਫਿਰ ਇੱਕ ਦੂਜੇ ਨੂੰ ਭੰਡ ਲਾਂ ਗੇ।
ਨਿਕਲ ਗਿਆ ਜੇ ਹਾਥੀ, ਹੁਣ ਪੂਛ ਦਾ ਕੱਢਣਾ ਬਾਕੀ ਹੈ।
ਧੋ ਦਿੱਤਾ ਹੈ ਨਿਰਮਲ ਗੰਦ ਦੇਸ਼ ਦਾ, ਬੱਸ ਹੁਣ ਛੰਡਣਾ ਬਾਕੀ ਹੈ।
ਬੱਸ ਹੁਣ ਛੰਡਣਾ ਬਾਕੀ ਹੈ।

**ਨਿਰਮਲ ਕੌਰ ਕੋਟਲਾ**
**'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ'**

-------

## ਮਨ ਤੇ ਉਕਰੇ ਅਲ.ਫਾਜ਼

ਕੁਝ ਰਿਸ਼ਤੇ ਕਾਹਤੋਂ, ਕਦੋਂ ਤੇ ਕਿੰਝ ਗਵਾਏ ਮੈਂ ਸਬ ਮਨ ਤੇ ਉਕਰੇ ਨੇ।
ਜ਼ਿੰਦਗੀ ਦੇ ਕਿੰਨੇ ਸਾਲ ਕੀਹਦੇ ਕੀਹਦੇ ਨਾਮ ਲਾਏ ਮੈਂ ਸਭ ਮਨ ਤੇ ਉਕਰੇ ਨੇ।

ਕੀ ਕੀ ਹਾਦਸੇ ਹੋਏ ਮੇਰੀ ਜਿੰਦਗੀ 'ਚ ਸਭ ਮਨ ਤੇ ਉਕਰੇ ਨੇ।

ਕਿਹੜੇ ਛੱਡ ਤੁਰੇ ਕਿਹੜੇ ਹੱਕ 'ਚ ਖਲੋਏ ਸਭ ਮਨ ਤੇ ਉਕਰੇ ਨੇ।

ਮੂੰਹ ਦੇ ਮਿੱਠੇ ਸਵਾਰਥ ਦੀਆਂ ਮੂਰਤਾਂ ਨੇ ਕਿਵੇਂ ਤੀਰ ਪਿੱਠ ਤੇ ਚਲਾਏ ਸਭ ਮਨ ਤੇ ਉਕਰੇ ਨੇ।

ਜਿਹੜੇ ਕੂਕਦੇ ਸੀ ਰੱਬ ਦੀ ਰਜ਼ਾ ਦੇ ਅਲਾਪ ਦੇਣ ਬਾਂਗਾਂ 'ਪੈਸਾ ਹਾਏ ਪੈਸਾ ਹਾਏ' ਸਭ ਮਨ ਤੇ ਉਕਰੇ ਨੇ।

ਹਾੜੇ ਰੱਬ ਦੇ ਤੇ ਚੜ੍ਹਦੇ ਨੂੰ ਕਰਦੇ ਸਲਾਮਾਂ ਧੰਨ ਦੌਲਤਾਂ ਦੇ ਜਾਏ ਸਭ ਮਨ ਤੇ ਉਕਰੇ ਨੇ।

ਜ਼ਿੰਦਗੀ ਜ਼ਿੰਦਗੀ ਨਹੀਂ ਬਣੀ ਰਾਜਨੀਤੀ ਕਿਹੜੇ ਕਿਹੜੇ ਨੇਤਾ ਬਣ ਆਏ ਸਭ ਮਨ ਤੇ ਉਕਰੇ ਨੇ...ਸਭ ਮਨ ਤੇ ਉਕਰੇ ਨੇ

**ਸੰਜੀਵ ਸਿੰਘ ਝੱਜ**
**ਸ੍ਰੀ ਅਨੰਦਪੁਰ ਸਾਹਿਬ**
***੯੮੧੫੧੫੦੫੪੨**

## ਦੀਪ ਸਿੱਧੂ ਗ੍ਰਿਫਤਾਰ...

ਅਕਾਲ ਤਖ਼ਤ ਦੇ ਜਥੇਦਾਰ ਨੇ ਆਪਣੀ ਪ੍ਰਤੀਕਿਰਿਆ ਦਿੰਦਿਆ ਕਿਹਾ ਕਿ ਸੰਘਰਸ਼ ਕਰ ਰਹੇ ਨੌਜਵਾਨਾਂ 'ਤੇ ਕੇਸ ਰੱਦ ਕਰਨੇ ਚਾਹੀਦੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਲਾਲ ਕਿਲ੍ਹੇ 'ਤੇ ਖਾਲਸਾਈ ਝੰਡਾ ਲਹਿਰਾਉਣਾ ਕੋਈ ਮੁੱਦਾ ਨਹੀਂ ਹੈ, ਇਸ ਮਾਮਲੇ ਨੂੰ ਬਸ ਉਲਝਿਆ ਜਾ ਰਿਹਾ ਹੈ।

**ਕੌਣ ਹੈ ਦੀਪ ਸਿੱਧੂ**

ਮਿਲੀ ਜਾਣਕਾਰੀ ਮੁਤਾਬਕ ਪੰਜਾਬੀ ਫਿਲਮਾਂ 'ਚ ਕੰਮ ਕਰਨ ਵਾਲਾ ਦੀਪ ਸਿੱਧੂ ਸਮਾਜਿਕ ਵਰਕਰ ਵੀ ਹੈ। ਦੀਪ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਪੰਜਾਬੀ ਫਿਲਮ ਰਮਤਾ ਜੋਗੀ ਨਾਲ ਕੀਤੀ ਸੀ। 1984 'ਚ ਪੰਜਾਬ ਦੇ ਮੁਕਤਸਰ ਜਿਲ੍ਹੇ 'ਚ ਉਸਦਾ ਜਨਮ ਹੋਇਆ। ਲਾਅ ਦੀ ਪੜ੍ਹਾਈ ਕੀਤੀ ਹੈ। 17 ਜਨਵਰੀ ਨੂੰ ਸਿੱਖ ਫਾਰ ਜਸਟਿਸ ਨਾਲ ਜੁੜੇ ਕੇਸ ਦੇ ਸਿਲਸਿਲੇ 'ਚ ਐਨਆਈਏ ਨੇ ਸਿੱਧੂ ਨੂੰ ਤਲਬ ਵੀ ਕੀਤਾ ਸੀ ਪਰ ਉਹ ਪੇਸ਼ ਨਹੀਂ ਹੋਇਆ ਸੀ।

**ਕਿਸਾਨੀ ਅੰਦੋਲਨ ਵਿੱਚ ਦੀਪ ਸਿੱਧੂ ਦੀ ਭੂਮਿਕਾ**

ਜਦੋਂ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਦੀਪ ਸਿੱਧੂ ਇਹੀ ਕਹਿ ਰਹੇ ਸਨ ਕਿ ਉਹ ਇਹ ਅੰਦੋਲਨ ਕਿਸਾਨਾਂ ਲਈ ਅਤੇ ਕਿਸਾਨ ਆਗੂਆਂ ਦੀ ਅਗਵਾਈ ਵਿੱਚ ਅਤੇ ਯੂਨੀਅਨਾਂ ਦੇ ਝੰਡੇ ਥੱਲੇ ਲੜ ਰਹੇ ਹਨ। ਦੀਪ ਸਿੱਧੂ ਨੇ ਪੰਜਾਬ-ਹਰਿਆਣਾ ਸਰਹੱਦ 'ਤੇ ਸ਼ੰਭੂ ਬਾਰਡਰ ਉੱਪਰ ਆਪਣੀ ਵੱਖਰੀ ਸਟੇਜ ਲਗਾਈ ਹੋਈ ਸੀ। ਹਾਲਾਂਕਿ ਉਨ੍ਹਾਂ ਦੇ ਭਾਸ਼ਣ ਜਿਆਦਾਤਰ ਤਿੰਨ ਖੇਤੀ ਕਾਨੂੰਨਾਂ ਤੋਂ ਇਲਾਵਾ ਭਾਰਤ ਦੇ ਸੰਵਿਧਾਨ ਵਿੱਚ ਨਿਹਿੱਤ ਸੰਘੀ ਢਾਂਚੇ ਦੁਆਲੇ ਕੇਂਦਰਿਤ ਹੁੰਦੇ ਸਨ। ਕਿਸਾਨ ਸੰਗਠਨਾਂ ਵਲੋਂ ਦੀਪ ਸਿੱਧੂ ਦਾ ਵਾਰ-ਵਾਰ ਵਿਰੋਧ ਕੀਤਾ ਜਾਂਦਾ ਸੀ ਕਿਉਂਕਿ ਦੀਪ ਸਿੱਧੂ ਨੇ ਕਿਸਾਨ ਆਗੂਆਂ ਦੀਆਂ ਕਈ ਅਣਗਿਹਲੀਆਂ ਜਾਂ ਗਲਤੀਆਂ 'ਤੇ ਸਵਾਲ ਚੁੱਕੇ ਸਨ। ਕਿਸਾਨ ਜਥੇਬੰਦੀਆਂ ਨੇ ਇਸੇ ਵਿਰੋਧ ਦੇ ਚਲਦਿਆਂ ਉਸ ਦੇ ਸਿੰਘੂ ਬਾਰਡਰ ਦੀ ਮੁੱਖ ਸਟੇਜ ਤੋਂ ਬੋਲਣ 'ਤੇ ਰੋਕ ਲਗਾ ਦਿੱਤੀ ਸੀ। ਦੀਪ ਸਿੱਧੂ ਨੇ ਇਸ ਕਿਸਾਨੀ ਸੰਘਰਸ਼ ਵਿਚ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਕਰਾਉਣ ਵਿਚ ਬਹੁਤ ਅਹਿਮ ਰੋਲ ਨਿਭਾਇਆ।

**ਦੀਪ ਸਿੱਧੂ ਦਾ ਪਰਿਵਾਰਕ ਪਿਛੋਕੜ**

ਦੀਪ ਸਿੱਧੂ ਦਾ ਜੱਦੀ ਪਿੰਡ ਪੰਜਾਬ ਦੇ ਜਿਲ੍ਹੇ ਮੁਕਤਸਰ ਸਾਹਿਬ ਦਾ ਪਿੰਡ ਉਦੇਕਰਨ ਹੈ। ਦੀਪ ਦੇ ਬਠਿੰਡਾ ਰਹਿੰਦੇ ਸਕੇ ਚਾਚਾ ਬਿਧੀ ਸਿੰਘ ਨੇ ਦੱਸਿਆ ਕਿ ਉਹ ਛੇ ਭਰਾ ਸਨ ਅਤੇ ਦੀਪ ਦੇ ਪਿਤਾ ਸਰਦਾਰ ਸੁਰਜੀਤ ਸਿੰਘ ਪੇਸ਼ੇ ਤੋਂ ਵਕੀਲ ਸਨ। ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਦੇ ਤਿੰਨ ਪੁੱਤਰ ਹਨ, ਜਿਨਾ ਵਿੱਚ ਨਵਦੀਪ ਸਿੰਘ ਇਸ ਸਮੇਂ ਕੈਨੇਡਾ ਵਿੱਚ ਅਤੇ ਮਨਦੀਪ ਵਕਾਲਤ ਕਰਦਾ ਹੈ ਅਤੇ ਦੀਪ ਦਿੱਲੀ ਵਿੱਚ ਕਿਸਾਨੀ ਅੰਦੋਲਨ ਵਿੱਚ ਹੈ। ਦੀਪ ਦੇ ਚਾਚਾ ਬਿਧੀ ਸਿੰਘ ਮੁਤਾਬਕ ਪਰਿਵਾਰ ਖੇਤੀਬਾੜੀ ਨਾਲ ਸਬੰਧਿਤ ਹੈ ਪਰ ਦੀਪ ਦੇ ਪਿਤਾ ਵਕੀਲ ਹੋਣ ਕਰ ਕੇ ਲੁਧਿਆਣਾ ਵਿੱਚ ਆਪਣੀ ਵਕਾਲਤ ਕਰਦੇ ਸਨ ਅਤੇ ਉਨ੍ਹਾਂ ਦਾ ਕਰੀਬ ਤਿੰਨ ਸਾਲ ਪਹਿਲਾ ਦੇਹਾਂਤ ਹੋ ਗਿਆ ਸੀ।

ਦੀਪ ਬਾਰੇ ਗੱਲ ਕਰਦਿਆਂ ਬਿਧੀ ਸਿੰਘ ਨੇ ਕਿਹਾ, "ਉਹ ਮਹਾਰਾਸਟਰ ਦੇ ਪੂਣੇ ਵਿੱਚ ਕਾਨੂੰਨ ਦੀ ਪੜ੍ਹਾਈ ਲਈ ਗਿਆ ਸੀ ਅਤੇ ਉਸ ਤੋਂ ਬਾਅਦ ਮੁੰਬਈ ਵਿਖੇ ਸੈੱਟ ਹੋ ਗਿਆ ਤੇ ਉੱਥੇ ਹੀ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ।"

ਉਨ੍ਹਾਂ ਦੱਸਿਆ ਕਿ ਪਹਿਲਾਂ ਦੀਪ ਨੇ ਵਕੀਲ ਵਜੋਂ ਬਾਲਾ ਜੀ ਫਿਲਮਜ ਲਈ ਕੰਮ ਕੀਤਾ। ਹੌਲੀ-ਹੌਲੀ ਉਸ ਦੀ ਦਿਓਲ ਪਰਿਵਾਰ ਨਾਲ ਨੇੜਤਾ ਹੋ ਗਈ ਅਤੇ ਇੱਥੋਂ ਹੀ ਉਸ ਦੀ ਫਿਲਮੀ ਦੁਨੀਆ ਵਿੱਚ ਐਂਟਰੀ ਹੋ ਗਈ। ਦੀਪ ਦਾ ਵਿਆਹ ਹੋਇਆ ਹੈ ਅਤੇ ਉਸ ਦੇ ਇੱਕ ਬੇਟੀ ਵੀ ਹੈ।

ਬਿਧੀ ਸਿੰਘ ਮੁਤਾਬਕ ਦਿਓਲ ਪਰਿਵਾਰ ਨਾਲ ਨੇੜਤਾ ਹੋਣ ਕਾਰਨ ਜਦੋਂ ਸੰਨੀ ਦਿਓਲ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਲੜਿਆ ਤਾਂ ਦੀਪ ਸਿੱਧੂ ਨੇ ਪੂਰੀ ਮਦਦ ਕੀਤੀ। ਬਿਧੀ ਸਿੰਘ ਮੁਤਾਬਕ ਦੀਪ ਮੁੰਬਈ ਵਿੱਚ ਚੰਗੀ ਤਰਾਂ ਸੈੱਟ ਹੋ ਗਿਆ ਸੀ। ਬਿਧੀ ਸਿੰਘ ਮੁਤਾਬਕ ਲਾਲ ਕਿਲ੍ਹੇ ਉੱਤੇ ਜੋ ਘਟਨਾ ਹੋਈ, ਉਸ ਬਾਰੇ ਉਨ੍ਹਾਂ ਨੂੰ ਮੀਡੀਆ ਤੋਂ ਹੀ ਜਾਣਕਾਰੀ ਮਿਲੀ ।

**ਦੀਪ ਸਿੱਧੂ ਦਾ ਫਿਲਮੀ ਸਫਰ**

ਸਾਲ 2017 ਵਿੱਚ ਗੀਤਕਾਰ ਤੋਂ ਫਿਲਮਕਾਰ ਬਣੇ ਅਮਰਦੀਪ ਸਿੰਘ ਗਿੱਲ ਦੀ ਫਿਲਮ 'ਜੋਰਾ 10 ਨੰਬਰੀਆਂ' ਵਿੱਚ ਜੋਰਾ ਦੇ ਕਿਰਦਾਰ ਨੇ ਪੰਜਾਬੀਆਂ ਦੀ ਦੀਪ ਸਿੱਧੂ ਨਾਲ ਪਛਾਣ ਕਰਵਾਈ। ਇਸ ਦੇ ਨਾਲ ਹੀ ਉਨ੍ਹਾਂ ਦੀ ਐਂਟਰੀ ਪੰਜਾਬੀ ਫਿਲਮ ਇੰਡਸਟਰੀ ਵਿੱਚ ਹੋਈ। ਦੀਪ ਨੇ ਮੁੰਬਈ ਵਿੱਚ ਹੀ ਕਈ ਫੈਸ਼ਨ ਸ਼ੋਅਜ ਵਿੱਚ ਬਤੌਰ ਮਾਡਲ ਹਿੱਸਾ ਲਿਆ ਅਤੇ ਆਖਿਰਕਾਰ ਮਾਡਲ ਤੋਂ ਅਦਾਕਾਰੀ ਵੱਲ ਪੈਰ ਰੱਖਣ ਲਈ ਤਿਆਰੀ ਸ਼ੁਰੂ ਕਰ ਦਿੱਤੀ। ਦਿਓਲ ਪਰਿਵਾਰ ਦੇ ਹੀ ਘਰੇਲੂ ਬੈਨਰ ਵਿਜੇਤਾ ਫਿਲਮਜ ਹੇਠ ਦੀਪ ਨੇ ਬਤੌਰ ਹੀਰੋ ਆਪਣੀ ਪਹਿਲੀ ਪੰਜਾਬੀ ਫਿਲਮ 'ਰਮਤਾ ਜੋਗੀ' ਸਾਲ 2015 ਵਿੱਚ ਕੀਤੀ।

ਫਿਲਮ ਦੇ ਨਿਰਦੇਸਕ ਗੁੱਡੂ ਧਨੋਆ ਸਨ, ਜੋ ਸੰਨੀ ਦਿਓਲ ਦੀਆਂ ਕਈ ਫਿਲਮਾਂ ਡਾਇਰੈਕਟ ਕਰ ਚੁੱਕੇ ਹਨ। ਹਾਲਾਂਕਿ ਫਿਲਮ ਨੇ ਦੀਪ ਨੂੰ ਚਰਚਾ ਵਿੱਚ ਨਹੀਂ ਲਿਆਂਦਾ।

ਸਾਲ 2017 ਵਿੱਚ 'ਜੋਰਾ 10 ਨੰਬਰੀਆਂ' ਤੋਂ ਬਾਅਦ 2018 ਵਿੱਚ ਦੀਪ ਸਿੱਧੂ ਦੀ ਇੱਕ ਹੋਰ ਫਿਲਮ 'ਰੰਗ ਪੰਜਾਬ' ਆਈ। ਫਿਲਮ ਨੂੰ ਰਾਕੇਸ ਮਹਿਤਾ ਨੇ ਡਾਇਰੈਕਟ ਕੀਤਾ ਸੀ। ਇਸ ਤੋਂ ਬਾਅਦ 2019 ਵਿੱਚ 'ਸਾਡੇ ਆਲੇ' ਫਿਲਮ ਵਿੱਚ ਸੀਨੀਅਰ ਪੰਜਾਬੀ ਅਦਾਕਾਰ ਗੁੱਗੂ ਗਿੱਲ ਨਾਲ ਨਜਰ ਆਏ।

ਸਾਲ 2020 ਵਿੱਚ ਅਮਰਦੀਪ ਸਿੰਘ ਗਿੱਲ ਦੀ ਨਿਰਦੇਸਨ ਵਿੱਚ 'ਜੋਰਾ' ਦਾ ਦੂਜਾ ਹਿੱਸਾ 'ਜੋਰਾ, ਸੈਕੇਂਡ ਚੈਪਟਰ' ਰੀਲੀਜ ਹੋਈ, ਇਸ ਵਿੱਚ ਵੀ ਦੀਪ ਸਿੱਧੂ ਨਾਲ ਪਹਿਲਾਂ ਵਾਂਗ ਹੀ ਧਰਮਿੰਦਰ ਤਾਂ ਸਨ ਹੀ ਉਨ੍ਹਾਂ ਤੋਂ ਇਲਾਵਾ ਗੁੱਗੂ ਗਿੱਲ ਵੀ ਸਨ।

ਹੁਣ ਤੱਕ ਜੋਰਾ ਟਾਈਟਲ ਹੇਠ ਆਈਆਂ ਦੋਹਾਂ ਫਿਲਮਾਂ ਵਿਚ ਦੀਪ ਸਿੱਧੂ ਇੱਕ ਗੈਂਗਸਟਰ ਦੇ ਕਿਰਦਾਰ ਵਿੱਚ ਨਜਰ ਆਏ ਸਨ।

## ਇਤਿਹਾਸ ਫ਼ੈਸਲਾ ਕਰੇਗਾ...

ਉਹ ਲਗਜ਼ਰੀ ਕਾਰਾਂ ਛੱਡ ਕੇ ਦੋ ਮਹੀਨਿਆਂ ਤੋਂ ਬਾਕੀ ਕਿਸਾਨਾਂ ਵਾਂਗ ਇਥੇ ਤੰਬੂ ਲਾ ਕੇ ਦਰੀਆਂ 'ਤੇ ਸੌਂਦਾ ਰਿਹਾ।

ਮੈਂ ਦੀਪ ਸਿੱਧੂ ਨੂੰ ਤਿੰਨ ਵਾਰ ਮਿਲਿਆਂ, ਉਸ ਨੂੰ ਨੇੜਿਓਂ ਸਮਝਿਆ, ਉਸ ਅੰਦਰ ਪੰਜਾਬ ਲਈ ਝਲਕਦਾ ਦਰਦ ਵੇਖਿਆ, ਉਸ ਦੀ ਤਾਸੀਰ ਹੀ ਕੁਝ ਵੱਖਰੀ ਸੀ, ਉਸ ਦੇ ਬੋਲ ਨੌਜਵਾਨਾਂ ਨੂੰ ਟੁੰਬਦੇ ਸਨ, ਉਸ ਵਿੱਚ ਦੂਰ-ਦ੍ਰਿਸ਼ਟੀ ਵੀ ਸੀ, ਉਹ ਸਾਰੇ ਹਲਾਤਾਂ ਨੂੰ ਸਮਝਦਾ ਅਤੇ ਘੋਖਦਾ ਸੀ ਅਤੇ ਜਜ਼ਬਾਤੀ ਹੋਣ ਕਰਕੇ ਉਹ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਹੀ ਫ਼ੈਸਲੇ ਲੈਂਦਾ ਸੀ ਤੇ ਨੌਜਵਾਨਾਂ ਦੀ ਤਰਜਮਾਨੀ ਕਰਦਾ ਸੀ। ਉਹ ਸਿੱਖ ਸੰਘਰਸ਼ ਦੇ ਸ਼ਹੀਦਾਂ ਨੂੰ ਆਪਣੇ ਮਾਰਗ-ਦਰਸ਼ਕ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਦੀ ਗੱਲ ਕਰਦਾ ਸੀ, ਸਿੱਖੀ ਦੀ ਗੱਲ ਕਰਦਾ ਸੀ, ਉਹ ਨਿਸ਼ਾਨ ਸਾਹਿਬ ਅਤੇ ਕਿਸਾਨੀ ਝੰਡੇ ਦੀ ਅਗਵਾਈ ਕਬੂਲਦਾ ਸੀ।

25 ਜਨਵਰੀ 2021 ਦੀ ਸ਼ਾਮ ਨੂੰ ਵੀ ਮੈਂ ਉਸ ਨੂੰ ਮਿਲਿਆ ਤੇ ਰਾਤ ਉਸ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵੀ ਸੁਣਿਆ ਉਹ ਵਾਰ-ਵਾਰ ਇੱਕੋ ਗੱਲ ਕਰ ਰਿਹਾ ਸੀ ਕਿ ਕਿਸਾਨ ਯੂਨੀਅਨਾਂ ਦੇ ਆਗੂ ਸੰਗਤ ਨੂੰ ਇੱਕ ਫ਼ੈਸਲਾ ਦੇਣ, ਨੌਜਵਾਨ ਪਹਿਲੇ ਪ੍ਰੋਗਰਾਮ ਅਨੁਸਾਰ ਰਿੰਗ ਰੋਡ 'ਤੇ ਹੀ ਜਾਣਾ ਚਾਹੁੰਦੇ ਹਨ। ਉਸ ਨੇ ਵਾਰ-ਵਾਰ ਨੌਜਵਾਨਾਂ ਨੂੰ ਵੀ ਕਿਹਾ ਕਿ ਆਪਾਂ ਕੋਈ ਵੱਖਰੇ ਪ੍ਰੋਗਰਾਮ ਅਨੁਸਾਰ ਨਹੀਂ ਚੱਲਣਾ, ਆਪਾਂ ਸਾਰਿਆਂ ਨੇ ਕਿਸਾਨ ਯੂਨੀਅਨਾਂ ਦੇ ਸਾਂਝੇ ਪ੍ਰੋਗਰਾਮ 'ਤੇ ਪਹਿਰਾ ਦੇਣਾ ਹੈ ਤੇ ਸੰਯੁਕਤ ਕਿਸਾਨ ਮੋਰਚੇ ਵਾਲੇ ਵੀ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਣ, ਸਰਕਾਰ ਦੇ ਦਬਾਅ ਹੇਠ ਨਾ ਆਉਣ ਤੇ ਸੰਗਤ ਨੂੰ ਸਾਂਝਾ ਫ਼ੈਸਲਾ ਸੁਣਾਉਣ। ਉਸ ਦਿਨ ਸੰਯੁਕਤ ਕਿਸਾਨ ਮੋਰਚੇ ਵਾਲੇ ਸਟੇਜ ਨੂੰ ਲਵਾਰਿਸ ਛੱਡ ਗਏ ਤੇ ਨੌਜਵਾਨਾਂ ਨੇ ਸਟੇਜ 'ਤੇ ਕਬਜਾ ਕਰ ਲਿਆ। ਸਟੇਜ 'ਤੇ ਕਬਜਾ ਦੀਪ ਸਿੱਧੂ ਨੇ ਨਹੀਂ ਕੀਤਾ, ਉਹ ਤਾਂ ਬਹੁਤ ਬਾਅਦ ਵਿੱਚ ਆਇਆ ਜਦ ਉਸ ਨੂੰ ਮਾਹੌਲ ਸ਼ਾਂਤ ਕਰਨ ਲਈ ਬੁਲਾਇਆ ਗਿਆ।

ਕਿਸਾਨ ਯੂਨੀਅਨਾਂ ਦੇ ਆਗੂਆਂ ਦੀ ਨਕਾਮੀ ਕਾਰਨ 26 ਜਨਵਰੀ ਨੂੰ ਨੌਜਵਾਨ ਅਤੇ ਸੰਗਤ ਆਪ ਮੁਹਾਰੇ ਰਿੰਗ ਰੋਡ ਵੱਲ ਨੂੰ ਚਲ ਪਈ ਤੇ ਫਿਰ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਨੌਜਵਾਨ ਲਾਲ ਕਿਲ੍ਹੇ ਵੱਲ ਜਾ ਚੜ੍ਹੇ ਤੇ ਉਥੇ ਸੰਕੇਤਕ ਤੌਰ 'ਤੇ ਖ਼ਾਲਸਾਈ ਝੰਡਾ ਅਤੇ ਕਿਸਾਨੀ ਝੰਡਾ ਝੁਲਾਇਆ ਗਿਆ। ਖ਼ਾਲਸਾਈ ਝੰਡਾ ਝੁੱਲਣ ਤੋਂ ਬਾਅਦ ਕਿਸਾਨ ਯੂਨੀਅਨਾਂ ਨੇ ਦੀਪ ਸਿੱਧੂ, ਲੱਖਾ ਸਿਧਾਣਾ ਤੇ ਹੋਰਾਂ ਨੂੰ ਗ਼ੱਦਾਰ ਐਲਾਨਿਆ ਤੇ ਇਸ ਫ਼ੈਸਲੇ ਨੇ ਸੰਘਰਸ਼ ਨੂੰ ਬਹੁਤ ਵੱਡੀ ਢਾਹ ਲਾਈ ਹੈ ਤੇ ਨੌਜਵਾਨਾਂ ਵਿਚ ਨਿਰਾਸ਼ਤਾ ਪੈਦਾ ਕੀਤੀ ਹੈ।

ਅਸਲ 'ਚ ਹੁਣ ਕਿਸਾਨ ਯੂਨੀਅਨਾਂ ਅਤੇ ਕਾਮਰੇਡਾਂ ਦੀਆਂ ਲੱਤਾਂ ਭਾਰ ਨਹੀਂ ਝੱਲ ਰਹੀਆਂ ਤੇ ਸਾਰਾ ਭਾਂਡਾ ਦੀਪ ਸਿੱਧੂ ਸਿਰ ਭੰਨਿਆ ਜਾ ਰਿਹਾ ਹੈ ਜਦ ਕਿ ਝੰਡਾ ਝੁਲਾਉਣਾ ਦੀਪ ਸਿੱਧੂ ਦੀ ਕੋਈ ਸਾਜਿਸ਼ ਨਹੀਂ ਸੀ, ਇਹ ਤਾਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰੋਗਰਮ ਅਨੁਸਾਰ ਅਤੇ ਜੋਸ਼ 'ਚ ਆ ਕੇ ਨੌਜਵਾਨਾਂ ਨੇ ਕੀਤਾ ਤੇ ਦੀਪ ਸਿੱਧੂ ਉਥੇ ਮੌਕੇ 'ਤੇ ਮੌਜੂਦ ਹੋਣ ਕਰਕੇ ਉਸ ਨੇ ਵੀ ਸਮਰਥਨ ਕੀਤਾ। ਕਿਸਾਨ ਯੂਨੀਅਨਾਂ ਵੱਲੋਂ ਪੈਰ ਪਿੱਛੇ ਹਟਾਉਣ ਕਾਰਨ ਮੋਦੀ ਸਰਕਾਰ ਅਤੇ ਮੀਡੀਆ ਦਾ ਪੱਲੜਾ ਭਾਰੀ ਪੈ ਗਿਆ, ਪੁਲਿਸ ਨੇ ਵੀ ਕਈ ਨੌਜਵਾਨਾਂ ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰ ਲਿਆ, ਭਾਜਪਾ ਦੇ ਗੁੰਡਿਆਂ ਨੇ ਮੌਕਾ ਭਾਲ ਕੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਸਟੇਜ 'ਤੇ ਹਮਲਾ ਕੀਤਾ, ਕਈ ਲੋਕ ਵੀ ਨਿਰਾਸ਼ ਹੋ ਕੇ ਘਰਾਂ ਨੂੰ ਵਾਪਸ ਮੁੜ ਗਏ, ਪਾਟੋਧਾੜ-ਕਲੇਸ਼ ਵਧਿਆ। ਜੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਵਾਲੇ ਆਗੂ ਸਟੈਂਡ ਲੈ ਜਾਂਦੇ ਤਾਂ ਅੱਜ ਸਥਿਤੀ ਹੀ ਕੁਝ ਹੋਰ ਹੋਣੀ ਸੀ, ਮੋਦੀ ਸਰਕਾਰ 'ਤੇ ਦਬਾਅ ਵਧਣਾ ਸੀ ਕਿ ਜੇ ਛੇਤੀ ਹੀ ਕਾਲ਼ੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਕਿਸਾਨ ਰੋਹ ਵਿੱਚ ਆ ਕੇ ਕੁਝ ਵੀ ਕਰ ਸਕਦੇ ਹਨ।

ਪਰ ਦੀਪ ਸਿੱਧੂ 'ਤੇ ਕਾਤਲਾਨਾ ਹਮਲੇ ਕਰਵਾ ਕੇ ਬਲਬੀਰ ਰਾਜੇਵਾਲ ਅਤੇ ਰਾਜਿੰਦਰ ਕਾਮਰੇਡ ਆਦਿਕ ਸਰਕਾਰ ਦੇ ਹੱਕ 'ਚ ਭੁਗਤ ਗਏ। ਕਿਸਾਨ ਯੂਨੀਅਨਾਂ ਕਹਿੰਦੀਆਂ ਹਨ ਕਿ ਦੀਪ ਸਿੱਧੂ ਭਾਜਪਾ ਦਾ ਏਜੰਟ ਹੈ ਤੇ ਭਾਜਪਾ ਕਹਿੰਦੀ ਹੈ ਕਿ ਦੀਪ ਸਿੱਧੂ ਅੱਤਵਾਦੀ-ਵੱਖਵਾਦੀ ਹੈ, ਵੇਖੋ ਕਿੰਨੀ ਹੈਰਾਨੀ ਵਾਲ਼ੀ ਗੱਲ ਹੈ। ਹੁਣ ਦੀਪ ਸਿੱਧੂ ਰੂਪੋਸ਼ ਹੈ, ਉਸ ਦੀ ਗ੍ਰਿਫਤਾਰੀ ਲਈ ਥਾਂ-ਥਾਂ 'ਤੇ ਛਾਪੇਮਾਰੀ ਹੋ ਰਹੀ ਹੈ, ਉਸ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਵੀ ਰੱਖ ਦਿੱਤਾ ਗਿਆ ਹੈ। ਕਾਮਰੇਡ ਲਾਣਾ ਬਹੁਤ ਖ਼ੁਸ਼ ਹੈ, ਸੰਯੁਕਤ ਕਿਸਾਨ ਮੋਰਚੇ ਵਾਲੇ ਦੀਪ ਸਿੱਧੂ ਤੇ ਲੱਖਾ ਸਿਧਾਣਾ ਦਾ ਸਾਥ ਦੇਣ ਦੀ ਬਜਾਏ ਉਨ੍ਹਾਂ ਖ਼ਿਲਾਫ਼ ਮੁਰਦਾਬਾਦ ਦੇ ਨਾਅਰੇ ਲਵਾ ਰਹੇ ਹਨ, ਗ਼ੱਦਾਰ ਕਹਿ ਕੇ ਭੰਡ ਰਹੇ ਹਨ, ਉਨ੍ਹਾਂ ਖ਼ਿਲਾਫ਼ ਇੱਕ ਖ਼ਾਸ ਏਜੰਡੇ ਤਹਿਤ ਨਫ਼ਰਤ ਫੈਲਾਅ ਰਹੇ ਹਨ। ਪਰ ਕੋਈ ਨਾ ਭਵਿੱਖ 'ਚ ਫ਼ੈਸਲਾ ਇਤਿਹਾਸ ਕਰੇਗਾ ਕਿ ਸਰਦਾਰ ਕੌਣ ਹੈ ਤੇ ਗ਼ਦਾਰ ਕੌਣ ਹੈ। ਭਾਜਪਾ ਦਾ ਯਾਰ ਕੌਣ ਹੈ ਤੇ ਪੰਜਾਬ ਦਾ ਹਮਦਰਦ ਕੌਣ ਹੈ। ਸਾਨੂੰ ਨੌਜਵਾਨਾਂ ਨੂੰ ਮਾਣ ਹੈ ਕਿ ਅਸੀਂ ਸੱਚ ਨਾਲ ਖੜ੍ਹੇ ਹਾਂ। ਅਸੀਂ ਦੀਪ ਸਿੱਧੂ, ਲੱਖਾ ਸਿਧਾਣਾ, ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਨਾਲ ਖੜ੍ਹੇ ਹਾਂ। ਕਿਸਾਨ ਯੂਨੀਅਨਾਂ ਵਾਲਿਓ ਅਤੇ ਕਾਮਰੇਡੋ ਯਾਦ ਰੱਖਿਓ, ਇਤਿਹਾਸ ਕਿਸੇ ਨੂੰ ਮਾਫ਼ ਨਹੀਂ ਕਰਦਾ, ਸੱਚ-ਝੂਠ ਦਾ ਨਿਤਾਰਾ ਬਹੁਤ ਜਲਦ ਹੋਵੇਗਾ।

## ਗੁਰੂ ਸਾਹਿਬਾਨ, ਸਿੱਖ...

ਦੋਵਾਂ ਦੇਸ਼ਾਂ ਨੇ ਅੱਗੇ ਵੀ ਕਈ ਜੰਗਾਂ ਲੜੀਆਂ ਹਨ ਪਰ ਉਨ੍ਹਾਂ ਦਾ ਇਨ੍ਹਾਂ ਨੂੰ ਕੀ ਫ਼ਾਇਦਾ ਹੋਇਆ ਹੈ, ਸਗੋਂ ਆਪਸੀ ਨਫ਼ਰਤ ਹੀ ਵਧੀ ਹੈ। ਜਿੰਨਾ ਚਿਰ ਅਸੀਂ ਇਕ ਦੂਜੇ ਨੂੰ ਬਰਾਬਰ ਨਹੀਂ ਸਮਝਦੇ, ਓਨਾ ਚਿਰ ਇਹ ਨਫ਼ਰਤ ਖ਼ਤਮ ਨਹੀਂ ਹੋ ਸਕਦੀ।

ਦੂਸਰੀ ਗੱਲ ਇਹ ਵੀ ਹੈ ਕਿ ਇਸ ਖਿੱਤੇ ਦਾ ਮੁਸਲਮਾਨ ਪਲੀਤ ਹੈ ਅਤੇ ਤੁਸੀਂ ਉਸ ਨੂੰ ਨਫ਼ਰਤ ਕਰਦੇ ਹੋ ਪਰ ਬਾਹਰ ਦੇ ਮੁਲਕ, ਯਾਨੀ ਮੱਧ ਪੂਰਬ ਵਿਚ ਜਾ ਕੇ ਤੁਸੀਂ ਉਨ੍ਹਾਂ ਦੀਆਂ ਨੌਕਰੀਆਂ ਕਰਦੇ ਹੋ। ਉਨ੍ਹਾਂ ਕੋਲੋਂ ਪੈਸੇ ਕਮਾਉਂਦੇ ਹੋ। ਕੀ ਉਹ ਪਲੀਤ ਨਹੀਂ? ਯੂਰਪ ਦੇ ਦੇਸ਼ਾਂ ਵਿਚ ਜਾਂਦੇ ਹੋ, ਉੱਥੇ ਕਈ ਮੁਸਲਮਾਨ ਅਦਾਰਿਆਂ ਵਿਚ ਨੌਕਰੀਆਂ ਕਰਦੇ ਹੋ। ਸ਼ੁਰੂ-ਸ਼ੁਰੂ ਵਿਚ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਸਮੁੰਦਰੋਂ ਪਾਰ ਜਾਣਾ ਹੀ ਨਹੀਂ ਚਾਹੀਦਾ। ਹੁਣ ਅਰਬ ਦੇਸ਼ਾਂ ਜਾਂ ਯੂਰਪ ਵਿਚ ਬੈਠਾ ਉਹ ਮੁਸਲਮਾਨ ਤੁਹਾਡੇ ਲਈ ਦੇਵਤਾ ਹੈ ਅਤੇ ਜਿਹੜਾ ਤੁਹਾਡੇ ਆਪਣੇ ਸੂਬੇ ਵਿਚ ਜਾਂ ਗਵਾਂਢ ਬੈਠਾ ਏ, ਉਹ ਪਲੀਤ ਅਤੇ ਭ੍ਰਿਸ਼ਟ ਏ। ਬਾਹਰ ਬੈਠਾ ਮੁਸਲਮਾਨ ਕੋਈ ਸੋਨੇ ਦਾ ਨਹੀਂ ਬਣਿਆ ਹੋਇਆ ਕਿ ਉਹ ਚੰਗਾ ਏ, ਕਿਉਂਕਿ ਉਸ ਕੋਲੋਂ ਪੈਸੇ ਮਿਲਦੇ ਹਨ ਤੇ ਇੱਥੇ ਜਿਹੜਾ ਤੁਹਾਡੇ ਨਾਲ ਜਾਂ ਗਵਾਂਢ ਵਿਚ ਰਹਿੰਦਾ ਏ, ਉਹ ਮਾੜਾ ਹੈ ਅਤੇ ਉਸ ਨਾਲ ਸ਼ਰੀਕਾ ਲਾਇਆ ਹੋਇਆ ਏ। ਤੁਸੀਂ ਆਖਦੇ ਹੋ ਕਿ ਇਹ ਸਾਡੇ ਕੋਲ ਨਹੀਂ ਰਹਿਣਾ ਚਾਹੀਦਾ ਅਤੇ ਉਸ ਨੂੰ ਨਫ਼ਰਤ ਕਰਦੇ ਹੋ ਪਰ ਉੱਥੇ ਕੋਈ ਨਹੀਂ ਕਰਦਾ। ਜੇ ਇੱਥੋਂ ਵਾਲਾ ਭ੍ਰਿਸ਼ਟ ਹੈ ਤਾਂ ਫਿਰ ਉੱਥੋਂ ਵਾਲਾ ਵੀ ਭ੍ਰਿਸ਼ਟ ਹੋਣਾ ਚਾਹੀਦਾ ਹੈ। ਇਸ ਲਈ ਸਾਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ ਅਤੇ ਇਹ ਸਮੇਂ ਦੀ ਜ਼ਰੂਰਤ ਵੀ ਹੈ। ਤਾਂ ਹੀ ਅਸੀਂ ਆਪਣੇ ਦਿਲਾਂ 'ਚੋਂ ਨਫ਼ਰਤਾਂ ਦੇ ਬੀਜ ਖ਼ਤਮ ਕਰ ਸਕਦੇ ਹਾਂ ਅਤੇ ਦੁਨੀਆ ਦੇ ਇਸ ਖਿੱਤੇ ਵਿਚ ਖ਼ੁਸ਼ਹਾਲੀ ਲਿਆ ਸਕਦੇ ਹਾਂ।

## ਮੋਦੀ ਸਰਕਾਰ ਹੁਣ ਤੱਕ...

ਉਹਨਾਂ ਦੇ ਕਰਜ਼ੇ ਮੁਆਫ਼ ਕਰਨਾ ਭਾਜਪਾ ਦੇ ਚੋਣ ਵਾਅਦਿਆਂ ਵਿੱਚ ਸ਼ਾਮਲ ਸੀ ਪਰ ਜਦੋਂ ਭਾਜਪਾ ਹਾਕਮ ਬਣ ਗਈ, ਸਾਰੇ ਵਾਅਦੇ ਭੁੱਲ-ਭੁਲਾ ਗਈ। ਕਿਸਾਨ ਕਰਜ਼ਾ ਮੁਆਫ਼ੀ ਦੀ ਗੱਲ ਸਰਕਾਰ ਦੇ ਅਜੰਡੇ ਵਿੱਚੋਂ ਮਨਫੀ ਹੋ ਗਈ। ਬੇਰੁਜ਼ਗਾਰੀ ਨੂੰ ਖ਼ਤਮ ਕਰਨ ਲਈ ਬਜਟ ਵਿੱਚ ਕੋਈ ਵੀ ਪ੍ਰਾਵਧਾਨ ਨਾ ਹੋਣਾ ਇਹ ਸਿੱਧ ਕਰਦਾ ਹੈ ਕਿ ਮੌਜੂਦਾ ਸਰਕਾਰ ਨੌਜਵਾਨਾਂ ਪੱਲੇ ਡਿਗਰੀਆਂ ਤਾਂ ਪਾਉਣਾ ਚਾਹੁੰਦੀ ਹੈ, ਉਨ੍ਹਾਂ ਦੇ ਪੈਸੇ, ਨਿੱਜੀ ਯੂਨੀਵਰਸਿਟੀਆਂ ਪਬਲਿਕ ਸਕੂਲ, ਪ੍ਰਾਈਵੇਟ-ਪਾਰਟਨਰਸ਼ਿਪ ਰਾਹੀਂ ਨਵੇਂ ਸੈਨਿਕ ਜਾਂ ਪਬਲਿਕ ਸਕੂਲ ਖੋਲ੍ਹਕੇ ਉਹਨਾਂ ਰਾਹੀਂ, ਬਟੋਰਨਾ ਚਾਹੁੰਦੀ ਹੈ, ਸੰਸਾਰ ਗੁਰੂ ਬਨਣ ਦਾ ਡੰਕਾ ਵੀ ਪੂਰੀ ਸ਼ਿਸ਼ਟੀ 'ਤੇ ਵਜਾਉਣਾ ਚਾਹੁੰਦੀ ਹੈ।

ਪਬਲਿਕ ਪ੍ਰਾਈਵੇਟ ਭਾਈਵਾਲੀ ਮੋਡ ਵਿੱਚ ਰਾਸ਼ਟਰੀ ਸ਼ਾਹਰਾਹ, ਜਹਾਜ਼ਰਾਨੀ, ਸੜਕੀ ਆਵਾਜਾਈ ਅਤੇ ਮੈਟਰੋ ਪ੍ਰਾਜੈਕਟ ਬਜਟ ਦਾ ਹਿੱਸਾ ਬਣਾਏ ਗਏ ਹਨ। ਬੰਦਰਗਾਹਾਂ ਦੇ ਸੱਤ ਪ੍ਰਾਜੈਕਟ ਪਬਲਿਕ ਪ੍ਰਾਈਵੇਟ ਭਾਈਵਾਲੀ ਨਾਲ ਚਲਾਏ ਜਾਣ ਲਈ 2 ਹਜ਼ਾਰ ਕਰੋੜ ਦਾ ਨਿਵੇਸ਼ ਕਰਨਾ ਆਖਿਰ ਕੀ ਦਰਸਾਉਂਦਾ ਹੈ? ਦੇਸ਼ ਦੀ ਦਿਸ਼ਾ ਕਿਸ ਪਾਸੇ ਵੱਲ ਲੈ ਜਾਣ ਦਾ ਯਤਨ ਹੈ? ਅਮਰੀਕਾ ਪ੍ਰਸ਼ਾਸਨ ਵਲੋਂ ਆਪਣੀ ਸਖ਼ੀ ਭਾਰਤੀ ਸਰਕਾਰ ਦੇ ਖੇਤੀ ਸੁਧਾਰਾਂ ਦੇ ਸੋਹਲੇ ਗਾਉਣਾ ਅਤੇ ਨਿੱਜੀ ਖੇਤਰ ਦੇ ਵੱਡੇ ਨਿਵੇਸ਼ ਨੂੰ ਸਲਾਹੁਣਾ ਬਿਨਾਂ ਸ਼ੱਕ ਇਹ ਸਿੱਧ ਕਰਦਾ ਹੈ ਕਿ ਭਾਰਤੀ ਹਾਕਮ ਆਪਣੇ ਆਕਾ 'ਅਮਰੀਕੀ ਪ੍ਰਸ਼ਾਸਨ' ਦੇ ਇਸ਼ਾਰਿਆਂ ਉੱਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਉਤਸ਼ਾਹਿਤ ਕਰ ਰਹੇ ਹਨ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਦੇ ਇਹ ਬਿਆਨ ਧਿਆਨ ਕਰਨ ਯੋਗ ਹਨ 'ਸੰਯੁਕਤ ਰਾਜ ਅਮਰੀਕਾ ਭਾਰਤ ਦੇ ਉਹਨਾਂ ਕਦਮਾਂ ਦਾ ਸਵਾਗਤ ਕਰਦਾ ਹੈ ਜੋ ਖੇਤੀਬਾੜੀ ਦੇ ਸੁਧਾਰਾਂ ਲਈ ਉਠਾਏ ਜਾ ਰਹੇ ਹਨ। ਇਸ ਨਾਲ ਨਿੱਜੀ ਖੇਤਰ ਦੇ ਵੱਡੇ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਉਤਸ਼ਾਹ ਵਧੇਗਾ ਅਤੇ ਨਵੇਂ ਖੇਤੀ ਕਾਨੂੰਨ ਖੇਤੀ ਬਜ਼ਾਰ ਵਿੱਚ ਖੁਸ਼ਹਾਲੀ ਲਿਆਉਣਗੇ।'

ਇਸ ਬਜਟ ਵਿੱਚ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਅਤੇ ਨਿੱਜੀ ਖੇਤਰ ਨੂੰ ਉਤਸ਼ਾਹਤ ਕਰਨ ਲਈ ਕਾਰਪੋਰੇਟ ਟੈਕਸ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ, ਜਦ ਕਿ ਦੁਨੀਆਂ ਦੇ ਬਹੁਤੇ ਦੇਸ਼ਾਂ ਨਾਲੋਂ ਭਾਰਤ ਵਿੱਚ ਕਾਰਪੋਰੇਟ ਟੈਕਸ ਕਾਫੀ ਘੱਟ ਹੈ। ਭਾਵ ਕਾਰਪੋਰੇਟ ਪੱਖੀ ਇਹ ਬਜਟ ਨਿੱਜੀਕਰਨ ਨੂੰ ਉਤਸ਼ਾਹਤ ਕਰਨ ਵਾਲਾ ਹੈ, ਜਿਸ ਵਿੱਚ ਆਮ ਆਦਮੀ ਪੂਰੀ ਤਰ੍ਹਾਂ ਨਪੀੜਿਆ ਜਾਏਗਾ। ਬਜਟ ਵਿੱਚ ਪਿੰਡਾਂ ਦੇ ਗਰੀਬ ਲੋਕਾਂ ਲਈ ਆਰੰਭੀ ਮਗਨਰੇਗਾ ਯੋਜਨਾ, ਜੋ ਭਾਵੇਂ ਕੁਝ ਸਮੇਂ ਲਈ ਹੀ ਰੁਜ਼ਗਾਰ ਪੈਦਾ ਕਰਦੀ ਸੀ, ਉਸ ਨੂੰ ਤਾਂ ਅਣਗੌਲਿਆ ਕੀਤਾ ਹੀ ਗਿਆ ਹੈ, ਨਾਲ ਦੀ ਨਾਲ ਸੂਖਮ, ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਜਿਹੜਾ ਵੱਡਾ ਰੁਜ਼ਗਾਰ ਪੈਦਾ ਕਰਦੇ ਹਨ ਉਹਨਾਂ ਦੀ ਵੀ ਕੋਈ ਸਾਰ ਨਹੀਂ ਲਈ ਗਈ। ਅਸਲ ਵਿੱਚ ਤਾਂ ਸਰਕਾਰ ਦੇਸ਼ ਨੂੰ ਪੂੰਜੀਪਤੀਆਂ ਹੱਥ ਵੇਚਣ ਅਤੇ ਹਰ ਸਾਲ ਕਦਮ-ਦਰ-ਕਦਮ ਜਨਤਕ ਖੇਤਰ ਦੀਆਂ ਕੰਪਨੀਆਂ ਤੇ ਅਦਾਰਿਆਂ ਨੂੰ ਖ਼ਤਮ ਕਰਨ ਦੇ ਰਾਹ ਤੁਰੀ ਹੋਈ ਹੈ। ਰੇਲਵੇ, ਬੰਦਰਗਾਹਾਂ, ਏਅਰ ਇੰਡੀਆ, ਬੈਂਕਾਂ, ਬੀਮਾ ਖੇਤਰ ਨਿੱਜੀਕਰਨ ਇਸਦੀਆਂ ਵੱਡੀਆਂ ਉਦਾਹਰਣਾਂ ਹਨ, ਜਿਸਦੇ ਸੰਕੇਤ ਮੌਜੂਦਾ ਬਜਟ ਵਿੱਚ ਦਿੱਤੇ ਗਏ ਹਨ।

## ਰਾਗੀ, ਕੀਰਤਨੀ ਜਥੇ...

ਜਿਸ ਦਿਨ ਦਾ ਕੀਰਤਨ ਦਰਬਾਰ ਬਣਿਆ ਹੈ, ਉਸ ਦਿਨ ਦਾ ਕੀਰਤਨ ਬਾਜ਼ਾਰ ਬਣਦਾ ਜਾ ਰਿਹਾ ਹੈ। ਮੋਲ ਤੋਲ ਵਿਆਪਕ ਰੂਪ ਵਿਚ ਹੁੰਦਾ ਹੈ, ਜੋ ਮੁੱਲ ਦੇਣ ਦੀ ਸਮਰੱਥਾ ਨਹੀਂ ਰੱਖਦਾ ਜਾਂ ਦੇਣਾ ਨਹੀਂ ਚਾਹੁੰਦਾ, ਉਹ ਕੀਰਤਨ ਨਹੀਂ ਸੁਣ ਸਕਦਾ।

ਕੀਰਤਨੀਏ ਵੀ ਕੀਰਤਨ ਨੂੰ ਪ੍ਰਭੂ ਨਾਲ ਜੁੜਨ ਦਾ ਵਸੀਲਾ ਨਾ ਸਮਝ ਕੇ, ਵਸਤੂ ਦੀ ਤਰਾਂ ਬਾਜ਼ਾਰ ਲੱਭਦੇ ਹਨ, ਇਸ ਤਰਾਂ ਅਜੋਕੇ ਦੌਰ ਵਿਚ ਕੀਰਤਨ ਗੁਰਮਤਿ ਦੇ ਪ੍ਰਚਾਰ ਨੂੰ ਵਧਾ ਰਿਹਾ ਹੋਵੇ, ਐਸਾ ਦਿਖਾਈ ਨਹੀਂ ਦੇ ਰਿਹਾ। ਪਹਿਲੇ ਨਾਲੋਂ ਕੀਰਤਨ ਤੇ ਕੀਰਤਨੀਏ ਜ਼ਿਆਦਾ ਹਨ, ਲੇਕਿਨ ਗੁਰਮਤਿ ਦੀ ਸੂਝ-ਸਮਝ ਵਿਚ ਵਾਧਾ ਹੋਵੇ, ਇਹ ਸਿਰਫ ਨਾਮ-ਮਾਤਰ ਹੈ। ਇਕ ਪ੍ਰਤਿਸ਼ਤ ਗੁਰਮਤਿ ਪ੍ਰਚਾਰ ਨੂੰ ਪ੍ਰਮੁੱਖ ਰੱਖਦੇ ਹਨ ਤੇ ਆਪਣੀ ਉਪਜੀਵਕਾ ਨੂੰ ਨੰਬਰ ਦੋ 'ਤੇ, ਜਿਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਬੀਜ ਨਾਸ ਨਹੀਂ ਹੋਇਆ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਅਬਦੁੱਲਾ ਢਾਡੀ ਰਾਹੀਂ ਢਾਡੀ ਅੰਗ ਨੂੰ ਵੀ ਜੋੜਿਆ ਤਾਂ ਕਿ ਕੌਮ ਨੂੰ ਆਪਣੀ ਇਤਿਹਾਸਕ ਵਿਰਾਸਤ ਦਾ ਪਤਾ ਹੋਵੇ।

ਢਾਡੀ ਸ਼੍ਰੇਣੀ ਵਿਚ ਵੀ ਕੁਝ ਪ੍ਰਤਿਭਾਸ਼ਾਲੀ ਹੋਏ ਹਨ ਤੇ ਹੁਣ ਵੀ ਹਨ, ਜਿਨਾਂ ਰਾਹੀਂ ਇਤਿਹਾਸ ਦੇ ਮਹੱਲ ਖੜ੍ਹੇ ਹਨ। ਲੇਕਿਨ ਇਸ ਸ਼੍ਰੇਣੀ ਵਿਚ ਬਹੁਤਾ ਤਬਕਾ ਇਤਿਹਾਸ ਤੋਂ ਨਾਵਾਕਫ ਤੇ ਲਕੀਰ ਦਾ ਫਕੀਰ ਹੈ, ਅਧਿਆਤਮਕ ਤੇ ਗੁਰਮਤਿ ਇਤਿਹਾਸ ਦੀ ਗਹਿਰੀ ਛਾਪ ਨਹੀਂ ਦੇ ਸਕਦੇ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com